














PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611

20 ਨਵੰਬਰ ਤੋਂ 26 ਨਵੰਬਰ, 2025

Email :- editor@punjabstar.com, Vo. 20. Issue:1212


## ਕੈਨੇਡਾ: ਮਾਰਕ ਕਾਰਨੀ ਦੀ ਸਰਕਾਰ ਟੁੱਟਣੋਂ ਬਚੀ

## ਬਜਟ ਬਹੁਮਤ ਨਾਲ ਪਾਸ



(ਪੰਜਾਬ ਸਟਾਰ ਬਿਊਰੋ): ਕੈਨੇਡਾ ਦੀ ਲਿਬਰਲ ਪਾਰਟੀ ਦੀ ਸਾਢੇ ਛੇ ਮਹੀਨੇ ਪੁਰਾਣੀ ਘੱਟ ਗਿਣਤੀ ਮਾਰਕ ਕਾਰਨੀ ਸਰਕਾਰ ਅੱਜ ਬਜਟ ਵੋਟਿੰਗ ਮੌਕੇ ਡਿਗਣ ਤੋਂ ਬਚ ਗਈ। 343 ਮੈਂਬਰੀ ਹਾਊਸ ਆਫ ਕਾਮਨ (ਸੰਸਦ) ਵਿੱਚ ਬਜਟ ਪਾਸ ਕਰਨ ਲਈ 172 ਮੈਂਬਰਾਂ ਦੀ ਲੋੜ ਸੀ, ਪਰ ਲਿਬਰਲ ਪਾਰਟੀ ਦੇ 169 ਮੈਂਬਰ ਹੋਣ ਕਰਕੇ ਤਿੰਨ ਵਿਅਕਤੀਆਂ ਦੀ ਹਮਾਇਤ ਘੱਟ ਰਹੀ ਸੀ। ਪ੍ਰਧਾਨ ਮੰਤਰੀ ਵਲੋਂ ਗਰੀਨ ਪਾਰਟੀ ਦੀ ਇਕਲੌਤੀ ਮੈਂਬਰ ਅਲਿਜਾਬੈਥ ਮੇਅ ਦੀ ਵਾਤਾਵਰਣ ਸਬੰਧੀ ਮੰਗ ਪੂਰੀ ਕਰਨ ਦਾ ਭਰੋਸਾ ਦਿੱਤਾ ਗਿਆ, ਜਿਸ ਉਪਰੰਤ ਉਹ ਸਰਕਾਰ ਦੇ ਹੱਕ ਵਿੱਚ ਖੜ ਗਈ। ਮੁੱਖ ਵਿਰੋਧੀ ਕੰਜ਼ਰਵੇਟਿਵ ਪਾਰਟੀ ਅਤੇ ਐੱਨਡੀਪੀ ਦੇ ਦੋ-ਦੋ ਮੈਂਬਰ ਹਾਊਸ ਚੋਂ ਗੈਰ ਹਾਜ਼ਰ ਰਹੇ। ਚਾਲੂ ਸਾਲ (2025) ਦਾ ਬਜਟ ਜੋ ਆਮ ਤੌਰ 'ਤੇ ਬਸੰਤ ਰੁੱਤ ਸੈਸ਼ਨ (ਫਰਵਰੀ) ਮੌਕੇ ਪਾਸ ਕੀਤਾ ਜਾਂਦਾ ਹੈ, ਨੂੰ ਲਟਕਾਇਆ ਜਾ ਰਿਹਾ ਸੀ। ਇੰਝ ਕੈਨੇਡਾ ਦਾ ਇੱਕ ਸਾਲ ਵਿੱਚ ਦੂਜੀ ਵਾਰ ਫੈਡਰਲ ਚੋਣ ਹੋਣ ਤੋਂ ਬਚਾਅ ਹੋ ਗਿਆ। ਹਾਲਾਂਕਿ ਇਹ ਮੁੱਦਾ ਕਈ ਦਿਨਾਂ ਤੋਂ ਚਰਚਾ ਵਿੱਚ ਸੀ। ਕੁਝ ਦਿਨ ਪਹਿਲਾਂ ਵਿਰੋਧੀ ਪਾਰਟੀ ਦੇ ਇੱਕ ਮੈਂਬਰ ਵਲੋਂ ਟੋਰੀ 'ਜ਼ ਦਾ ਸਾਥ ਛੱਡ ਕੇ ਲਿਬਰਲਾਂ ਦਾ ਪੱਲਾ ਫੜਨ ਕਰਕੇ ਸਰਕਾਰ *ਬਾਕੀ ਸਫ਼ਾ 2 'ਤੇ

## ਸਾਊਦੀ ਅਰਬ 'ਚ 42 ਭਾਰਤੀਆਂ ਦੀ ਮੌਤ

### ਡੀਜ਼ਲ ਟੈਂਕਰ ਨਾਲ ਟਕਰਾਈ ਬੱਸ, ਮ੍ਰਿਤਕਾਂ 'ਚ 20 ਔਰਤਾਂ ਤੇ 11 ਬੱਚੇ ਸ਼ਾਮਲ



(ਪੰਜਾਬ ਸਟਾਰ ਬਿਊਰੋ): ਸਾਊਦੀ ਅਰਬ ਵਿੱਚ ਇੱਕ ਭਿਆਨਕ ਸੜਕ ਹਾਦਸੇ ਵਿੱਚ 42 ਭਾਰਤੀਆਂ ਦੀ ਮੌਤ ਹੋ ਗਈ ਜਦੋਂ ਮੱਕਾ ਤੋਂ ਮਦੀਨਾ ਜਾ ਰਹੀ ਬੱਸ ਇੱਕ ਡੀਜ਼ਲ ਟੈਂਕਰ ਨਾਲ ਟਕਰਾ ਗਈ ਅਤੇ ਅੱਗ ਲੱਗ ਗਈ। ਮ੍ਰਿਤਕਾਂ ਵਿੱਚ 20 ਔਰਤਾਂ ਅਤੇ 11 ਬੱਚੇ ਸ਼ਾਮਲ ਹਨ। ਰਿਪੋਰਟਾਂ ਅਨੁਸਾਰ, ਹਾਦਸੇ ਵਿੱਚ ਸਿਰਫ਼ ਬੱਸ ਡਰਾਈਵਰ ਹੀ ਬਚਿਆ। ਮ੍ਰਿਤਕਾਂ ਵਿੱਚੋਂ ਜ਼ਿਆਦਾਤਰ ਹੈਦਰਾਬਾਦ ਦੇ ਦੱਸੇ ਜਾ ਰਹੇ ਹਨ। ਇਹ ਹਾਦਸਾ ਮਦੀਨਾ ਤੋਂ ਲਗਭਗ 160 ਕਿਲੋਮੀਟਰ ਦੂਰ ਮੁਹਰਸ ਦੇ ਨੇੜੇ ਭਾਰਤੀ ਸਮੇਂ ਅਨੁਸਾਰ ਲਗਭਗ 1:30 ਵਜੇ ਵਾਪਰਿਆ। ਉਸ ਸਮੇਂ ਬਹੁਤ ਸਾਰੇ ਯਾਤਰੀ ਸੁੱਤੇ ਪਏ ਸਨ ਅਤੇ ਉਨ੍ਹਾਂ ਨੂੰ ਬਚਣ ਦਾ ਕੋਈ ਮੌਕਾ ਨਹੀਂ ਮਿਲਿਆ। ਤੇਲੰਗਾਨਾ ਸਰਕਾਰ ਨੇ ਕਿਹਾ ਹੈ ਕਿ ਉਹ ਰਿਆਧ ਵਿੱਚ ਭਾਰਤੀ ਦੂਤਾਵਾਸ ਦੇ ਸੰਪਰਕ ਵਿੱਚ ਹੈ।

ਸੂਬਾ ਸਰਕਾਰ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਮੁੱਖ ਮੰਤਰੀ ਰੇਵੰਤ ਰੈੱਡੀ ਨੇ ਦਿੱਲੀ ਵਿੱਚ ਮੌਜੂਦ ਅਧਿਕਾਰੀਆਂ ਨੂੰ ਦੂਤਾਵਾਸ ਨਾਲ ਨੇੜਿਓਂ ਤਾਲਮੇਲ ਕਰਨ *ਬਾਕੀ ਸਫ਼ਾ 2 'ਤੇ

## ਓਨਟਾਰੀਓ ਵਿਖੇ ਕਬਰਿਸਤਾਨਾਂ 'ਚੋਂ ਚੋਰੀ: 300 ਕਬਰਾਂ ਪੁੱਟ ਕੇ ਲਾਸ਼ਾਂ ਦੇ ਗਹਿਣੇ ਲਾਹੇ



(ਪੰਜਾਬ ਸਟਾਰ ਬਿਊਰੋ): ਓਨਟਾਰੀਓ ਪੁਲੀਸ ਨੇ ਇੱਕ ਜੋੜੇ ਨੂੰ ਗ੍ਰਿਫਤਾਰ ਕਰਦਿਆਂ ਹੈਰਾਨੀਜਨਕ ਖੁਲਾਸਾ ਕੀਤਾ ਹੈ। ਪੁਲੀਸ ਨੇ ਉਨ੍ਹਾਂ ਦੇ ਕਬਜ਼ੇ ਚੋਂ ਵੱਡੀ ਮਾਤਰਾ ਵਿੱਚ ਕੀਮਤੀ ਗਹਿਣੇ ਬਰਾਮਦ ਕੀਤੇ ਹਨ, ਜੋ ਉਨ੍ਹਾਂ ਨੇ ਟਰਾਂਟੋ, ਨਿਆਗਰਾ, ਹਮਿਲਟਲ ਤੇ ਮਾਲਟਨ ਖੇਤਰ ਦੇ ਵਿੱਚ ਕਬਰਾਂ ਖੋਦ ਕੇ ਖੋਦ ਲਾਸ਼ਾਂ ਤੋਂ ਲਾਹੇ ਸਨ।

ਹਾਲਟਨ ਦੇ ਪੁਲੀਸ ਬੁਲਾਰੇ ਨੇ ਦੱਸਿਆ ਕਿ ਮੁਲਜਮ ਜਿੰਨਾਂ ਦੀ ਪਛਾਣ ਜੌਹਨ ਰਚ (45) ਅਤੇ ਜੌਰਡਨ ਨੋਬਲ (31) ਵਜੋਂ ਕੀਤੀ ਗਈ ਹੈ, ਦੀ ਕੋਈ ਪੱਕੀ ਰਿਹਾਇਸ਼ ਨਹੀਂ (ਬੇਘਰੇ) ਹੈ। ਦੋਵੇਂ ਦਿਨ ਵੇਲੇ ਕਬਰਿਸਤਾਨ ਵਿੱਚ ਜਾਂਦੇ ਅਤੇ ਕਿਸੇ ਨਵੀਂ ਕਬਰ ਦੇ ਨੇੜੇ ਜਾਕੇ ਆਪਣੇ ਆਪ ਨੂੰ ਮ੍ਰਿਤਕ ਦੇ ਰਿਸ਼ਤੇਦਾਰ *ਬਾਕੀ ਸਫ਼ਾ 2 'ਤੇ

## ਕੈਨੇਡਾ ਤੋਂ ਅਮਰੀਕਾ ਦਾਖ਼ਲ ਹੁੰਦੇ 6 ਪੰਜਾਬੀ ਕਾਬੂ

* ਬਾਰਡਰ ਪੈਟਰੋਲ ਏਜੰਟਾਂ ਨੇ ਕੁਲ 40 ਜਣੇ ਗ੍ਰਿਫ਼ਤਾਰ ਕੀਤੇ
* ਵਾਸ਼ਿੰਗਟਨ ਦੇ ਬਲੇਨ ਅਤੇ ਨਿਊਯਾਰਕ ਵਿੱਚ ਵੱਡੀ ਕਾਰਵਾਈ




ਨਿਊ ਯਾਰਕ, (ਪੰਜਾਬ ਸਟਾਰ ਬਿਊਰੋ): ਅਮਰੀਕਾ ਵਿਚ ਗੈਰਕਾਨੂੰਨੀ ਤਰੀਕੇ ਨਾਲ ਦਾਖਲ ਹੋ ਰਹੇ 6 ਪੰਜਾਬੀਆਂ ਸਣੇ 40 ਜਣਿਆਂ ਨੂੰ ਬਾਰਡਰ ਪੈਟਰੋਲ ਏਜੰਟਾਂ ਵੱਲੋਂ ਕਾਬੂ ਕੀਤਾ ਗਿਆ ਹੈ ਜਿਨ੍ਹਾਂ ਵਿਚੋਂ ਤਿੰਨ ਦੀ ਸ਼ਨਾਖਤ ਬਲਜੀਤ ਸਿੰਘ, ਜਸਕਰਨ ਸਿੰਘ ਅਤੇ ਬਲਰਾਜ ਸਿੰਘ ਵਜੋਂ ਕੀਤੀ ਗਈ ਹੈ। ਮੀਡੀਆ ਰਿਪੋਰਟ ਮੁਤਾਬਕ ਸਾਰੀਆਂ ਗ੍ਰਿਫ਼ਤਾਰੀਆਂ ਕੈਨੇਡਾ ਨਾਲ ਲਗਦੇ ਬਾਰਡਰ 'ਤੇ ਹੋਈਆਂ ਅਤੇ 37 ਜਣੇ ਨਿਊਯਾਰਕ *ਬਾਕੀ ਸਫ਼ਾ 2 'ਤੇ

## ਗੁਰਦਾਸਪੁਰ : ਸਾਬਕਾ ਫੌਜੀ ਨੇ ਪਤਨੀ ਤੇ ਸੱਸ ਦਾ ਕੀਤਾ ਕਤਲ, ਮਗਰੋਂ ਖ਼ੁਦ ਨੂੰ ਵੀ ਮਾਰੀ ਗੋਲੀ



(ਪੰਜਾਬ ਸਟਾਰ ਬਿਊਰੋ): ਗੁਰਦਾਸਪੁਰ ਵਿਚ ਵੱਡੀ ਵਾਰਦਾਤ ਵਾਪਰੀ ਹੈ ਜਿਥੇ ਇਲਾਕੇ ਵਿਚ ਉਸ ਸਮੇਂ ਦਹਿਸ਼ਤ ਦਾ ਮਾਹੌਲ ਬਣ ਗਿਆ ਜਦੋਂ ਸਾਬਕਾ ਫੌਜੀ ਨੇ ਆਪਣੀ ਹੀ ਪਤਨੀ ਤੇ ਸੱਸ ਦਾ ਕਤਲ ਕਰ ਦਿੱਤਾ ਤੇ ਮਗਰੋਂ ਖੁਦ ਨੂੰ ਵੀ ਗੋਲੀ ਮਾਰ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। *ਬਾਕੀ ਸਫ਼ਾ 2 'ਤੇ

## ਹੁਨਰਮੰਦ ਪਰਵਾਸੀਆਂ ਦਾ ਅਮਰੀਕਾ 'ਚ ਸਵਾਗਤ...

### ਬਸ਼ਰਤੇ ਉਹ ਅਮਰੀਕੀ ਕਾਮਿਆਂ ਨੂੰ ਪੇਚੀਦਾ ਉਤਪਾਦ ਬਣਾਉਣੇ ਸਿਖਾਉਣ: ਟਰੰਪ




ਟਰੰਪ ਨੇ ਬੁੱਧਵਾਰ ਨੂੰ ਅਮਰੀਕਾ-ਸਾਊਦੀ ਨਿਵੇਸ਼ ਫੋਰਮ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅਮਰੀਕਾ ਵਿੱਚ 'ਬਹੁਤ ਹੀ ਪੇਚੀਦਾ' ਪਲਾਂਟਾਂ ਸਣੇ ਵੱਡੀ ਗਿਣਤੀ ਵਿੱਚ ਪਲਾਂਟ ਬਣਾਏ ਜਾ ਰਹੇ ਹਨ ਜੋ ਦੇਸ਼ ਦੇ ਆਰਥਿਕ ਵਿਕਾਸ ਵਿੱਚ ਅਹਿਮ ਯੋਗਦਾਨ

(ਪੰਜਾਬ ਸਟਾਰ ਬਿਊਰੋ): ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਹ ਹੁਨਰਮੰਦ ਪਰਵਾਸੀਆਂ ਦਾ ਅਮਰੀਕਾ ਵਿਚ 'ਸਵਾਗਤ' ਕਰਨਗੇ ਬਸ਼ਰਤੇ ਉਹ ਅਮਰੀਕੀ ਕਾਮਿਆਂ ਨੂੰ ਚਿੱਪਾਂ ਅਤੇ ਮਿਜ਼ਾਈਲਾਂ ਵਰਗੇ ਪੇਚੀਦਾ ਉਤਪਾਦ ਬਣਾਉਣ ਦੀ 'ਸਿਖਲਾਈ' ਦੇਣ। ਅਮਰੀਕੀ ਸਦਰ ਨੇ ਕਿਹਾ ਕਿ ਇਸ ਪੇਸ਼ਕਦਮੀ ਲਈ ਹਾਲਾਂਕਿ ਉਨ੍ਹਾਂ ਨੂੰ ਆਪਣੇ ਹੀ ਸਾਥੀਆਂ ਦੇ ਵਿਰੋਧ ਤੇ ਨਾਰਾਜ਼ਗੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜੋ ਇਮੀਗ੍ਰੇਸ਼ਨ ਪਾਬੰਦੀਆਂ ਦਾ ਸਮਰਥਨ ਕਰਦੇ ਹਨ।

ਪਾਉਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਪਲਾਂਟਾਂ ਵਿੱਚ ਤਿਆਰ ਕੀਤੇ ਜਾਣ ਵਾਲੇ ਉਤਪਾਦਾਂ, ਜਿਵੇਂ ਕਿ ਟੈਲੀਫੋਨ, ਕੰਪਿਊਟਰ ਅਤੇ ਮਿਜ਼ਾਈਲਾਂ, ਦੀ ਗੁੰਝਲਦਾਰ ਖਸਲਤ ਨੂੰ ਦੇਖਦੇ ਹੋਏ, ਕੰਪਨੀਆਂ ਨੂੰ ਵਿਦੇਸ਼ਾਂ ਤੋਂ ਹੁਨਰਮੰਦ ਕਾਮੇ ਲਿਆਉਣੇ ਪੈਣਗੇ ਜੋ ਆਪਣਾ ਗਿਆਨ ਸਾਂਝਾ ਕਰ ਸਕਣ ਅਤੇ ਅਮਰੀਕੀ ਕਾਮਿਆਂ ਨੂੰ ਸਿਖਾ ਸਕਣ।

ਅਮਰੀਕੀ ਸਦਰ ਨੇ ਸਾਊਦੀ ਅਰਬ ਦੇ ਸ਼ਹਿਜ਼ਾਦੇ ਮੁਹੰਮਦ ਬਿਨ ਸਲਮਾਨ ਦੀ *ਬਾਕੀ ਸਫ਼ਾ 2 'ਤੇ

## PM ਮੋਦੀ ਨੇ ਕਿਸਾਨ ਸਨਮਾਨ ਨਿਧੀ ਦੀ 21ਵੀਂ ਕਿਸ਼ਤ ਕੀਤੀ ਜਾਰੀ

### ਕਰੋੜਾਂ ਕਿਸਾਨਾਂ ਦੇ ਖਾਤਿਆਂ 'ਚ ਟ੍ਰਾਂਸਫਰ ਕੀਤੇ 18,000 ਕਰੋੜ ਰੁਪਏ



ਨਵੀ ਦਿੱਲੀ,(ਪੰਜਾਬ ਸਟਾਰ ਬਿਊਰੋ): ਪ੍ਰਧਾਨ ਮੰਤਰੀ ਮੋਦੀ ਨੇ ਬੁੱਧਵਾਰ ਨੂੰ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਦੀ 21ਵੀਂ ਕਿਸ਼ਤ ਜਾਰੀ ਕੀਤੀ। ਉਨ੍ਹਾਂ ਨੇ ਤਾਮਿਲਨਾਡੂ ਦੇ ਕੋਇੰਬਟੂਰ ਤੋਂ ਦੇਸ਼ ਭਰ ਦੇ 9 ਕਰੋੜ ਤੋਂ ਵੱਧ ਕਿਸਾਨਾਂ ਦੇ ਖਾਤਿਆਂ ਵਿੱਚ 1,800 ਕਰੋੜ ਰੁਪਏ ਤੋਂ ਵੱਧ ਦੀ ਰਕਮ ਟ੍ਰਾਂਸਫਰ ਕੀਤੀ। ਇਸ ਦੌਰਾਨ, ਉਨ੍ਹਾਂ ਕਿਹਾ ਕਿ ਇਸ ਯੋਜਨਾ ਰਾਹੀਂ ਦੇਸ਼ ਭਰ ਦੇ ਛੋਟੇ ਕਿਸਾਨਾਂ ਦੇ ਖਾਤਿਆਂ ਵਿੱਚ 4 ਲੱਖ ਕਰੋੜ ਰੁਪਏ ਟ੍ਰਾਂਸਫਰ ਕੀਤੇ ਗਏ ਹਨ। ਕਿਸਾਨਾਂ ਨੂੰ 10 ਲੱਖ ਕਰੋੜ ਰੁਪਏ ਦੀ ਸਹਾਇਤਾ ਵੀ ਪ੍ਰਦਾਨ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕੁਦਰਤੀ ਖੇਤੀ ਨੂੰ ਅਪਣਾਉਣ ਤੋਂ ਬਾਅਦ, ਸਾਡੇ ਖੇਤੀਬਾੜੀ ਨਿਰਯਾਤ ਦੁੱਗਣੇ ਹੋ ਗਏ ਹਨ।

ਕਿਸਾਨ ਸਨਮਾਨ ਨਿਧੀ ਯੋਜਨਾ ਦੇ ਤਹਿਤ, ਛੋਟੇ ਕਿਸਾਨਾਂ ਨੂੰ ਸਾਲਾਨਾ ₹2,000 ਦੀਆਂ ਤਿੰਨ *ਬਾਕੀ ਸਫ਼ਾ 2 'ਤੇ

## ਕੈਨੇਡਾ 'ਚ ਸ਼ਰਾਬੀ ਡਰਾਈਵਰਾਂ ਦੀ ਹੁਣ ਖ਼ੈਰ ਨਹੀਂ !

* ਬੱਚਿਆਂ ਦੀ ਪਰਵਰਿਸ਼ ਦਾ ਖਰਚਾ ਵੀ ਦੇਣਾ ਹੋਵੇਗਾ
* ਓਨਟਾਰੀਓ ਵਿਚ ਲਿਆਂਦਾ ਜਾ ਰਿਹਾ ਨਵਾਂ ਕਾਨੂੰਨ



ਟੋਰਾਂਟੋ, (ਪੰਜਾਬ ਸਟਾਰ ਬਿਊਰੋ):ਕੈਨੇਡਾ ਵਿਚ ਸ਼ਰਾਬੀ ਡਰਾਈਵਰਾਂ ਦੀ ਹੁਣ ਖੈਰ ਨਹੀਂ ਜਿਨ੍ਹਾਂ ਨੂੰ ਜਾਨਲੇਵਾ ਹਾਦਸੇ ਮਗਰੋਂ ਸਿਰਫ਼ ਜੇਲ ਹੀ ਨਹੀਂ ਕੱਟਣੀ ਹੋਵੇਗੀ ਸਗੋਂ ਹਾਦਸੇ ਦੌਰਾਨ ਮਰਨ ਵਾਲੇ ਮਰਦ ਜਾਂ

ਟੋਰਾਂਟੋ : ਕੈਨੇਡਾ ਵਿਚ ਸ਼ਰਾਬੀ ਡਰਾਈਵਰਾਂ ਦੀ ਹੁਣ ਖੈਰ ਨਹੀਂ ਜਿਨ੍ਹਾਂ ਨੂੰ ਜਾਨਲੇਵਾ ਹਾਦਸੇ ਮਗਰੋਂ ਸਿਰਫ਼ ਜੇਲ ਹੀ ਨਹੀਂ ਕੱਟਣੀ ਹੋਵੇਗੀ ਸਗੋਂ ਹਾਦਸੇ ਦੌਰਾਨ ਮਰਨ ਵਾਲੇ ਮਰਦ ਜਾਂ ਔਰਤ ਦੇ ਬੱਚੇ ਦੀ ਪਰਵਰਿਸ਼ ਦਾ ਖਰਚਾ ਵੀ ਚੁੱਕਣਾ ਪਵੇਗਾ। ਜੀ ਹਾਂ, ਉਨਟਾਰੀਓ ਦੀ ਡਗ ਫ਼ੋਰਡ ਸਰਕਾਰ ਨਵਾਂ ਕਾਨੂੰਨ ਲਿਆ ਰਹੀ ਹੈ ਤਾਂਕਿ ਸ਼ਰਾਬ ਪੀ ਕੇ ਡਰਾਈਵਿੰਗ ਕਰਨ ਦੇ ਰੁਝਾਨ ਨੂੰ ਠੱਲ੍ਹ ਪਾਈ ਜਾ ਸਕੇ। ਅਟਾਰਨੀ ਜਨਰਲ ਡਗ ਡਾਊਨੀ ਨੇ ਵਿਧਾਨ ਸਭਾ ਵਿਚ ਕਿਹਾ ਕਿ ਨਾਬਾਲਗਾਂ ਵਾਸਤੇ ਮਾਪਿਆਂ ਦਾ ਵਿਛੋੜਾ ਅਸਹਿ ਸਦਮੇ ਤੋਂ ਘੱਟ ਨਹੀਂ ਹੁੰਦਾ। ਇਕ ਪਾਸੇ ਜਾਨੀ ਨੁਕਸਾਨ ਅਤੇ ਦੂਜੇ ਪਾਸੇ ਆਰਥਿਕ ਔਕੜਾਂ ਬੱਚੇ ਦਾ ਰਾਹ ਘੇਰ ਲੈਂਦੀਆਂ ਹਨ। ਭਾਵੇਂ ਮੌਜੂਦਾ ਸਮੇਂ ਵਿਚ ਵੀ ਸ਼ਰਾਬੀ ਡਰਾਈਵਰਾਂ ਵਿਰੁੱਧ ਸਿਵਲ ਕੋਰਟ ਵਿਚ ਹਰਜਾਨੇ ਦਾ ਮੁਕੱਦਮਾ ਦਾਇਰ ਕੀਤਾ ਜਾ ਸਕਦਾ ਹੈ *ਬਾਕੀ ਸਫ਼ਾ 2 'ਤੇ

## ਹਰ ਪੰਜਵਾਂ ਪ੍ਰਵਾਸੀ ਛੱਡ ਰਿਹਾ ਕੈਨੇਡਾ !

### ਉੱਚ ਸਿੱਖਿਅਤ ਨਵੇਂ ਆਏ ਪ੍ਰਵਾਸੀਆਂ 'ਚ ਵਧੇਰੇ ਰੁਝਾਨ

ਕੁਲਤਰਨ ਸਿੰਘ ਪਧਿਆਣਾ



ਕੈਨੇਡਾ ਵਿੱਚ ਪ੍ਰਵਾਸੀਆਂ ਨੂੰ ਆਕਰਸ਼ਿਤ ਕਰਨ ਵਾਲੀ ਵਿਵਸਥਾ ਭਾਵੇਂ ਹਾਲੇ ਵੀ ਚੰਗੀ ਤਰ੍ਹਾਂ ਕੰਮ ਕਰ ਰਹੀ ਹੈ, ਪਰ ਉਨ੍ਹਾਂ ਨੂੰ ਕੈਨੇਡਾ ਵਿੱਚ ਰੋਕੀ ਰੱਖਣ ਵਿੱਚ ਇਹ ਅਸਫਲ ਸਾਬਤ ਹੋ ਰਹੀ ਹੈ। ਇੱਕ ਨਵੀਂ ਰਿਪੋਰਟ ਅਨੁਸਾਰ, ਹਰ ਪੰਜਵੇਂ ਪ੍ਰਵਾਸੀ ਨੇ ਕੈਨੇਡਾ ਨੂੰ ਛੱਡ ਦਿੱਤਾ ਹੈ ਅਤੇ ਇਹ ਵਾਪਸੀ ਖ਼ਾਸ ਤੌਰ ਤੇ ਉੱਚ ਸਿੱਖਿਅਤ ਅਤੇ ਹੁਨਰਮੰਦ ਨਵੇਂ ਆਏ ਲੋਕਾਂ ਵਿੱਚ ਵਧ ਰਹੀ ਹੈ।

ਇੰਸਟੀਚਿਊਟ ਫਾਰ ਕੈਨੇਡੀਅਨ ਸਿਟੀਜ਼ਨਸ਼ਿਪ ਅਤੇ ਕਾਨਫਰੰਸ ਬੋਰਡ ਆਫ਼ ਕੈਨੇਡਾ ਵੱਲੋਂ ਜਾਰੀ ਕੀਤੀ ਰਿਪੋਰਟ *ਬਾਕੀ ਸਫ਼ਾ 2 'ਤੇ




ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਸਿੱਧੂ ਮੂਸੇਵਲਾ ਤੇ ਬਾਬਾ ਸਿੱਦੀਕੀ ਕਤਲਕਾਂਡ 'ਚ ਲੋੜੀਂਦੇ ਅਨਮੋਲ ਨੂੰ ਲਿਆਂਦਾ ਗਿਆ ਭਾਰਤ, NIA ਨੇ ਕੀਤਾ ਗ੍ਰਿਫ਼ਤਾਰ




ਪੰਜਾਬੀ ਗਾਇਕ ਸਿੱਧੂ ਮੂਸੇਵਲਾ ਤੇ NCB ਨੇਤਾ ਬਾਬਾ ਸਿੱਦੀਕੀ ਕਤਲਕਾਂਡ ਵਿੱਚ ਲੋੜੀਂਦੇ ਤੇ ਨਾਮੀ ਗੈਂਗਸਟਰ ਦੇ ਭਰਾ ਅਨਮੋਲ ਬਿਸ਼ਨੋਈ ਨੂੰ ਅਮਰੀਕਾ ਤੋਂ ਭਾਰਤ ਲਿਆਂਦਾ ਗਿਆ ਹੈ। ਉਸ ਨੂੰ ਦਿੱਲੀ ਏਅਰਪੋਰਟ ਲਿਆਂਦਾ ਗਿਆ ਹੈ। ਭਾਰਤ ਡਿਪੋਰਟ ਕਰਨ ਤੋਂ ਬਾਅਦ ਰਾਸ਼ਟਰੀ ਜਾਂਚ ਏਜੰਸੀ (NIA) ਨੇ ਅਨਮੋਲ ਬਿਸ਼ਨੋਈ ਨੂੰ ਗ੍ਰਿਫ਼ਤਾਰ ਕਰ ਲਿਆ ਹੈ। 12 ਅਕਤੂਬਰ, 2024 ਨੂੰ ਰਾਤ 9.30 ਵਜੇ, ਮੁੰਬਈ ਦੇ ਬਾਂਦਰਾ ਵਿੱਚ ਖੇਰਵਾੜੀ ਸਿਗਨਲ 'ਤੇ ਮਹਾਰਾਸ਼ਟਰ ਸਰਕਾਰ ਦੇ ਸਾਬਕਾ ਮੰਤਰੀ ਬਾਬਾ ਸਿੱਦੀਕੀ ਦਾ ਕਤਲ ਕਰ ਦਿੱਤਾ ਗਿਆ ਸੀ। ਇਸ ਮਾਮਲੇ ਵਿੱਚ ਉੱਤਰ ਪ੍ਰਦੇਸ਼ ਦੇ ਬਹਿਰਾਇਚ ਦੇ ਰਹਿਣ ਵਾਲੇ ਹਰੀਸ਼ ਕੁਮਾਰ, ਕੈਥਲ (ਹਰਿਆਣਾ) ਦੇ ਗੁਰਮੇਲ ਬਲਜੀਤ ਸਿੰਘ, ਬਹਿਰਾਇਚ (ਉੱਤਰ ਪ੍ਰਦੇਸ਼) ਦੇ ਧਰਮਰਾਜ ਕਸ਼ਯਪ ਅਤੇ ਪੁਣੇ (ਮਹਾਰਾਸ਼ਟਰ) ਦੇ ਪ੍ਰਵੀਨ ਲੋਂਕਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਦੋਸ਼ੀਆਂ ਤੋਂ ਪੁੱਛਗਿੱਛ ਦੌਰਾਨ ਜਲੰਧਰ ਦੇ ਰਹਿਣ ਵਾਲੇ ਜ਼ੀਸ਼ਾਨ ਅਖਤਰ ਦਾ ਨਾਮ ਸਾਹਮਣੇ ਆਇਆ। ਜਦੋਂ ਸ਼ੂਟਰਾਂ ਨੇ ਸਿੱਦੀਕੀ ਨੂੰ ਗੋਲੀ ਮਾਰੀ ਤਾਂ ਉਹ ਮੌਕੇ 'ਤੇ ਮੌਜੂਦ ਸੀ। ਉਸ ਦੌਰਾਨ ਉਹ ਅਨਮੋਲ ਨਾਲ ਫ਼ੋਨ 'ਤੇ ਸੰਪਰਕ ਵਿੱਚ ਸੀ।

ਸਿੱਦੀਕੀ ਦੀ ਮੌਤ ਤੋਂ ਬਾਅਦ ਉਸਨੇ ਅਨਮੋਲ ਨੂੰ ਮੌਕੇ ਦੀਆਂ ਫੋਟੋਆਂ ਅਤੇ ਵੀਡੀਓ ਭੇਜੀਆਂ ਅਤੇ ਸਿੱਦੀਕੀ ਦੀ ਮੌਤ ਦੀ ਪੁਸ਼ਟੀ ਕੀਤੀ। ਫਿਰ ਉਹ ਭੱਜ ਗਿਆ। ਅਨਮੋਲ ਨੇ ਬਾਲੀਵੁੱਡ ਅਦਾਕਾਰ ਸਲਮਾਨ ਖਾਨ ਦੇ ਘਰ 'ਤੇ ਹੋਈ ਗੋਲੀਬਾਰੀ ਦੀ ਜ਼ਿੰਮੇਵਾਰੀ ਵੀ ਲਈ। ਉਸ ਦਾ ਨਾਂ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਵਿਚ ਵੀ ਸਾਹਮਣੇ ਆਇਆ। ਹਾਲ ਹੀ ਵਿੱਚ, ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਨੇ ਅਨਮੋਲ 'ਤੇ 10 ਲੱਖ ਰੁਪਏ ਦਾ ਇਨਾਮ ਰੱਖਿਆ ਹੈ। ਏਜੰਸੀ ਨੇ 2022 ਵਿੱਚ ਦਰਜ ਦੋ ਮਾਮਲਿਆਂ ਵਿੱਚ ਅਨਮੋਲ ਵਿਰੁੱਧ ਚਾਰਜਸ਼ੀਟ ਦਾਇਰ ਕੀਤੀ। ਅਨਮੋਲ ਐਨਆਈਏ ਦੀ ਮੋਸਟ ਵਾਂਟੇਡ ਸੂਚੀ ਵਿੱਚ ਵੀ ਹੈ।

# ਹਜ਼ਾਰਾਂ ਬਿਨੈਕਾਰਾਂ ਦੇ ਕੈਨੇਡਾ ਦੀ PR ਲੈਣ ਦੇ ਸੁਪਨੇ ਹੋਏ ਚਕਨਾਚੂਰ




ਓਨਟਾਰੀਓ: ਕੈਨੇਡਾ ਵਿੱਚ ਹਜ਼ਾਰਾਂ ਬਿਨੈਕਾਰਾਂ ਦੇ ਪੀ ਆਰ ਲੈਣ ਦੇ ਸੁਪਨੇ ਚਕਨਾਚੂਰ ਹੋ ਗਏ ਹਨ। ਕੈਨੇਡਾ ਦੇ ਸੂਬੇ ਓਨਟਾਰੀਓ ਵੱਲੋਂ ਆਪਣੇ ਸੂਬਾਈ ਨੌਮੀਨੀ ਪ੍ਰੋਗਰਾਮ ਤਹਿਤ ਚਲਦੀ ਸਕਿੱਲਡ ਟਰੇਡਜ਼ ਸਟ੍ਰੀਮ ਮੁਅੱਤਲ ਕਰ ਦਿੱਤੀ ਗਈ ਹੈ। ਨਤੀਜੇ ਵਜੋਂ ਇਸ ਅਧੀਨ ਲੱਗੀਆਂ ਅਰਜ਼ੀਆਂ ਨੂੰ ਵਾਪਸ ਕਰ ਦਿੱਤਾ ਗਿਆ ਹੈ। ਇਸ ਫ਼ੈਸਲੇ ਤੋਂ ਬਾਅਦ ਹਜ਼ਾਰਾਂ ਬਿਨੈਕਾਰ ਆਪਣੇ ਭਵਿੱਖ ਨੂੰ ਲੈ ਕੇ ਫ਼ਿਕਰਮੰਦ ਹਨ।

ਕੈਨੇਡਾ ਵਿੱਚ ਹਰ ਪ੍ਰੋਵਿੰਸ ਵੱਲੋਂ ਆਪਣਾ ਇਕ ਇਮੀਗ੍ਰੇਸ਼ਨ ਪ੍ਰੋਗਰਾਮ ਚਲਾਇਆ ਜਾਂਦਾ ਹੈ, ਜਿਸ ਨੂੰ ਪ੍ਰੋਵਿੰਸ਼ੀਅਲ ਨੌਮਿਨੀ ਪ੍ਰੋਗਰਾਮ ਦੇ ਨਾਮ ਨਾਲ ਜਾਣਿਆ ਜਾਂਦਾ ਹੈ ਪ੍ਰੋਵਿੰਸ ਇਸ ਨੂੰ ਆਪਣੀਆਂ ਲੋੜਾਂ ਦੇ ਹਿਸਾਬ ਨਾਲ ਚਲਾਉਂਦੀ ਹੈ। ਕਿਸੇ ਵੀ ਸੂਬੇ ਵਿੱਚ ਕੰਮ ਕਰਦੇ ਹੋਏ ਬਿਨੈਕਾਰ, ਆਪਣੀ ਪੜ੍ਹਾਈ, ਤਜ਼ਰਬੇ, ਭਾਸ਼ਾ ਦੀ ਮੁਹਾਰਤ ਅਤੇ ਜੌਬ ਆਫ਼ਰ ਆਦਿ ਦੇ ਆਧਾਰ 'ਤੇ ਸੂਬੇ ਨੂੰ ਪੀ ਆਰ ਦੀ ਅਰਜ਼ੀ ਦਿੰਦੇ ਹਨ। ਸੂਬੇ ਵੱਲੋਂ ਪੀ ਐਨ ਪੀ ਨੂੰ ਮਨਜ਼ੂਰੀ ਮਿਲਣ ਤੋਂ ਬਾਅਦ ਬਿਨੈਕਾਰ ਫ਼ੈਡਰਲ ਪੱਧਰ 'ਤੇ ਪੀ ਆਰ ਦੀ ਅਰਜ਼ੀ ਦਿੰਦੇ ਹਨ ਅਤੇ ਕੈਨੇਡਾ ਵਿੱਚ ਪਰਮਾਨੈਂਟ ਰੈਜ਼ੀਡੈਂਟ ਬਣ ਜਾਂਦੇ ਹਨ।

ਓਨਟਾਰੀਓ ਪੀਐਨਪੀ ਦੀ ਇਸ ਸਟਰੀਮ ਵਿੱਚ ਅਰਜ਼ੀ ਦੇਣ ਲੈਣ ਬਿਨੈਕਾਰ ਕੋਲ ਟਰੇਡ (ਪਲੰਬਰ, ਇਲੈਕਟ੍ਰੀਸ਼ੀਅਨ, ਕਾਰਪੇਂਟਰ ਆਦਿ) ਦੀਆਂ ਸ਼੍ਰੇਣੀਆਂ ਵਿੱਚ ਘੱਟੋ ਘੱਟ ਇਕ ਸਾਲ ਦਾ ਤਜਰਬਾ ਹੋਣਾ ਚਾਹੀਦਾ ਸੀ ਇਹ ਤਜਰਬਾ ਅਰਜ਼ੀ ਦੇਣ ਦੇ ਦੋ ਸਾਲ ਦੇ ਸਮੇਂ ਵਿੱਚ ਹੋਣਾ ਚਾਹੀਦਾ ਸੀ। ਜ਼ਿਕਰਯੋਗ ਹੈ ਕਿ ਫ਼ੈਡਰਲ ਸਰਕਾਰ ਵੱਲੋਂ ਪ੍ਰੋਵਿੰਸ਼ੀਅਲ ਨੌਮਿਨੀ ਪ੍ਰੋਗਰਾਮਾਂ ਦੇ ਟੀਚਿਆਂ 'ਚ ਇਸ ਸਾਲ ਕਟੌਤੀ ਕੀਤੀ ਗਈ ਹੈ॥ 2024 ਦੇ ਟੀਚਿਆਂ ਵਿੱਚ ਜਿੱਥੇ ਕੈਨੇਡਾ ਭਰ ਵਿੱਚ ਸੂਬਿਆਂ ਨੂੰ 1,10,000 ਸੀਟਾਂ ਦਿੱਤੀਆਂ ਗਈਆਂ ਸਨ, 2025 ਵਿੱਚ ਇਹ ਸੀਟਾਂ 55,000 ਰਹਿ ਗਈਆਂ ਹਨ। ਬਿਨੈਕਾਰਾਂ ਨੂੰ ਪ੍ਰੋਗਰਾਮ ਦੀਆਂ ਦੂਜੀਆਂ ਸਟ੍ਰੀਮਜ਼ ਤਹਿਤ ਅਰਜ਼ੀ ਦੇਣ ਦੀ ਸਲਾਹ ਦਿੱਤੀ ਜਾ ਰਹੀ ਹੈ। ਓਨਟਾਰੀਓ ਇਮੀਗ੍ਰੇਸ਼ਨ ਪ੍ਰੋਗਰਾਮ ਦੇ ਇਸ ਫ਼ੈਸਲੇ ਤੋਂ ਬਾਅਦ ਹਜ਼ਾਰਾਂ ਬਿਨੈਕਾਰ ਆਪਣੇ ਭਵਿੱਖ ਨੂੰ ਲੈ ਕੇ ਫ਼ਿਕਰਮੰਦ ਹਨ। ਨੌਜਵਾਨਾਂ ਵੱਲੋਂ ਓਨਟਾਰੀਓ ਵਿੱਚ ਰੋਸ ਮੁਜ਼ਾਹਰੇ ਦੀ ਯੋਜਨਾ ਉਲੀਕੀ ਜਾ ਰਹੀ ਹੈ।

ਓਨਟਾਰੀਓ ਪੀ ਐਨ ਪੀ ਮੈਨੇਜਮੈਂਟ ਮੁਤਾਬਕ ਸਟਰੀਮ ਦੀ ਸਮੀਖਿਆ ਕਰਨ ਤੋਂ ਬਾਅਦ ਇਹ ਫ਼ੈਸਲਾ ਲਿਆ ਗਿਆ ਹੈ। ਪ੍ਰੋਗਰਾਮ ਦੀ ਸਮੀਖਿਆ ਵਿੱਚ ਅਰਜ਼ੀਆਂ ਵਿੱਚ ਧੋਖਾਧੜੀ ਹੋਣ ਦੇ ਦੋਸ਼ ਲਗਾਏ ਗਏ ਹਨ। ਪ੍ਰੋਗਰਾਮ ਅਧੀਨ ਵਾਪਸ ਕੀਤੀਆਂ ਗਈਆਂ ਅਰਜ਼ੀਆਂ ਦੀ ਅਰਜ਼ੀ ਫੀਸ ਵਾਪਸ ਕਰਨ ਦਾ ਐਲਾਨ ਕੀਤਾ ਗਿਆ ਹੈ।

# ਪੇਜ ਇੱਕ ਦੀ ਬਾਕੀ

## ਕੈਨੇਡਾ: ਮਾਰਕ ਕਾਰਨੀ...

ਨੂੰ 169 ਮੈਂਬਰਾਂ ਦਾ ਸਮਰਥਨ ਹਾਸਲ ਹੋ ਗਿਆ ਸੀ, ਪਰ ਬਹੁਮਤ ਲਈ ਤਿੰਨ ਹੋਰ ਵੋਟਾਂ ਦੀ ਲੋੜ ਸੀ। ਅੱਜ ਗਰੀਨ ਪਾਰਟੀ ਦੀ ਹਮਾਇਤ ਅਤੇ ਵਿਰੋਧੀ ਪਾਰਟੀ ਦੇ ਚਾਰ ਮੈਂਬਰਾਂ ਦੀ ਗੈਰ ਹਾਜ਼ਰੀ ਕਾਰਨ 168 ਦੇ ਮੁਕਾਬਲੇ 170 ਦੇ ਬਹੁਮਤ ਨਾਲ ਬਜਟ ਪਾਸ ਹੋ ਗਿਆ।

ਜੇ ਬਜਟ ਪਾਸ ਨਾ ਹੁੰਦਾ ਤਾਂ ਘੱਟ ਗਿਣਤੀ ਸਰਕਾਰ ਦੇ ਮੁਖੀ ਮਾਰਕ ਕਾਰਨੀ ਨੂੰ ਤੁਰੰਤ ਅਸਤੀਫ਼ਾ ਦੇਣਾ ਪੈਣਾ ਸੀ ਅਤੇ ਸਰਕਾਰ ਟੁੱਟਣ ਕਾਰਨ ਗਵਰਨਰ ਜਨਰਲ ਨੂੰ ਨਵੀਂ ਚੋਣ ਦਾ ਐਲਾਨ ਕਰਨਾ ਪੈਣਾ ਸੀ। ਬਜਟ ਵਿੱਚ ਸਰਕਾਰੀ ਖਰਚੇ ਘਟਾਉਣ ਅਤੇ ਜ਼ਰੂਰੀ ਸੇਵਾਵਾਂ ਵਧਾਉਣ ਦੀਆਂ ਵਿਉਂਤਾ 'ਤੇ ਜ਼ੋਰ ਦਿੱਤਾ ਗਿਆ ਹੈ।

## ਸਾਊਦੀ ਅਰਬ 'ਚ...

ਅਤੇ ਪੀੜਤਾਂ ਦੀ ਪਛਾਣ ਅਤੇ ਹੋਰ ਰਸਮੀ ਕਾਰਵਾਈਆਂ ਵਿੱਚ ਮਦਦ ਕਰਨ ਦੇ ਨਿਰਦੇਸ਼ ਦਿੱਤੇ ਹਨ। ਹਾਦਸੇ ਵਿੱਚ ਮਾਰੇ ਗਏ ਲੋਕਾਂ ਵਿੱਚੋਂ ਬਾਰਾਂ ਭਾਰਤੀ ਪੀੜਤਾਂ ਦੀ ਪਛਾਣ ਹੋ ਗਈ ਹੈ। ਉਨ੍ਹਾਂ ਵਿੱਚ ਅਬਦੁਲ ਮੁਹੰਮਦ, ਮੁਹੰਮਦ ਮੌਲਾਨਾ, ਸੋਹੇਲ ਮੁਹੰਮਦ, ਮਸਤਾਨ ਮੁਹੰਮਦ, ਪਰਵੀਨ ਬੇਗਮ, ਜ਼ਕੀਆ ਬੇਗਮ, ਸ਼ੌਕਤ ਬੇਗਮ, ਫਰਹੀਨ ਬੇਗਮ, ਜ਼ਹੀਨ ਬੇਗਮ, ਮੁਹੰਮਦ ਮੰਜ਼ੂਰ, ਮੁਹੰਮਦ ਅਲੀ, ਗੌਸੀਆ ਬੇਗਮ ਸ਼ਾਮਲ ਹਨ। ਜੇਦਾਹ ਵਿੱਚ ਭਾਰਤੀ ਦੂਤਾਵਾਸ ਨੇ ਇੱਕ ਹੈਲਪਲਾਈਨ ਜਾਰੀ ਕੀਤੀ ਹੈ।

ਦੂਤਾਵਾਸ ਨੇ ਕਿਹਾ, "ਸਾਊਦੀ ਅਰਬ ਦੇ ਮਦੀਨਾ ਨੇੜੇ ਭਾਰਤੀ ਉਮਰਾਹ ਯਾਤਰੀਆਂ ਨਾਲ ਹੋਏ ਦੁਖਦਾਈ ਬੱਸ ਹਾਦਸੇ ਦੇ ਮੱਦੇਨਜ਼ਰ, ਜੇਦਾਹ ਦੇ ਭਾਰਤੀ ਕੌਂਸਲੇਟ ਜਨਰਲ ਵਿਖੇ ਇੱਕ 24ਣ7 ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ। ਹੈਲਪਲਾਈਨ ਸੰਪਰਕ ਵੇਰਵੇ 8002440003 ਹਨ।" ਇਸ ਘਟਨਾ ਤੋਂ ਬਾਅਦ, ਤੇਲੰਗਾਨਾ ਸਰਕਾਰ ਨੇ ਸਕੱਤਰੇਤ ਵਿਖੇ ਪਰਿਵਾਰਾਂ ਲਈ ਇੱਕ ਕੰਟਰੋਲ ਰੂਮ ਸਥਾਪਤ ਕੀਤਾ ਤਾਂ ਜੋ ਉਹ ਆਪਣੇ ਅਜ਼ੀਜ਼ਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਣ। ਪਰਿਵਾਰਕ ਮੈਂਬਰ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹਨ: 79979-59754 ਅਤੇ 99129-19545।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਦਸੇ 'ਤੇ ਦੁੱਖ ਪ੍ਰਗਟ ਕੀਤਾ। ਉਨ੍ਹਾਂ ਸੋਸ਼ਲ ਮੀਡੀਆ ਪੋਸਟ ਵਿਚ ਲਿਖਿਆ ਕਿ ਰਿਆਧ ਵਿੱਚ ਕੌਂਸਲੇਟ ਹਰ ਸੰਭਵ ਸਹਾਇਤਾ ਪ੍ਰਦਾਨ ਕਰ ਰਿਹਾ ਹੈ। "ਮਦੀਨਾ ਵਿੱਚ ਭਾਰਤੀ ਨਾਗਰਿਕਾਂ ਨਾਲ ਹੋਈ ਇਸ ਦੁਖਾਂਤ ਤੋਂ ਮੈਂ ਬਹੁਤ ਦੁਖੀ ਹਾਂ। ਮ੍ਰਿਤਕਾਂ ਦੇ ਪ੍ਰਵਾਰਾਂ ਨਾਲ ਮੇਰੀਆਂ ਸੰਵੇਦਨਾਵਾਂ। ਜ਼ਖ਼ਮੀਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕਰਦੇ ਹਾਂ। ਸਾਡੇ ਅਧਿਕਾਰੀ ਸਾਊਦੀ ਅਰਬ ਦੇ ਅਧਿਕਾਰੀਆਂ ਦੇ ਸੰਪਰਕ ਵਿੱਚ ਹਨ।"

## ਓਨਟਾਰੀਓ ਵਿਖੇ...

ਦੱਸਦਿਆਂ ਸਾਂਭ ਲਈ ਵਿਉਂਤਬੰਦੀ ਬਾਰੇ ਕਹਿਕੇ ਚੌਕੀਦਾਰ ਦਾ ਭਰੋਸਾ ਜਿੱਤ ਲੈਂਦੇ।

**ਕਬਰ ਵਿਚ ਛੇਕ ਕਰਕੇ ਕਰਦੇ ਸਨ ਚੋਰੀ**

ਪ੍ਰਾਪਤ ਜਾਦਕਾਰੀ ਅਨੁਸਾਰ ਚੋਰੀ ਦੀ ਸਾਜਿਸ਼ ਨੂੰ ਅੰਜਾਮ ਦੇਣ ਲਈ ਬਾਅਦ ਵਿੱਚ ਦੋਵੇਂ ਨਾਲ ਲਿਆਂਦੇ ਔਜ਼ਾਰਾਂ ਨਾਲ ਕਬਰ ਦੇ ਸਿਰ ਵਾਲੇ ਪਾਸੇ ਮੋਟਾ ਛੇਕ ਕਰਕੇ ਲਾਸ਼ ਤੱਕ ਪਹੁੰਚ ਬਣਾਉਂਦੇ ਅਤੇ ਉਸ ਦਾ ਕੁਝ ਹਿੱਸਾ ਉੱਪਰ ਖਿੱਚ ਲਿਆਉਂਦੇ। ਇਸ ਉਪਰੰਤ ਉਹ ਮ੍ਰਿਤਕ ਦੇ ਦਫਨਾਉਣ ਮੌਕੇ ਪਾਏ ਗਹਿਣੇ ਉਤਾਰਦੇ ਅਤੇ ਹੱਡੀਆਂ ਵਾਪਸ ਖੱਡ ਵਿੱਚ ਸੁੱਟ ਕੇ ਕਬਰ ਬੰਦ ਦਿੰਦੇ ਸਨ। ਪੁਲੀਸ ਬੁਲਾਰੇ ਅਨੁਸਾਰ ਉਨ੍ਹਾਂ ਨੇ ਉਕਤ ਖੇਤਰ ਦੇ ਕਰੀਬ 40 ਕਬਰਿਸਤਾਨਾਂ 'ਚ ਲਗਪਗ 300 ਕਬਰਾਂ ਚੋਂ ਸਮਾਨ ਚੋਰੀ ਕੀਤਾ ਹੈ। ਉਨ੍ਹਾਂ ਕਿਹਾ ਕਿ ਦੋਹਾਂ ਨੂੰ ਗ੍ਰਿਫਤਾਰ ਕਰਕੇ ਸਮਾਨ ਬਰਾਮਦ ਕਰ ਲਿਆ ਹੈ ਅਤੇ ਦੋਸ਼ ਆਇਦ ਕੀਤੇ ਗਏ ਹਨ।

## ਕੈਨੇਡਾ ਤੋਂ ਅਮਰੀਕਾ...

ਸੂਬੇ ਵਿਚ ਕਾਬੂ ਕੀਤੇ ਗਏ ਜਦਕਿ ਤਿੰਨ ਪ੍ਰਵਾਸੀਆਂ ਨੂੰ ਵਾਸ਼ਿੰਗਟਨ ਸੂਬੇ ਦੀ ਵੌਟਕਾਮ ਕਾਊਂਟੀ ਵਿਚੋਂ ਗ੍ਰਿਫ਼ਤਾਰ ਕੀਤਾ ਗਿਆ। ਯੂ.ਐਸ. ਬਾਰਡਰ ਪੈਟਰੋਲ ਦੇ ਬਲੇਨ ਸੈਕਟਰ ਵੱਲੋਂ ਸਾਂਝੀ ਕੀਤੀ ਜਾਣਕਾਰੀ ਮੁਤਾਬਕ ਬਲਜੀਤ ਸਿੰਘ, ਬਲਰਾਜ ਸਿੰਘ ਅਤੇ ਈਰਾਨ ਨਾਲ ਸਬੰਧਤ ਡੈਨੀਅਲ ਰਸੇਖੀ ਨੂੰ ਵੱਖ ਵੱਖ ਥਾਵਾਂ 'ਤੇ ਹਿਰਾਸਤ ਵਿਚ ਲੈਂਦਿਆਂ ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ ਵਾਲਿਆਂ ਦੇ ਸਪੁਰਦ ਕਰ ਦਿਤਾ ਗਿਆ ਜਿਸ ਮਗਰੋਂ ਆਈਸ ਨੇ ਇਨ੍ਹਾਂ ਨੂੰ ਡਿਪੋਰਟ ਕਰਨ ਦੀ ਕਾਰਵਾਈ ਆਰੰਭ ਦਿਤੀ। ਫ਼ਿਲਹਾਲ ਜਸਕਰਨ ਸਿੰਘ ਬਾਰੇ ਵਿਸਤਾਰਤ ਜਾਣਕਾਰੀ ਹਾਸਲ ਨਹੀਂ ਹੋ ਸਕੀ। ਦੂਜੇ ਪਾਸੇ ਨਿਊ ਯਾਰਕ ਸੂਬੇ ਵਿਚ ਇੰਟਰਸਟੇਟ 90 'ਤੇ ਤਿੰਨ ਦਿਨ ਤੱਕ ਚਲਾਈ ਮੁਹਿੰਮ ਦੌਰਾਨ 37 ਗੈਰਕਾਨੂੰਨੀ ਪ੍ਰਵਾਸੀ ਕਾਬੂ ਕੀਤੇ ਗਏ।

ਅਪ੍ਰੇਸ਼ਨ 'ਬਿਅਰ ਕੇਵ' ਨਾਂ ਹੇਠ ਗ੍ਰਿਫ਼ਤਾਰ ਪ੍ਰਵਾਸੀਆਂ ਕੋਲ ਕੈਲੇਫੋਰਨੀਆ, ਫਲੋਰੀਡਾ, ਇੰਡਿਆਨਾ, ਨਿਊ ਜਰਸੀ, ਨਿਊ ਯਾਰਕ, ਓਹਾਇਓ, ਓਰੇਗਨ ਅਤੇ ਪੈਨਸਿਲਵੇਨੀਆ ਰਾਜਾਂ ਵੱਲੋਂ ਜਾਰੀ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਮੌਜੂਦ ਸਨ। ਬਾਰਡਰ ਪੈਟਰੋਲ ਏਜੰਸੀ ਦੇ ਬਫ਼ਲੋ ਸੈਕਟਰ ਦੇ ਚੀਫ਼ ਜੇਮਜ਼ ਅਮੈਟੋ ਨੇ ਦੱਸਿਆ ਕਿ ਅਮਰੀਕਾ ਵਿਚ ਗੈਰਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਇਕ ਹੋਰ ਮੀਡੀਆ ਰਿਪੋਰਟ ਮੁਤਾਬਕ ਹਿਰਾਸਤ ਵਿਚ ਲਏ ਗੈਰਕਾਨੂੰਨੀ ਪ੍ਰਵਾਸੀ ਟਰੱਕ ਡਰਾਈਵਰ ਹਨ ਜਿਨ੍ਹਾਂ ਨੂੰ ਟਰੰਪ ਸਰਕਾਰ ਦੀ ਮੁਹਿੰਮ ਤਹਿਤ ਕਾਬੂ ਕੀਤਾ ਗਿਆ ਹੈ। ਅਮੈਟੋ ਨੇ ਦੱਸਿਆ ਕਿ ਕਿਸੇ ਡਰਾਈਵਰ ਨੂੰ ਚੰਗੀ ਤਰ੍ਹਾਂ ਅੰਗਰੇਜ਼ੀ ਬੋਲਣੀ ਨਹੀਂ ਆਉਂਦੀ ਅਤੇ ਟ੍ਰੈਫ਼ਿਕ ਸਾਈਨ ਸਮਝਣ ਦੇ ਸਮਰੱਥ ਵੀ ਨਹੀਂ।

## ਗੁਰਦਾਸਪੁਰ : ਸਾਬਕਾ ਫੌਜੀ...

ਜਦੋਂ ਪੁਲਿਸ ਨੂੰ ਸੂਚਨਾ ਮਿਲੀ ਕਿ ਸਾਬਕਾ ਫੌਜੀ ਨੇ ਆਪਣੀ ਸੱਸ ਤੇ ਪਤਨੀ ਦਾ ਕਤਲ ਕੀਤਾ ਹੈ ਤਾਂ ਉਹ ਮੌਕੇ 'ਤੇ ਪਹੁੰਚੀ। ਉਸ ਸਮੇਂ ਸਾਬਕਾ ਫੌਜੀ ਪੌੜੀਆਂ ਵਿਚ ਬੈਠ ਸੀ ਤੇ ਉਸ ਕੋਲ ਅਸਲਾ ਵੀ ਮੌਜੂਦ ਸੀ। ਪੁਲਿਸ ਵੱਲੋਂ ਸਾਬਕਾ ਫੌਜੀ ਨੂੰ ਸਰੰਡਰ ਕਰਾਉਣ ਦੀ ਕੋਸ਼ਿਸ਼ ਕੀਤੀ ਪਰ ਇਸ ਦੌਰਾਨ ਸਾਬਕਾ ਫੌਜੀ ਨੇ ਖੁਦ ਨੂੰ ਗੋਲੀ ਮਾਰ ਲਈ।

ਪੁਲਿਸ ਨੇ ਸਾਬਕਾ ਫੌਜੀ ਨਾਲ ਮੀਡੀਆ ਸਾਹਮਣੇ ਗੱਲਬਾਤ ਕੀਤੀ ਤੇ ਸਮਝਾਇਆ ਕਿ ਅਸਲਾ ਥੱਲੇ ਰੱਖ ਕੇ ਸਰੰਡਰ ਕਰ ਦੇ। ਤੂੰ ਸੇਫ ਹੈ। ਆਰਾਮ ਨਾਲ ਬੈਠ ਕੇ ਪਿਆਰ ਨਾਲ ਸਾਡੀ ਨਾਲ ਗੱਲ ਕਰ ਪਰ ਉਕਤ ਫੌਜੀ ਵੱਲੋਂ ਖੁਦਕੁਸ਼ੀ ਕਰ ਲਈ ਗਈ। ਸਾਬਕਾ ਫੌਜੀ ਏਕੇ-47 ਰਾਈਫਲ ਨਾਲ ਪੌੜੀਆਂ ਵਿਚ ਬੈਠ ਗਿਆ। ਐੱਸਐੱਸਪੀ ਆਦਿਤਯ ਕੁਮਾਰ ਮੌਕੇ 'ਤੇ ਪਹੁੰਚੇ ਤੇ ਉਨ੍ਹਾਂ ਨੇ ਸਾਬਕਾ ਫੌਜੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਨਾ ਸਮਝਿਆ ਤੇ ਆਖਿਰ ਵਿਚ ਉਸ ਨੇ ਖੁਦ ਨੂੰ ਗੋਲੀ ਮਾਰ ਲਈ। ਮੌਕੇ ਉਤੇ ਪੁਲਿਸ ਦੇ ਆਲਾ ਅਧਿਕਾਰੀ ਮੌਜੂਦ ਸਨ। ਪੁਲਿਸ ਵੱਲੋਂ ਸਾਬਕਾ ਫੌਜੀ ਨੂੰ ਘੇਰਾ ਪਾਇਆ ਗਿਆ। ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਉਸ ਨੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਉਸ ਵੱਲੋਂ ਪਤਨੀ ਤੇ ਸੱਸ ਦਾ ਕਤਲ ਕਿਉਂ ਕੀਤਾ ਇਸ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਹੈ।

## ਹੁਨਰਮੰਦ ਪਰਵਾਸੀਆਂ...

ਮੌਜੂਦਗੀ ਵਿਚ ਸਮਾਗਮ ਦੌਰਾਨ ਕਿਹਾ, ''ਹਾਂ ਮੈਨੂੰ ਆਪਣੇ ਸਾਥੀਆਂ ਦੀ ਨਾਰਾਜ਼ਗੀ ਜਾਂ ਗੁੱਸਾ ਝੱਲਣਾ ਪੈ ਸਕਦਾ ਹੈ। ਮੈਂ ਹਮੇਸ਼ਾ ਆਪਣੇ ਲੋਕਾਂ ਦੀ ਨਾਰਾਜ਼ਗੀ ਮੁੱਲ ਲੈਂਦਾ ਹਾਂ, ਉਹ ਲੋਕ ਜੋ ਮੈਨੂੰ ਪਿਆਰ ਕਰਦੇ ਹਨ ਅਤੇ ਉਹ ਲੋਕ ਜਿਨ੍ਹਾਂ ਨੂੰ ਮੈਂ ਪਿਆਰ ਕਰਦਾ ਹਾਂ, ਉਹ ਕੇਂਦਰ ਦੇ ਸੱਜੇ ਪਾਸੇ ਹੁੰਦੇ ਹਨ, ਕਈ ਵਾਰ ਉਹ ਬਿਲਕੁਲ ਸਹੀ ਹੁੰਦੇ ਹਨ।''

ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਕੰਪਨੀਆਂ ਨੂੰ ''ਉਨ੍ਹਾਂ (ਪੇਚੀਦਾ) ਪਲਾਂਟਾਂ ਨੂੰ ਖੋਲ੍ਹਣ ਲਈ ਲੋਕ ਲਿਆਉਣੇ ਪੈਣਗੇ, ਅਸੀਂ ਚਾਹੁੰਦੇ ਹਾਂ ਕਿ ਤੁਸੀਂ ਅਜਿਹਾ ਕਰੋ, ਅਤੇ ਅਸੀਂ ਚਾਹੁੰਦੇ ਹਾਂ ਕਿ ਉਹ ਲੋਕ (ਹੁਨਰਮੰਦ ਪਰਵਾਸੀ) ਸਾਡੇ ਲੋਕਾਂ ਨੂੰ ਕੰਪਿਊਟਰ ਚਿਪਾਂ ਬਣਾਉਣ ਅਤੇ ਹੋਰ ਚੀਜ਼ਾਂ ਬਣਾਉਣ ਦਾ ਤਰੀਕਾ ਸਿਖਾਉਣ....ਉਨ੍ਹਾਂ ਨੂੰ ਆਪਣੇ ਨਾਲ ਹਜ਼ਾਰਾਂ ਲੋਕਾਂ ਨੂੰ ਲਿਆਉਣਾ ਪਵੇਗਾ, ਅਤੇ ਮੈਂ ਉਨ੍ਹਾਂ ਲੋਕਾਂ ਦਾ ਸਵਾਗਤ ਕਰਾਂਗਾ।''

ਕਾਬਿਲੇਗੌਰ ਹੈ ਕਿ ਟਰੰਪ ਪ੍ਰਸ਼ਾਸਨ ਨੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਖਿਲਾਫ਼ ਤਿੱਖੀ ਕਾਰਵਾਈ ਸ਼ੁਰੂ ਕੀਤੀ ਹੈ। ਰਾਸ਼ਟਰਪਤੀ ਦੇ ਸਮਰਥਕਾਂ ਨੇ H-1B ਵੀਜ਼ਾ ਪ੍ਰੋਗਰਾਮ ਦੀ ਵਿਆਪਕ ਦੁਰਵਰਤੋਂ ਤੇ ਧੋਖਾਧੜੀ ਦੇ ਹਵਾਲੇ ਨਾਲ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਸਮਰਥਕਾਂ ਦਾ ਕਹਿਣਾ ਹੈ ਕਿ H-1B ਵੀਜ਼ਾ ਧਾਰਕ ਅਮਰੀਕੀਆਂ ਨੂੰ ਬੇਰੁਜ਼ਗਾਰ ਕਰ ਰਹੇ ਹਨ।

## PM ਮੋਦੀ ਨੇ ਕਿਸਾਨ...

ਕਿਸ਼ਤਾਂ (ਕੁੱਲ ₹6,000) ਦਿੱਤੀਆਂ ਜਾਂਦੀਆਂ ਹਨ। ਇਹ ਰਕਮ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਜਮ੍ਹਾ ਕੀਤੀ ਜਾਂਦੀ ਹੈ। ਇਸ ਰਕਮ ਦੀ ਪੁਸ਼ਟੀ ਲਾਭਪਾਤਰੀ ਕਿਸਾਨ ਦੇ ਰਜਿਸਟਰਡ ਮੋਬਾਈਲ ਨੰਬਰ 'ਤੇ ਇੱਕ ਸ਼ੰਸ਼ ਸੁਨੇਹੇ ਰਾਹੀਂ ਕੀਤੀ ਜਾ ਸਕਦੀ ਹੈ। ਹਾਲਾਂਕਿ, ਜਿਨ੍ਹਾਂ ਕਿਸਾਨਾਂ ਦਾ ਈ-ਕੇਵਾਈਸੀ ਅਧੂਰਾ ਹੈ ਜਾਂ ਆਧਾਰ ਲਿੰਕ ਨਹੀਂ ਹੈ, ਉਨ੍ਹਾਂ ਦੀ ਕਿਸ਼ਤ ਅਟਕ ਸਕਦੀ ਹੈ।

ਇਸ ਤੋਂ ਪਹਿਲਾ 26 ਸਤੰਬਰ, 2025 ਨੂੰ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਕਿਸਾਨਾਂ ਨੂੰ ਇਹ ਕਿਸ਼ਤ ਵੰਡੀ ਜਾ ਚੁੱਕੀ ਹੈ ਕਿਉਂਕਿ ਇਨ੍ਹਾਂ ਰਾਜਾਂ ਵਿੱਚ ਹੜ੍ਹਾਂ ਅਤੇ ਜ਼ਮੀਨ ਖਿਸਕਣ ਕਾਰਨ ਹੋਏ ਨੁਕਸਾਨ ਦੀ ਭਰਪਾਈ ਲਈ ਪੇਸ਼ਗੀ ਰਾਹਤ ਪ੍ਰਦਾਨ ਕੀਤੀ ਗਈ ਸੀ। ਇਸ ਤੋਂ ਇਲਾਵਾ, ਜੰਮੂ ਅਤੇ ਕਸ਼ਮੀਰ ਦੇ ਕਿਸਾਨਾਂ ਨੂੰ ਵੀ 7 ਅਕਤੂਬਰ, 2025 ਨੂੰ ਇਹ ਕਿਸ਼ਤ ਮਿਲੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 2 ਅਗਸਤ ਨੂੰ ਕਿਸਾਨ ਸਨਮਾਨ ਨਿਧੀ (PM-KISAN) ਯੋਜਨਾ ਦੀ 20ਵੀਂ ਕਿਸ਼ਤ ਜਾਰੀ ਕੀਤੀ ਸੀ। ਪ੍ਰਧਾਨ ਮੰਤਰੀ ਨੇ ਵਾਰਾਣਸੀ ਦੇ 97 ਮਿਲੀਅਨ ਕਿਸਾਨਾਂ ਦੇ ਖਾਤਿਆਂ ਵਿੱਚ ₹20.84 ਕਰੋੜ (208.4 ਮਿਲੀਅਨ ਰੁਪਏ) ਟ੍ਰਾਂਸਫਰ ਕੀਤੇ ਸਨ।

## ਕੈਨੇਡਾ 'ਚ ਸ਼ਰਾਬੀ ਡਰਾਈਵਰਾਂ...

ਪਰ ਇਹ ਕਾਫ਼ੀ ਨਹੀਂ। ਡਗ ਡਾਊਨੀ ਨੇ ਅੱਗੇ ਕਿਹਾ ਕਿ ਨਵੇਂ ਕਾਨੂੰਨ ਰਾਹੀਂ ਦੋਸ਼ੀ ਡਰਾਈਵਰ ਦੀ ਜਵਾਬਦੇਹੀ ਯਕੀਨੀ ਬਣਾਈ ਜਾਵੇਗੀ ਅਤੇ ਤਰਾਸਦੀਆਂ ਦੇ ਸ਼ਿਕਾਰ ਬੱਚਿਆ ਦੀ ਮਦਦ ਦਾ ਪੱਕਾ ਜ਼ਰੀਆ ਕਾਇਮ ਕੀਤਾ ਜਾ ਸਕੇਗਾ। ਦੂਜੇ ਪਾਸੇ ਵਿਰੋਧੀ ਧਿਰ ਨੇ ਕਿਹਾ ਕਿ ਸ਼ਰਾਬੀ ਡਰਾਈਵਰਾਂ ਨੂੰ ਨੱਥ ਪਾਉਣ ਲਈ ਹੋਰ ਬਹੁਤ ਕੁਝ ਕੀਤਾ ਜਾ ਸਕਦਾ ਹੈ ਪਰ ਸੂਬਾ ਸਰਕਾਰ ਦੇ ਇਰਾਦੇ ਨਜ਼ਰ ਨਹੀਂ ਆ ਰਹੇ। ਐਨ.ਡੀ.ਪੀ. ਦੀ ਆਗੂ ਮੈਰਿਟ ਸਟਾਈਲਜ਼ ਨੇ ਕਿਹਾ ਕਿ ਪੀ.ਸੀ. ਪਾਰਟੀ ਦੀ ਸਰਕਾਰ ਅੱਠ ਸਾਲ ਤੋਂ ਸੱਤਾ ਵਿਚ ਹੈ ਪਰ ਸ਼ਰਾਬੀ ਡਰਾਈਵਰਾਂ ਦੀ ਨਕੇਲ ਕਸਣ ਵਾਸਤੇ ਸੁਹਿਰਦ ਹੰਭਲਾ ਨਹੀਂ ਮਾਰਿਆ। ਮੰਦਭਾਗੇ ਤੌਰ 'ਤੇ ਹੁਣ ਗੈਸ ਸਟੇਸ਼ਨਾਂ ਤੋਂ ਵੀ ਸ਼ਰਾਬ ਖ਼ਰੀਦੀ ਜਾ ਸਕਦੀ ਹੈ ਅਤੇ ਸ਼ਰਾਬ ਤੇ ਡਰਾਈਵਿੰਗ ਦਾ ਮੇਲ ਰੋਕਣਾ ਸੰਭਵ ਨਹੀਂ। ਗਰੀਨ ਪਾਰਟੀ ਦੇ ਆਗੂ ਮਾਈਕ ਸ਼ਰੀਨਰ ਨੇ ਕਿਹਾ ਕਿ ਨਸ਼ਾ ਕਰ ਕੇ ਡਰਾਈਵਿੰਗ ਰੋਕਣ ਵਾਸਤੇ ਹਰ ਸੰਭਵ ਕਦਮ ਉਠਾਇਆ ਜਾਵੇ ਅਤੇ ਜੇ ਨਵਾਂ ਕਾਨੂੰਨ ਵੀ ਇਕ ਰਾਹ ਬਣਦਾ ਹੈ ਤਾਂ ਚੰਗਾ ਹੋਵੇਗਾ। ਪਰ ਕੌਰਨਰ ਸਟੋਰਜ਼ 'ਤੇ ਵਿਕ ਰਹੀ ਸ਼ਰਾਬ ਹਰ ਸੁਰੱਖਿਆ ਮਾਪਦੰਡ ਦੀਆਂ ਧੱਜੀਆਂ ਉਡਾ ਰਹੀ ਹੈ। ਇਸੇ ਦੌਰਾਨ ਲਿਬਰਲ ਵਿਧਾਇਕ ਜੌਹਨ ਫਰੇਜ਼ਰ ਨੇ ਆਖਿਆ ਕਿ ਮਾਸੂਮ ਲੋਕਾਂ, ਖਾਸ ਤੌਰ 'ਤੇ ਬਗੈਰ ਬੀਮੇ ਵਾਲਿਆਂ ਨੂੰ ਸ਼ਰਾਬੀ ਡਰਾਈਵਰਾਂ ਤੋਂ ਬਚਾਉਣ ਲਈ ਸੂਬਾ ਸਰਕਾਰ ਕਮਜ਼ੋਰ ਉਪਰਾਲੇ ਕਰ ਰਹੀ ਹੈ। ਫਰੇਜ਼ਰ ਨੇ ਦਾਅਵਾ ਕੀਤਾ ਕਿ ਸੂਬਾ ਸਰਕਾਰ ਵੱਲੋਂ ਸਕਿਲਜ਼ ਡਿਵੈਲਪਮੈਂਟ ਫੰਡ ਨਾਲ ਸਬੰਧਤ ਘਪਲੇ ਤੋਂ ਧਿਆਨ ਵੰਡਾਉਣ ਲਈ ਤਾਜ਼ਾ ਐਲਾਨ ਕੀਤਾ ਗਿਆ ਹੈ। ਦੱਸ ਦੇਈਏ ਕਿ ਨਵਾਂ ਕਾਨੂੰਨ ਸ਼ਰਾਬ ਜਾਂ ਕਿਸੇ ਵੀ ਕਿਸਮ ਦਾ ਹੋਰ ਨਸ਼ਾ ਕਰ ਕੇ ਡਰਾਈਵਿੰਗ ਕਰਨ ਵਾਲਿਆਂ 'ਤੇ ਲਾਗੂ ਹੋਵੇਗਾ ਅਤੇ ਵੱਖ ਵੱਖ ਜਥੇਬੰਦੀਆਂ ਵੱਲੋਂ ਇਸ ਦਾ ਸਵਾਗਤ ਕੀਤਾ ਗਿਆ ਹੈ। ਮਦਰਜ਼ ਅਗੇਂਸਟ ਡ੍ਰੰਕ ਡਰਾਈਵਿੰਗ ਦੀ ਕੌਮੀ ਪ੍ਰਧਾਨ ਤਾਨਯਾ ਹੈਨਸਨ ਨੇ ਆਪਣੀ ਮਿਸਾਲ ਪੇਸ਼ ਕੀਤੀ ਕਿ ਕਿਵੇਂ ਇਕ ਸ਼ਰਾਬੀ ਡਰਾਈਵਰ ਨੇ ਉਨ੍ਹਾਂ ਦੀ ਮਾਂ ਨੂੰ ਸਦਾ ਵਾਸਤੇ ਦੂਰ ਕਰ ਦਿਤਾ। ਭਾਵੇਂ ਉਸ ਵੇਲੇ ਤਾਨਯਾ ਦੀ ਉਮਰ ਬਹੁਤ ਘੱਟ ਨਹੀਂ ਸੀ ਪਰ ਮਾਂ ਦੇ ਵਿਛੋੜੇ ਅਤੇ ਆਰਥਿਕ ਸਹਾਇਤਾ ਖੁੱਸ ਜਾਣ ਕਰ ਕੇ ਵੱਡਾ ਝਟਕਾ ਲੱਗਾ। ਉਨਟਾਰੀਓ ਸਰਕਾਰ ਦੇ ਅੰਕੜਿਆਂ ਮੁਤਾਬਕ 2021 ਵਿਚ ਸੂਬੇ ਦੀਆਂ ਸੜਕਾਂ 'ਤੇ ਸ਼ਰਾਬੀ ਡਰਾਈਵਰ 96 ਮੌਤਾਂ ਦਾ ਕਾਰਨ ਬਣੇ ਜਦਕਿ 86 ਮੌਤਾਂ ਹੋਰਨਾਂ ਨਸ਼ਿਆਂ ਕਰ ਕੇ ਹੋਈਆਂ। ਦੱਸ ਦੇਈਏ ਕਿ ਅਮਰੀਕਾ ਦੇ ਟੈਕਸਸ ਸੂਬੇ ਵਿਚ ਬਿਲਕੁਲ ਅਜਿਹਾ ਹੀ ਕਾਨੂੰਨ ਲਾਗੂ ਹੈ ਜਿਥੇ ਨਸ਼ਾ ਕਰ ਕੇ ਡਰਾਈਵਿੰਗ ਕਰਦਿਆਂ ਮੌਤ ਦਾ ਕਾਰਨ ਬਣਨ ਵਾਲਿਆਂ ਨੂੰ ਬੱਚੇ ਦੀ ਉਮਰ 18 ਸਾਲ ਹੋਣ ਤੱਕ ਖਰਚਾ ਦੇਣਾ ਪੈਂਦਾ ਹੈ।

## ਹਰ ਪੰਜਵਾਂ ਪ੍ਰਵਾਸੀ...

"ਦਿ ਲੀਕੀ ਬਕਿਟ 2025" ਵਿੱਚ 40 ਸਾਲਾਂ ਦੇ ਡਾਟੇ ਦੇ ਅਧਾਰ ਤੇ ਦੱਸਿਆ ਗਿਆ ਹੈ ਕਿ ਪ੍ਰਵਾਸੀਆਂ ਦੇ ਕੈਨੇਡਾ ਆਉਣ ਤੋਂ 25 ਸਾਲਾਂ ਦੇ ਅੰਦਰ ਹਰ ਪੰਜਵਾਂ ਪ੍ਰਵਾਸੀ ਦੇਸ਼ ਛੱਡ ਗਿਆ ਹੈ। ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਉੱਚ ਸਿੱਖਿਅਤ ਪ੍ਰਵਾਸੀ ਘੱਟ ਸਿੱਖਿਅਤ ਵਾਲਿਆਂ ਨਾਲੋਂ ਵੱਧ ਤੇਜ਼ੀ ਨਾਲ ਵਾਪਸ ਜਾ ਰਹੇ ਹਨ। ਡਾਕਟਰੇਟ ਧਾਰਕ ਪ੍ਰਵਾਸੀਆਂ ਦੀ ਵਾਪਸੀ ਦੀ ਸੰਭਾਵਨਾ ਸੈਕੰਡਰੀ ਜਾਂ ਘੱਟ ਸਿੱਖਿਆ ਵਾਲਿਆਂ ਨਾਲੋਂ ਦੁੱਗਣੀ ਤੋਂ ਵੱਧ ਹੈ। ਰਿਪੋਰਟ ਮੁਤਾਬਕ, ਜ਼ਿਆਦਾਤਰ ਪ੍ਰਵਾਸੀ ਪਹਿਲੇ ਪੰਜ ਸਾਲਾਂ ਵਿੱਚ ਹੀ ਕੈਨੇਡਾ ਛੱਡ ਦਿੰਦੇ ਹਨ। ਜੇਕਰ ਇਹ ਰੁਝਾਨ ਜਾਰੀ ਰਿਹਾ ਤਾਂ 2026 ਵਿੱਚ ਆਉਣ ਵਾਲੇ 3,80,000 ਪੱਕੇ ਪ੍ਰਵਾਸੀਆਂ ਵਿੱਚੋਂ 20,000 ਤੋਂ ਵੱਧ ਲੋਕ 2031 ਤੱਕ ਦੇਸ਼ ਛੱਡ ਦੇਣਗੇ। ਇੰਸਟੀਚਿਊਟ ਨੇ ਸਰਕਾਰ ਨੂੰ ਸੁਝਾਅ ਦਿੱਤਾ ਹੈ ਕਿ ਉੱਚ ਹੁਨਰ ਵਾਲੇ ਪ੍ਰਵਾਸੀਆਂ ਨੂੰ ਲੰਮੇ ਸਮੇਂ ਤੱਕ ਰੋਕਣ ਲਈ ਇੱਕ ਵਿਸ਼ੇਸ਼ ਟੈਲੈਂਟ ਰਿਟੈਨਸ਼ਨ ਰਣਨੀਤੀ ਬਣਾਈ ਜਾਵੇ। ਰਿਪੋਰਟ ਵਿੱਚ ਵਰਤੇ ਗਏ ਡਾਟੇ ਨੂੰ ਸਟੈਟਿਸਟਿਕਸ ਕੈਨੇਡਾ ਦੇ ਪ੍ਰਵਾਸੀ ਅੰਕੜਿਆਂ ਅਤੇ ਟੈਕਸ ਫਾਈਲਿੰਗ ਰਿਕਾਰਡਾਂ ਤੋਂ ਲਿਆ ਗਿਆ ਹੈ। ਜੇਕਰ ਕੋਈ ਵਿਅਕਤੀ ਲਗਾਤਾਰ ਦੋ ਸਾਲ ਟੈਕਸ ਨਹੀਂ ਭਰਦਾ ਅਤੇ 2022 ਦੇ ਰਿਕਾਰਡ ਵਿੱਚ ਨਹੀਂ ਦਿਖਦਾ ਤਾਂ ਉਸ ਨੂੰ ਦੇਸ਼ ਛੱਡਣ ਵਾਲਾ ਮੰਨਿਆ ਗਿਆ ਹੈ। ਇਹ ਰਿਪੋਰਟ ਕੈਨੇਡਾ ਦੀ ਪ੍ਰਵਾਸੀ ਨੀਤੀ ਲਈ ਇੱਕ ਵੱਡਾ ਸਵਾਲੀਆ ਨਿਸ਼ਾਨ ਹੈ ਕਿ ਦੇਸ਼ ਹੁਨਰ ਖਿੱਚਣ ਵਿੱਚ ਤਾਂ ਭਾਵੇਂ ਸਫਲ ਹੈ ਪਰ ਉਸ ਨੂੰ ਰੋਕੀ ਰੱਖਣ ਵਿੱਚ ਨਹੀਂ। ਖ਼ਾਸ ਕਰਕੇ ਉਹ ਲੋਕ ਜੋ ਕੈਨੇਡਾ ਨੂੰ ਆਪਣੀਆਂ ਉਮੀਦਾਂ ਨਾਲ ਆਉਂਦੇ ਹਨ, ਉਨ੍ਹਾਂ ਨੂੰ ਰੋਕਣ ਲਈ ਨਵੀਆਂ ਯੋਜਨਾਵਾਂ ਦੀ ਲੋੜ ਹੈ।

# DGP ਗੌਰਵ ਯਾਦਵ ਨੇ ਸ਼ਹੀਦੀ ਸ਼ਤਾਬਦੀ ਮੌਕੇ ਪੰਜਾਬ ਪੁਲਿਸ ਵੱਲੋਂ ਕੀਤੇ ਜਾ ਰਹੇ ਸੁਰੱਖਿਆ ਪ੍ਰਬੰਧਾਂ ਦਾ ਲਿਆ ਜਾਇਜ਼ਾ



ਸ੍ਰੀ ਅਨੰਦਪੁਰ ਸਾਹਿਬ: ਨੌਵੇਂ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਪੰਜਾਬ ਪੁਲਿਸ ਵੱਲੋਂ ਕੀਤੇ ਜਾ ਰਹੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਅੱਜ ਪੰਜਾਬ ਪੁਲਿਸ ਦੇ ਡੀਜੀਪੀ ਗੌਰਵ ਯਾਦਵ ਸ੍ਰੀ ਅਨੰਦਪੁਰ ਸਾਹਿਬ ਪੁੱਜੇ, ਜਿੱਥੇ ਉਹਨਾਂ ਵੱਲੋਂ ਪੁਲਿਸ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਅਤੇ ਵੱਖ-ਵੱਖ ਦਿਸ਼ਾ ਨਿਰਦੇਸ਼ ਦਿੱਤੇ ਗਏ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜਾਬ ਸਰਕਾਰ ਵੱਲੋਂ ਕਰਵਾਏ ਜਾਣ ਵਾਲੇ ਸਮਾਗਮਾਂ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਦੇ ਪੁੱਜਣ ਦੀ ਉਮੀਦ ਹੈ, ਜਿਸ ਨੂੰ ਲੈ ਕੇ ਪੰਜਾਬ ਪੁਲਿਸ ਵੱਲੋਂ ਹਰ ਤਰ੍ਹਾਂ ਦੇ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਤਕਰੀਬਨ 8000 ਪੁਲਿਸ ਮੁਲਾਜ਼ਮ ਸ੍ਰੀ ਆਨੰਦਪੁਰ ਸਾਹਿਬ ਵਿਖੇ ਸ਼ਰਧਾਲੂਆਂ ਦੀ ਸੁਰੱਖਿਆ ਕਰਨਗੇ। ਇਸ ਮੌਕੇ 300 ਤੋਂ ਵੱਧ ਸੀਸੀਟੀਵੀ ਕੈਮਰੇ, ਵੱਡੀ ਗਿਣਤੀ ਵਿੱਚ ਡਰੋਨ, ਵਰਦੀਧਾਰੀ ਤੇ ਸਿਵਲ ਕੱਪੜਿਆਂ ਵਿੱਚ ਪੁਲਿਸ ਮੁਲਾਜ਼ਮ ਸ੍ਰੀ ਅਨੰਦਪੁਰ ਸਾਹਿਬ ਦੇ ਚੱਪੇ ਚੱਪੇ 'ਤੇ ਬਾਜ ਅੱਖ ਰੱਖਣਗੇ। ਉਨ੍ਹਾਂ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਣ ਵਾਲੇ ਸਮਾਗਮਾਂ ਸੰਬੰਧੀ ਕੋਈ ਖਾਸ ਤੌਰ 'ਤੇ ਥਰੈਟ ਪਰਸੈਪਸ਼ਨ ਨਹੀਂ ਹੈ ਪ੍ਰੰਤੂ ਅਜਿਹੇ ਸਮਾਗਮ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਪੁੱਜਣਾ ਹੁੰਦਾ ਹੈ, ਜਿਸ ਨੂੰ ਲੈ ਕੇ ਪੰਜਾਬ ਪੁਲਿਸ ਪੂਰੀ ਤਰ੍ਹਾਂ ਤਿਆਰ ਹੈ ਤੇ ਹਰ ਤਰ੍ਹਾਂ ਦੀ ਸਥਿਤੀ ਨੂੰ ਨਜਿੱਠਣ ਦੇ ਲਈ ਪ੍ਰਬੰਧ ਕੀਤੇ ਜਾ ਰਹੇ ਹਨ। ਉਹਨਾਂ ਦੱਸਿਆ ਕਿ ਵੱਖ-ਵੱਖ ਥਾਵਾਂ 'ਤੇ ਪਾਰਕਿੰਗ ਵਿਵਸਥਾ, ਸ਼ਟਲ ਬੱਸ ਸਰਵਿਸ, ਐਂਬੂਲੈਂਸਾਂ ਦੀ ਵਿਵਸਥਾ ਵੀ ਕੀਤੀ ਗਈ ਹੈ ਤਾਂ ਜੋ ਜੇਕਰ ਸਮਾਗਮਾਂ ਦੌਰਾਨ ਕਿਸੇ ਤਰ੍ਹਾਂ ਦੀ ਕੋਈ ਲੋੜ ਪੈਂਦੀ ਹੈ ਤਾਂ ਹਰ ਹਾਲਾਤ ਦੇ ਨਾਲ ਨਜਿੱਠਿਆ ਜਾ ਸਕੇ। ਉਹਨਾਂ ਜਾਣਕਾਰੀ ਦਿੱਤੀ ਕਿ ਸਮਾਗਮਾਂ ਦੇ ਦੌਰਾਨ ਪੁਲਿਸ ਦੀ ਕੋਈ ਵੀ ਗੱਡੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਾਇਰਨ ਨਹੀਂ ਵਜਾਏਗੀ ਤੇ ਆਮ ਸ਼ਰਧਾਲੂਆਂ ਦੀ ਤਰ੍ਹਾਂ ਹੀ ਹਰ ਕੋਈ ਨਤਮਸਤਕ ਹੋਵੇਗਾ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia
# M08006400
Lic # 10686
19 Woodbine Downs Blvd., Suite#201,
Etobicoke, ON. M9W 6N5
The Mortgage Centre

Best Bargain
Carpet & Flooring
Residential - Commercial - Industrial
Sale & Custom Installation done by Professionals
LAUZON Distinctive Hardwood Flooring
PEERLESS
5 Year Installation Warranty on all Carpets & Flooring
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service
WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21
Mississauga, ON L5S 0A2
Email:- best_bargain@hotmail.com
Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum
USA Mace
Special Rates
with Installat on
CAT Batteries 1000c Under Warranty
$550
Instalaior Includec
MICHELIN BFGoodrich DUNLOP GOODYEAR HANKOOK Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਹਰਮੀਤ ਸਿੰਘ ਸੰਧੂ ਨੇ ਵਿਧਾਇਕ ਵਜੋਂ ਹਲਫ਼ ਲਿਆ, ਤਰਨ ਤਾਰਨ ਦੇ ਵਿਕਾਸ ਦਾ ਦਿੱਤਾ ਭਰੋਸਾ



ਤਰਨ ਤਾਰਨ ਹਲਕੇ ਦੀ ਜ਼ਿਮਨੀ ਚੋਣ ਜਿੱਤਣ ਵਾਲੇ ਆਪ ਉਮੀਦਵਾਰ ਹਰਮੀਤ ਸਿੰਘ ਸੰਧੂ ਨੇ ਵਿਧਾਇਕ ਵਜੋਂ ਹਲਫ਼ ਲਿਆ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸੰਧੂ ਨੂੰ ਅਹੁਦੇ ਦਾ ਹਲਫ਼ ਦਿਵਾਇਆ। ਸਾਬਕਾ ਅਕਾਲੀ ਵਿਧਾਇਕ ਹਰਮੀਤ ਸਿੰਘ ਸੰਧੂ ਇਸ ਸਾਲ ਦੇ ਸ਼ੁਰੂ ਵਿਚ ਸ਼੍ਰੋਮਣੀ ਅਕਾਲੀ ਦਲ 'ਚੋਂ ਅਸਤੀਫ਼ਾ ਦੇ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਸਨ।

ਸੰਧੂ ਇਸ ਤੋਂ ਪਹਿਲਾਂ ਤਿੰਨ ਵਾਰ ਵਿਧਾਇਕ ਰਹਿ ਚੁੱਕੇ ਹਨ। ਪਹਿਲੀ ਵਾਰ 2002-07 ਵਿਚ ਆਜ਼ਾਦ ਉਮੀਦਵਾਰ ਵਜੋਂ ਜਿੱਤੇ ਸਨ ਜਦੋਂਕਿ 2007-12 ਤੇ 2012-17 ਵਿਚ ਪੰਜਾਬ ਵਿਧਾਨ ਸਭਾ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਨੁਮਾਇੰਦਗੀ ਕੀਤੀ। 'ਆਪ' ਦੇ ਮੌਜੂਦਾ ਵਿਧਾਇਕ ਕਸ਼ਮੀਰ ਸਿੰਘ ਸੋਹਲ ਦੇ ਦੇਹਾਂਤ ਕਰਕੇ ਤਰਨ ਤਾਰਨ ਹਲਕੇ ਦੀ ਜ਼ਿਮਨੀ ਚੋਣ ਕਰਵਾਉਣ ਦੀ ਲੋੜ ਪਈ ਸੀ।

ਸੰਧੂ ਨੇ 14 ਨਵੰਬਰ ਨੂੰ ਐਲਾਨੇ ਨਤੀਜਿਆਂ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਾਰ ਸੁਖਵਿੰਦਰ ਕੌਰ ਰੰਧਾਵਾ ਨੂੰ 12 ਹਜ਼ਾਰ ਵੋਟਾਂ ਦੇ ਫਰਕ ਨਾਲ ਹਰਾਇਆ ਸੀ। ਸਹੁੰ ਚੁੱਕਣ ਤੋਂ ਪਹਿਲਾਂ ਸੰਧੂ ਨੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਕੀਤੀ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਤਰਨ ਤਾਰਨ ਦੇ ਲੋਕਾਂ ਨਾਲ ਕੀਤੇ ਗਏ ਸਾਰੇ ਵਿਕਾਸ ਕਾਰਜਾਂ ਨੂੰ ਜੰਗੀ ਪੱਧਰ 'ਤੇ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਸਹੁੰ ਚੁੱਕਣ ਮਗਰੋਂ ਬੋਲਦਿਆਂ ਸੰਧੂ ਨੇ ਵੋਟਰਾਂ ਦਾ ਉਨ੍ਹਾਂ 'ਤੇ ਵਿਸ਼ਵਾਸ ਜਤਾਉਣ ਲਈ ਧੰਨਵਾਦ ਕੀਤਾ। ਸਪੀਕਰ ਸੰਧਵਾਂ ਨੇ ਕਿਹਾ ਕਿ ਵਿਧਾਨ ਸਭਾ ਨੂੰ ਸੰਧੂ ਦੇ ਅਮੀਰ ਤਜਰਬੇ ਦਾ ਲਾਭ ਮਿਲੇਗਾ।

# ਰੂਸੀ ਹਮਲੇ 'ਚ 19 ਯੂਕਰੇਨੀ ਹਲਾਕ



ਰੂਸ ਵੱਲੋਂ ਡਰੋਨਾਂ ਅਤੇ ਮਿਜ਼ਾਈਲਾਂ ਨਾਲ ਕੀਤੇ ਗਏ ਜ਼ੋਰਦਾਰ ਹਮਲੇ 'ਚ 19 ਲੋਕ ਮਾਰੇ ਗਏ ਅਤੇ ਦਰਜਨਾਂ ਹੋਰ ਫੱਟੜ ਹੋ ਗਏ। ਇਹ ਹਮਲੇ ਉਸ ਸਮੇਂ ਹੋਏ ਹਨ ਜਦੋਂ ਯੂਕਰੇਨੀ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਤੁਰਕੀ 'ਚ ਆਪਣੇ ਹਮਰੁਤਬਾ ਰੇਸਿਪ ਤੱਈਅਪ ਅਰਦੋਗਾਂ ਨਾਲ ਮੁਲਾਕਾਤ ਕਰਨ ਵਾਲੇ ਹਨ। ਅੰਦਰੂਨੀ ਮਾਮਲਿਆਂ ਬਾਰੇ ਮੰਤਰੀ ਇਹੋਰ ਕਲੀਮੇਂਕੋ ਮੁਤਾਬਕ ਰੂਸ ਵੱਲੋਂ ਮੰਗਲਵਾਰ ਅੱਧੀ ਰਾਤ ਤੋਂ ਬਾਅਦ ਹਵਾਈ ਹਮਲੇ ਕੀਤੇ ਜਿਸ ਨਾਲ ਪੋਲੈਂਡ ਦੀ ਸਰਹੱਦ ਤੋਂ ਕਰੀਬ 200 ਕਿਲੋਮੀਟਰ ਨੇੜਲੇ ਸ਼ਹਿਰ ਟੇਰਨੋਪਿਲ 'ਚ 9-9 ਮੰਜ਼ਿਲਾ ਦੇ ਅਪਰਾਟਮੈਂਟ ਬਲਾਕਾਂ ਨੂੰ ਨੁਕਸਾਨ ਪਹੁੰਚਿਆ।

ਉਨ੍ਹਾਂ ਦੱਸਿਆ ਕਿ ਮਲਬਾ ਹਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹਮਲੇ 'ਚ 16 ਬੱਚਿਆਂ ਸਮੇਤ 66 ਲੋਕ ਜ਼ਖ਼ਮੀ ਹੋਏ ਹਨ। ਯੂਕਰੇਨੀ ਹਵਾਈ ਫੌਜ ਨੇ ਕਿਹਾ ਕਿ ਰੂਸ ਨੇ 476 ਡਰੋਨ ਅਤੇ 48 ਵੱਖ-ਵੱਖ ਕਿਸਮਾਂ ਦੀਆਂ ਮਿਜ਼ਾਈਲਾਂ ਦਾਗ਼ੀਆਂ।

ਸ੍ਰੀ ਜ਼ੇਲੈਂਸਕੀ ਨੇ ਮੈਸੇਜਿੰਗ ਐਪ ਟੈਲੀਗ੍ਰਾਮ 'ਤੇ ਕਿਹਾ ਕਿ ਆਮ ਲੋਕਾਂ 'ਤੇ ਹਮਲਿਆਂ ਤੋਂ ਸੰਕੇਤ ਮਿਲ ਰਹੇ ਹਨ ਕਿ ਜੰਗ ਰੋਕਣ ਲਈ ਰੂਸ 'ਤੇ ਬਹੁਤ ਹੀ ਘੱਟ ਦਬਾਅ ਪੈ ਰਿਹਾ ਹੈ। ਰੂਸ ਵੱਲੋਂ ਯੂਕਰੇਨ ਦੇ ਤਿੰਨ ਹੋਰ ਖ਼ਿੱਤਿਆਂ 'ਚ ਕੀਤੇ ਗਏ ਹਮਲਿਆਂ ਨਾਲ ਕਰੀਬ 50 ਜਣੇ ਜ਼ਖ਼ਮੀ ਹੋ ਗਏ। ਉਧਰ, ਰੋਮਾਨੀਆ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ ਰੂਸੀ ਹਮਲਿਆਂ ਦੌਰਾਨ ਇਕ ਡਰੋਨ ਦੇ ਨਾਟੋ ਮੈਂਬਰ ਮੁਲਕ ਦੇ ਹਵਾਈ ਖੇਤਰ 'ਚ ਦਾਖ਼ਲ ਹੋਣ 'ਤੇ ਦੋ ਯੂਰੋਫਾਈਟਰ ਟਾਈਫੂਨ ਜੈੱਟਾਂ ਅਤੇ ਦੋ ਐੱਫ-16 ਜੈੱਟਾਂ ਨੇ ਇਹਤਿਆਤ ਵਜੋਂ ਉਡਾਣ ਭਰੀ। ਪੋਲੈਂਡ ਫੌਜ ਨੇ ਵੀ ਕਿਹਾ ਕਿ ਉਨ੍ਹਾਂ ਵੀ ਅੱਧੀ ਰਾਤ ਤੋਂ ਬਾਅਦ ਜੈੱਟ ਤਾਇਨਾਤ ਕੀਤੇ ਸਨ। ਪੋਲੈਂਡ ਦੇ ਰਜ਼ੇਸਜ਼ੋਅ ਅਤੇ ਲੁਬਲਿਨ ਹਵਾਈ ਅੱਡਿਆਂ ਨੂੰ ਆਰਜ਼ੀ ਤੌਰ 'ਤੇ ਬੰਦ ਕਰ ਦਿੱਤਾ ਗਿਆ ਸੀ।

## ਨਿਤੀਸ਼ ਕੁਮਾਰ ਮੁੜ ਬਣੇ 10ਵੀਂ ਵਾਰ ਬਿਹਾਰ ਦੇ ਮੁੱਖ ਮੰਤਰੀ



ਬਿਹਾਰ ਵਿੱਚ ਅੱਜ ਇੱਕ ਵਾਰ ਫਿਰ ਇਤਿਹਾਸ ਰਚਿਆ ਗਿਆ ਹੈ। ਜਨਤਾ ਦਲ ਯੂਨਾਈਟਿਡ (JDU) ਦੇ ਰਾਸ਼ਟਰੀ ਪ੍ਰਧਾਨ ਨਿਤੀਸ਼ ਕੁਮਾਰ ਨੇ ਅੱਜ ਯਾਨੀ 20 ਨਵੰਬਰ ਨੂੰ ਪਟਨਾ ਦੇ ਇਤਿਹਾਸਕ ਗਾਂਧੀ ਮੈਦਾਨ ਵਿੱਚ ਰਿਕਾਰਡ 10ਵੀਂ ਵਾਰ ਸੂਬੇ ਦੇ ਮੁੱਖ ਮੰਤਰੀ ਅਹੁਦੇ ਦੀ ਸਹੁੰ ਚੁੱਕੀ ਹੈ। ਰਾਜਪਾਲ ਆਰਿਫ਼ ਮੁਹੰਮਦ ਖਾਨ ਨੇ ਉਨ੍ਹਾਂ ਨੂੰ ਅਹੁਦੇ ਦੀ ਸਹੁੰ ਚੁਕਾਈ। ਨਿਤੀਸ਼ ਕੁਮਾਰ ਤੋਂ ਬਾਅਦ, ਸਮਰਾਟ ਚੌਧਰੀ ਨੇ ਮੰਤਰੀ ਵਜੋਂ ਸਹੁੰ ਚੁੱਕੀ, ਜੋ ਦੂਜੀ ਵਾਰ ਬਿਹਾਰ ਦੇ ਉਪ ਮੁੱਖ ਮੰਤਰੀ ਬਣੇ। ਇਸ ਇਤਿਹਾਸਕ ਪਲ ਦੇ ਗਵਾਹ ਬਣਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਭਾਜਪਾ ਪ੍ਰਧਾਨ ਜੇਪੀ ਨੱਡਾ ਸਣੇ ਦੇਸ਼ ਦੇ ਕਈ ਵੱਡੇ ਆਗੂ ਮੰਚ 'ਤੇ ਮੌਜੂਦ ਰਹੇ। ਰਾਜਪਾਲ ਦੇ ਹੁਕਮਾਂ 'ਤੇ, ਸਮਰਾਟ ਚੌਧਰੀ, ਵਿਜੇ ਸਿਨਹਾ, ਵਿਜੇ ਚੌਧਰੀ, ਵਿਜੇਂਦਰ ਪ੍ਰਸਾਦ ਯਾਦਵ, ਸ਼ਰਵਣ ਕੁਮਾਰ, ਮੰਗਲ ਪਾਂਡੇ, ਡਾ. ਦਿਲੀਪ ਜੈਸਵਾਲ, ਅਸ਼ੋਕ ਚੌਧਰੀ, ਲੇਸ਼ੀ ਸਿੰਘ, ਮਦਨ ਸਾਹਨੀ, ਨਿਤਿਨ ਨਵੀਨ, ਰਾਮਕ੍ਰਿਪਾਲ ਯਾਦਵ, ਸੰਤੋਸ਼ ਸੁਮਨ, ਸੁਨੀਲ ਕੁਮਾਰ, ਜਮਾ ਖਾਨ, ਸੰਜੇ ਸਿੰਘ ਟਾਈਗਰ, ਅਰੁਣ ਸ਼ੰਕਰ ਪ੍ਰਸਾਦ, ਸੁਰੇਂਦਰ ਮਹਿਤਾ, ਨਾਰਾਇਣ ਪ੍ਰਸਾਦ, ਰਮਾ ਨਿਸ਼ਾਦ, ਲਖੇਂਦਰ ਕੁਮਾਰ ਰੋਸ਼ਨ, ਸ਼੍ਰੇਅਸੀ ਸਿੰਘ, ਪ੍ਰਮੋਦ ਕੁਮਾਰ, ਸੰਜੇ ਕੁਮਾਰ ਸਿੰਘ ਅਤੇ ਦੀਪਕ ਪ੍ਰਕਾਸ਼ ਨੂੰ ਮੰਤਰੀ ਨਿਯੁਕਤ ਕੀਤਾ ਗਿਆ।

# ਅਮਰੀਕੀ ਯੂਨੀਵਰਸਿਟੀਆਂ 'ਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 'ਚ ਵੱਡੀ ਗਿਰਾਵਟ ਦਰਜ



ਵਾਸ਼ਿੰਗਟਨ : ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਸਖ਼ਤ ਨੀਤੀਆਂ ਕਾਰਨ ਅਮਰੀਕੀ ਯੂਨੀਵਰਸਿਟੀਆਂ ਵਿਚ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ 'ਚ ਹੁਣ ਤੱਕ ਦੀ ਸਭ ਤੋਂ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। ਇਸ ਸਾਲ ਨਵੇਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 'ਚ 17 ਫੀਸਦੀ ਦੀ ਗਿਰਾਵਟ ਆਈ ਹੈ। 825 ਅਮਰੀਕੀ ਉੱਚ ਸਿੱਖਿਆ ਸੰਸਥਾਵਾਂ ਦੇ ਇਕ ਸਰਵੇਖਣ ਤੋਂ ਪਤਾ ਲੱਗਿਆ ਹੈ ਕਿ 57 ਫੀਸਦੀ ਸੰਸਥਾਵਾਂ ਨੇ ਨਵੇਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲੇ 'ਚ ਗਿਰਾਵਟ ਦੀ ਰਿਪੋਰਟ ਕੀਤੀ ਹੈ, ਜਦੋਂਕਿ ਸਿਰਫ 29 ਫੀਸਦੀ ਨੇ ਹੀ ਵਾਧਾ ਦਰਸਾਇਆ ਹੈ, ਜਿਸ ਨਾਲ ਯੂਨੀਵਰਸਿਟੀਆਂ ਦੇ ਮਾਲੀਏ ਵਿਚ ਗਿਰਾਵਟ ਆਈ ਹੈ। ਇੰਸਟੀਚਿਊਟ ਆਫ਼ ਇੰਟਰਨੈਸ਼ਨਲ ਐਜੂਕੇਸ਼ਨ ਵੱਲੋਂ ਪ੍ਰਦਾਨ ਕੀਤੀ ਗਈ ਇਕ ਰਿਪੋਰਟ ਦੇ ਅਨੁਸਾਰ ਅਤੇ ਵਿਦੇਸ਼ ਵਿਭਾਗ ਦੁਆਰਾ ਸਪਾਂਸਰ ਡਾਟਾ ਟਰੰਪ ਦੀ ਚੋਣ ਤੋਂ ਪਹਿਲਾਂ 2024-25 ਵਿਚ ਨਵੇਂ ਅੰਤਰਰਾਸ਼ਟਰੀ ਦਾਖਲਿਆਂ ਵਿਚ 7 ਫੀਸਦੀ ਦੀ ਗਿਰਾਵਟ ਦਰਸਾਉਂਦੇ ਹਨ, ਜਿਸ ਵਿਚ ਗ੍ਰੈਜੂਏਟਸ 'ਚ 15 ਫੀਸਦੀ ਦੀ ਗਿਰਾਵਟ ਵੀ ਸ਼ਾਮਲ ਹੈ, ਜਿਨ੍ਹਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। ਕਾਮਨ ਐਪ ਦੇ ਅਨੁਸਾਰ ਭਾਰਤੀ ਵਿਦਿਆਰਥੀਆਂ ਦੇ ਦਾਖਲੇ 'ਚ ਗਿਰਾਵਟ ਨੇ ਏਸ਼ੀਆ ਤੋਂ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਨੂੰ ਵੀ ਪ੍ਰਭਾਵਿਤ ਕੀਤਾ ਹੈ। ਇਹ ਗਿਣਤੀ 9 ਫੀਸਦੀ ਘਟੀ ਹੈ। ਅਫਰੀਕਾ ਤੋਂ ਆਉਣ ਵਾਲੇ ਵਿਦਿਆਰਥੀਆਂ ਵਿਚ 18 ਫੀਸਦੀ ਦੀ ਹੋਰ ਵੀ ਤੇਜ਼ ਗਿਰਾਵਟ ਦੇਖੀ ਗਈ, ਜਿਸ ਵਿਚ ਘਾਨਾ ਤੋਂ 43 ਫੀਸਦੀ ਦੀ ਗਿਰਾਵਟ ਵੀ ਸ਼ਾਮਲ ਹੈ। ਭਾਰਤ ਤੋਂ ਆਉਣ ਵਾਲੀਆਂ ਅਰਜ਼ੀਆਂ 'ਚ 14 ਫੀਸਦੀ ਦੀ ਗਿਰਾਵਟ ਆਈ ਹੈ।

# ਸ਼੍ਰੋਮਣੀ ਕਮੇਟੀ ਦਾ ਯੂਟਿਊਬ ਗੁਰਬਾਣੀ ਚੈਨਲ ਇਕ ਹਫ਼ਤੇ ਲਈ ਬੰਦ



ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੇ ਯੂ-ਟਿਊਬ ਗੁਰਬਾਣੀ ਚੈਨਲ ਨੂੰ ਇਕ ਹਫ਼ਤੇ ਲਈ ਬੰਦ ਕਰਨ 'ਤੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਚਿੰਤਾ ਪ੍ਰਗਟ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਤੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਦੇ ਹਫ਼ਤੇ ਦੌਰਾਨ ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਕੀਰਤਨ ਦੇ ਪ੍ਰਸਾਰਣ ਲਈ ਚਲਾਇਆ ਜਾ ਰਿਹਾ ਯੂ.ਟਿਊਬ ਚੈਨਲ ਇਕ ਹਫ਼ਤੇ ਲਈ ਮੁਅੱਤਲ ਕੀਤਾ ਜਾਣਾ ਬਹੁਤ ਹੀ ਦੁਖਦਾਈ ਅਤੇ ਚਿੰਤਾਜਨਕ ਹੈ।

ਗਿਆਨੀ ਹਰਪ੍ਰੀਤ ਸਿੰਘ ਨੇ ਸੋਸ਼ਲ ਮੀਡੀਆ 'ਤੇ ਪਾਈ ਪੋਸਟ ਵਿਚ ਕਿਹਾ ਕਿ ਜਿਹੜੇ ਸੋਸ਼ਲ ਮੀਡੀਆ ਪਲੇਟਫਾਰਮ 'ਆਵਾਜ਼ ਦੀ ਆਜ਼ਾਦੀ' ਦੀਆਂ ਵੱਡੀਆਂ ਗੱਲਾਂ ਕਰਦੇ ਹਨ, ਉਹ ਸਿੱਖ ਇਤਿਹਾਸ ਅਤੇ ਗੁਰਬਾਣੀ ਸਬੰਧੀ ਸਮੱਗਰੀ ਨੂੰ ਦਬਾਉਣ ਦੇ ਫ਼ੈਸਲੇ ਕਿਸ ਨੀਤੀ ਜਾਂ ਕਿਸ ਦਬਾਅ ਹੇਠ ਲੈਂਦੇ ਹਨ, ਇਹ ਇਕ ਗੰਭੀਰ ਸਵਾਲ ਹੈ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਐਸ.ਜੀ.ਪੀ.ਸੀ. ਲਈ ਇਹ ਮਾਮਲਾ ਇਕ ਸਬਕ ਵੀ ਹੈ। ਬਾਹਰੀ ਸੋਸ਼ਲ ਪਲੇਟਫਾਰਮਾਂ 'ਤੇ ਪੂਰੀ ਤਰ੍ਹਾਂ ਨਿਰਭਰ ਹੋਣ ਦੀ ਬਜਾਏ ਸ਼੍ਰੋਮਣੀ ਕਮੇਟੀ ਨੂੰ ਆਪਣਾ ਅਧਿਕਾਰਤ ਸੈਟੇਲਾਈਟ ਚੈਨਲ ਚਲਾਉਣ ਦੀ ਪ੍ਰਕਿਰਿਆ ਜਲਦੀ ਪੂਰੀ ਕਰਨੀ ਚਾਹੀਦੀ ਹੈ, ਜਿਵੇਂ ਜਥੇਦਾਰ ਸਾਹਿਬਾਨਾਂ ਵਲੋਂ ਫ਼ੈਸਲਾ ਕੀਤਾ ਗਿਆ ਸੀ, ਤਾਂ ਜੋ ਗੁਰਬਾਣੀ ਪ੍ਰਸਾਰਣ, ਸਿੱਖ ਇਤਿਹਾਸ ਅਤੇ ਧਾਰਮਿਕ ਸਮਾਗਮਾਂ 'ਤੇ ਕਿਸੇ ਵੀ ਤਰ੍ਹਾਂ ਦੀ ਰੋਕ, ਦਖ਼ਲਅੰਦਾਜ਼ੀ ਜਾਂ ਪਾਬੰਦੀ ਦਾ ਸਾਹਮਣਾ ਨਾ ਕਰਨਾ ਪਵੇ।

# 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਦੇ ਰੂਟ 'ਤੇ ਮੀਟ-ਸ਼ਰਾਬ ਆਦਿ ਦੀਆਂ ਦੁਕਾਨਾਂ ਬੰਦ ਰੱਖਣ ਦੇ ਹੁਕਮ ਜਾਰੀ




ਤਰਨ ਤਾਰਨ - ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਇੱਕ ਵਿਸ਼ਾਲ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ। ਇਹ ਨਗਰ ਕੀਰਤਨ ਮਿਤੀ 21 ਨਵੰਬਰ 2025 ਨੂੰ ਜ਼ਿਲ੍ਹਾ ਤਰਨ ਤਾਰਨ ਵਿੱਚ ਸ਼ਾਮਿਲ ਹੋਵੇਗਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 21 ਨਵੰਬਰ ਨੂੰ ਸਵੇਰੇ ਨਗਰ ਕੀਰਤਨ ਅੰਮ੍ਰਿਤਸਰ ਸ਼ਹਿਰ ਦੇ ਖ਼ਜ਼ਾਨਾ ਗੇਟ ਤੋਂ ਚੱਲ ਕੇ ਵਾਇਆ ਝਬਾਲ ਰੋਡ ਰਾਹੀਂ ਸਵੇਰੇ 9:00 ਵਜੇ ਦੇ ਕਰੀਬ ਜ਼ਿਲ੍ਹਾ ਤਰਨ ਤਾਰਨ ਵਿੱਚ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਪਹੁੰਚੇਗਾ।

ਇਸ ਦਾ ਰੂਟ ਖਜ਼ਾਨਾ ਗੇਟ ਅੰਮ੍ਰਿਤਸਰ, ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਠੱਠਾ ਝਬਾਲ ਚੌਂਕ, ਨੂਰਦੀਨ ਤਰਨ ਤਾਰਨ, ਅੰਮ੍ਰਿਤਸਰ ਬਾਈਪਾਸ ਚੌਂਕ ਤਰਨ ਤਾਰਨ, ਸ੍ਰੀ ਦਰਬਾਰ ਸਾਹਿਬ ਤਰਨ ਤਾਰਨ, ਟੀ ਪੁਆਇੰਟ ਨੇੜੇ ਮਾਝਾ ਕਾਲਜ, ਗੋਇੰਦਵਾਲ ਬਾਈਪਾਸ ਤਰਨ ਤਾਰਨ, ਵੇਈਂ ਪੁਈਂ ਮੋੜ ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਕਪੂਰਥਲਾ ਹੋਵੇਗਾ। ਇਸ ਵਿਸ਼ਾਲ ਨਗਰ ਕੀਰਤਨ ਸਬੰਧੀ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਨਗਰ ਕੀਰਤਨ ਦੌਰਾਨ ਨਗਰ ਕੀਰਤਨ ਦੇ ਰੂਟ ਤੇ ਮੀਟ ਅਤੇ ਸ਼ਰਾਬ ਆਦਿ ਦੀਆਂ ਦੁਕਾਨਾਂ ਬੰਦ ਕਰਨੀਆਂ ਜ਼ਰੂਰੀ ਹਨ।

ਇਸ ਸਭ ਨੂੰ ਧਿਆਨ ਵਿੱਚ ਰੱਖਦੇ ਹੋਏ ਜ਼ਿਲ੍ਹਾ ਮੈਜਿਸਟਰੇਟ, ਤਰਨ ਤਾਰਨ ਰਾਹੁਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਤੇ ਪੰਜਾਬ ਆਬਕਾਰੀ ਐਕਟ, 1914 ਦੀ ਧਾਰਾ 54 ਦੇ ਤਹਿਤ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਮਿਤੀ 21-11-2025 ਨੂੰ ਜ਼ਿਲ੍ਹਾ ਤਰਨ ਤਾਰਨ ਦੀ ਹਦੂਦ ਅੰਦਰ ਨਗਰ ਕੀਰਤਨ ਦੌਰਾਨ ਨਗਰ ਕੀਰਤਨ ਦੇ ਉਕਤ ਰੂਟ ਉੱਪਰ/ਨਜਦੀਕ ਸਥਿਤ ਮੀਟ ਅਤੇ ਸ਼ਰਾਬ ਆਦਿ ਦੀਆਂ ਦੁਕਾਨਾਂ ਬੰਦ ਰੱਖਣ ਹੁਕਮ ਜਾਰੀ ਕੀਤੇ ਹਨ। ਮਾਮਲੇ ਦੀ ਤੱਤਪਰਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਹੁਕਮ ਇੱਕ ਤਰਫਾ ਪਾਸ ਕੀਤਾ ਜਾਂਦਾ ਹੈ। ਸੰਗਤਾਂ ਵੱਲੋਂ ਪੂਰੇ ਜ਼ਿਲ੍ਹੇ ਵਿੱਚ ਵੱਖ-ਵੱਖ ਥਾਈਂ ਇਸ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਜਾਵੇਗਾ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਜ਼ਿਲ੍ਹਾ ਤਰਨ ਤਾਰਨ ਵਿੱਚ ਚਾਰ ਸਥਾਨਾਂ ਉੱਪਰ ਵਿਸ਼ੇਸ਼ ਕੀਤਰਨ ਸਮਾਗਮ ਵੀ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਇਹ ਕੀਰਤਨ ਸਮਾਗਮ ਉਨ੍ਹਾਂ ਸਥਾਨਾਂ ਉੱਪਰ ਹੋਣਗੇ ਜਿੱਥੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਵਨ ਚਰਨ ਪਏ ਹਨ।

# ਕੈਨੇਡਾ 'ਚ 3 ਭਾਰਤੀ ਪਰਿਵਾਰਾਂ ਦੇ ਘਰਾਂ 'ਤੇ ਚੱਲੀਆਂ ਗੋਲੀਆਂ

## * ਓਨਟਾਰੀਓ, ਬੀ.ਸੀ. ਅਤੇ ਐਲਬਰਟਾਂ 'ਚ ਵਾਰਦਾਤਾਂ

## * ਪਿਅਰੇ ਪੌਇਲੀਐਵ ਨੇ ਸੰਸਦ ਵਿਚ ਉਠਾਇਆ ਮੁੱਦਾ



ਐਬਸਫੋਰਡ/ਕੈਂਬਰਿਜ : ਕੈਨੇਡਾ ਦੇ ਤਿੰਨ ਸ਼ਹਿਰਾਂ ਵਿਚ ਭਾਰਤੀਆਂ ਦੇ ਘਰਾਂ ਅਤੇ ਕਾਰੋਬਾਰੀ ਅਦਾਰਿਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਵਾਰਦਾਤਾਂ ਸਾਹਮਣੇ ਆਈਆਂ ਹਨ। ਪਹਿਲੀ ਵਾਰਦਾਤ ਉਨਟਾਰੀਓ ਦੇ ਕੈਂਬਰਿਜ ਸ਼ਹਿਰ ਵਿਚ ਵਾਪਰੀ ਜਿਥੇ ਮੰਗਲਵਾਰ ਵੱਡੇ ਤੜਕੇ ਤਕਰੀਬਨ ਪੌਣੇ ਦੋ ਵਜੇ ਇਕ ਘਰ 'ਤੇ ਗੋਲੀਆਂ ਚੱਲੀਆਂ। ਵਾਟਰਲੂ ਰੀਜਨਲ ਪੁਲਿਸ ਨੇ ਦੱਸਿਆ ਕਿ ਆਰਥਰ ਫ਼ਾਕ ਡਰਾਈਵ ਇਲਾਕੇ ਵਿਚ ਵਾਰਦਾਤ ਦੀ ਇਤਲਾਹ ਮਿਲਣ 'ਤੇ ਅਫ਼ਸਰ ਮੌਕੇ 'ਤੇ ਪੁੱਜੇ ਪਰ ਉਦੋਂ ਤੱਕ ਸ਼ੱਕੀ ਮੌਕੇ ਤੋਂ ਫਰਾਰ ਹੋ ਚੁੱਕੇ ਸਨ। ਗੋਲੀਬਾਰੀ ਦੌਰਾਨ ਘਰ ਵਿਚ ਮੌਜੂਦ ਕੋਈ ਮੈਂਬਰ ਕੋਈ ਜ਼ਖਮੀ ਨਹੀਂ ਹੋਇਆ।

ਇਸ ਮਗਰੋਂ ਮੰਗਲਵਾਰ ਬਾਅਦ ਦੁਪਹਿਰ ਪੁਲਿਸ ਨੇ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਜਾਰੀ ਕਰ ਦਿਤੀ ਜਿਸ ਵਿਚ ਗੂੜ੍ਹੇ ਰੰਗ ਦੀ ਕਾਰ ਵਿਚ ਸਵਾਰ ਸ਼ੱਕੀ ਘੱਟੋ ਘੱਟ 14 ਗੋਲੀਆਂ ਚਲਾਉਂਦਾ ਦੇਖਿਆ ਜਾ ਸਕਦਾ ਹੈ। ਵਾਟਰਲੂ ਰੀਜਨਲ ਪੁਲਿਸ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਜੇ ਕਿਸੇ ਕੋਲ ਵਾਰਦਾਤ ਦੀ ਡੈਸ਼ਕੈਮ ਵੀਡੀਓ ਜਾਂ ਸੀ.ਸੀ.ਟੀ.ਵੀ. ਫੁਟੇਜ ਹੋਵੇ ਤਾਂ ਜਾਂਚਕਰਤਾਵਾਂ ਨਾਲ ਸੰਪਰਕ ਕੀਤਾ ਜਾਵੇ। ਦੂਜੀ ਵਾਰਦਾਤ ਬੀ.ਸੀ. ਦੇ ਐਬਸਫੋਰਡ ਸ਼ਹਿਰ ਦੇ 2500 ਬਲਾਕ ਵਿਚ ਮੰਗਲਵਾਰ ਸਵੇਰੇ ਪੌਣੇ ਚਾਰ ਵਜੇ ਵਾਪਰੀ ਜਦੋਂ ਜੈਨਜ਼ਨ ਸਟ੍ਰੀਟ ਵਿਚ ਇਕ ਘਰ ਦੇ ਬਾਹਰ ਖੜ੍ਹੀਆਂ ਗੱਡੀਆਂ 'ਤੇ ਗੋਲੀਆਂ ਚੱਲੀਆਂ। ਐਬਸਫੋਰਡ ਪੁਲਿਸ ਵੱਲੋਂ ਵਾਰਦਾਤ ਨੂੰ ਜਬਰੀ ਵਸੂਲੀ ਦੇ ਮਾਮਲਿਆਂ ਨਾਲ ਜੋੜਿਆ ਜਾ ਰਿਹਾ ਹੈ ਅਤੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਕੋਈ ਜਾਣਕਾਰੀ ਹੋਵੇ ਤਾਂ 604 859 5225 'ਤੇ ਸੰਪਰਕ ਕਰਦਿਆਂ ਫਾਈਲ ਨੰਬਰ 2025-49673 ਦਾ ਜ਼ਿਕਰ ਕੀਤਾ ਜਾਵੇ।

ਇਸੇ ਦੌਰਾਨ ਐਲਬਰਟਾ ਦੇ ਕੈਲਗਰੀ ਸ਼ਹਿਰ ਵਿਚ ਗਹਿਣਿਆਂ ਦੀ ਇਕ ਦੁਕਾਨ ਸਣੇ 2 ਹੋਰਨਾਂ ਥਾਵਾਂ 'ਤੇ ਗੋਲੀਆਂ ਚੱਲਣ ਦੀ ਰਿਪੋਰਟ ਹੈ। ਕੁਝ ਕਾਰੋਬਾਰੀਆਂ ਤੋਂ ਮੋਟੀ ਰਕਮ ਦੀ ਮੰਗ ਕਰਦੇ ਫੋਨ ਆ ਰਹੇ ਹਨ ਜਦਕਿ ਕੁਝ ਕਬੱਡੀ ਪ੍ਰਮੋਟਰਾਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਦੱਸ ਦੇਈਏ ਕਿ ਪਿਛਲੇ ਕੁਝ ਦਿਨ ਤੋਂ ਭਾਰਤੀ ਕਾਰੋਬਾਰੀਆਂ ਦੇ ਟਿਕਾਣਿਆਂ 'ਤੇ ਗੋਲੀਬਾਰੀ ਦੀਆਂ ਵਾਰਦਾਤਾਂ ਵਿਚ ਮੁੜ ਤੇਜ਼ੀ ਆਈ ਹੈ ਅਤੇ ਮੋਟੀਆਂ ਰਕਮਾਂ ਮੰਗਣ ਦਾ ਮਸਲਾ ਹੋਰ ਭਖਦਾ ਨਜ਼ਰ ਆ ਰਿਹਾ ਹੈ। ਕੰਜ਼ਰਵੇਟਿਵ ਪਾਰਟੀ ਦੇ ਆਗੂ ਪਿਅਰੇ ਪੌਇਲੀਐਵ ਵੱਲੋਂ ਇਹ ਮਸਲਾ ਹਾਊਸ ਆਫ਼ ਕਾਮਨਜ਼ ਵਿਚ ਜ਼ੋਰਦਾਰ ਤਰੀਕੇ ਨਾਲ ਉਠਾਇਆ ਗਿਆ।

# PU ਦੇ ਮੁੱਦੇ 'ਤੇ ਕੇਂਦਰੀ ਗ੍ਰਹਿ ਮੰਤਰੀ ਸ਼ਾਹ ਦੀ ਪੰਜਾਬ ਤੇ ਹਰਿਆਣਾ ਨੂੰ ਸਲਾਹ-'ਗੱਲਬਾਤ ਨਾਲ ਕਰੋ ਮਸਲੇ ਦਾ ਹੱਲ'



ਪੀਯੂ ਦੇ ਮੁੱਦੇ 'ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਬਿਆਨ ਸਾਹਮਣੇ ਆਇਆ ਹੈ। ਬੀਤੇ ਦਿਨੀਂ ਉੱਤਰੀ ਜ਼ੋਨਲ ਕੌਂਸਲ ਦੀ ਮੀਟਿੰਗ ਹੋਈ। ਇਸੇ ਮੀਟਿੰਗ ਵਿਚ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਪੰਜਾਬ ਤੇ ਹਰਿਆਣਾ ਨੂੰ ਅਪੀਲ ਕੀਤੀ ਗਈ ਕਿ ਉਹ ਆਪਸ ਵਿਚ ਗੱਲਬਾਤ ਕਰਨ ਤੇ ਹੱਲ ਕੱਢਣ। ਉਨ੍ਹਾਂ ਕਿਹਾ ਕਿ ਇਸ ਮੁੱਦੇ 'ਤੇ ਸਿੱਖਿਆ ਮੰਤਰਾਲੇ ਤਹਿਤ ਉੱਚ ਸਿੱਖਿਆ ਵਿਭਾਗ ਨੋਡਲ ਅਥਾਰਟੀ ਹੈ ਤੇ ਵਿਭਾਗ ਵੱਲੋਂ ਪਹਿਲਾਂ ਹੀ ਇਸ ਬਾਬਤ ਕਾਨੂੰਨੀ ਪੱਖ ਤੋਂ ਜਾਂਚ ਕੀਤੀ ਜਾ ਰਹੀ ਹੈ।

ਵਿਭਾਗ ਵੱਲੋਂ ਕੁਝ ਦਿਨ ਪਹਿਲਾਂ ਇਕ ਪੱਤਰ ਲਿਖਿਆ ਗਿਆ ਸੀ ਤੇ ਕਿਹਾ ਗਿਆ ਸੀ ਕਿ ਮਾਮਲੇ ਦੀ ਜਾਂਚ ਕੀਤੀ ਗਈ ਤੇ ਦੇਖਿਆ ਗਿਆ ਕਿ ਪੰਜਾਬ ਯੂਨੀਵਰਸਿਟੀ ਵਿਚ ਹਰਿਆਣਾ ਨੂੰ ਇਕ ਹਿੱਸੇਦਾਰ ਵਜੋਂ ਸ਼ਾਮਲ ਕਰਨ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ। ਮੀਟਿੰਗ ਦੌਰਾਨ ਕਿਸੇ ਅੰਤਿਮ ਫੈਸਲੇ ਦਾ ਜ਼ਿਕਰ ਨਹੀਂ ਕੀਤਾ ਗਿਆ। ਹਾਲਾਂਕਿ ਪੰਜਾਬ ਤੇ ਹਰਿਆਣਾ ਨੇ ਆਪਣੇ ਆਪਣਾ ਪੱਖ ਜ਼ਰੂਰ ਰੱਖਿਆ ਸੀ।

ਦੂਜੇ ਪਾਸੇ CM ਮਾਨ ਨੇ ਪੰਜਾਬ ਯੂਨੀਵਰਸਿਟੀ ਤੇ ਚੰਡੀਗੜ੍ਹ 'ਤੇ ਆਪਣਾ ਦਾਅਵਾ ਠੋਕਦਿਆਂ ਕਿਹਾ ਹੈ ਕਿ ਹਰਿਆਣਾ ਨੇ ਦਹਾਕਿਆਂ ਪਹਿਲਾਂ ਆਪਣਾ ਹਿੱਸਾ ਛੱਡ ਦਿੱਤਾ ਸੀ ਤੇ ਉਹ ਉਸ ਨੂੰ ਦੁਬਾਰਾ ਨਹੀਂ ਮੰਗ ਸਕਦੇ। ਪੰਜਾਬ 50 ਸਾਲਾਂ ਤੋਂ ਯੂਨੀਵਰਸਿਟੀ ਦੀ ਮਦਦ ਕਰ ਰਿਹਾ ਸੀ ਤੇ ਉਨ੍ਹਾਂ ਹਰਿਆਣਾ ਵੱਲੋਂ ਇਸ ਵਿਚ ਦਖਲ ਦਾ ਵਿਰੋਧ ਕੀਤਾ। ਬੀਤੇ ਦਿਨੀਂ ਦੋਵਾਂ ਸੂਬਿਆਂ ਨੇ ਯੂਨੀਵਰਸਿਟੀ ਦਾ ਨਿਬੇੜਾ ਮੰਗਿਆ ਸੀ ਪਰ ਅਮਿਤ ਸ਼ਾਹ ਨੇ ਕਿਹਾ ਕਿ ਅਜਿਹੇ ਮੁੱਦੇ ਗੱਲਬਾਤ ਜ਼ਰੀਏ ਹੱਲ ਹੋ ਸਕਦੇ ਹਨ ਤੇ ਇਸ ਲਈ ਦੋਵਾਂ ਨੂੰ ਹੱਲ ਕੱਢਣਾ ਚਾਹੀਦਾ ਹੈ।

# MP ਅੰਮ੍ਰਿਤਪਾਲ ਸਿੰਘ ਨੇ ਹਾਈਕੋਰਟ 'ਚ ਰੱਖੀ ਮੰਗ

ਖਡੂਰ ਸਾਹਿਬ ਤੋਂ MP ਅੰਮ੍ਰਿਤਪਾਲ ਸਿੰਘ ਨਾਲ ਜੁੜੀ ਵੱਡੀ ਖਬਰ ਸਾਹਮਣੇ ਆ ਰਹੀ ਹੈ। ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਪੰਜਾਬ ਤੇ ਹਰਿਆਣਾ ਹਾਈਕੋਰਟ ਪਹੁੰਚੇ ਹਨ। ਉਨ੍ਹਾਂ ਨੇ ਸਰਦ ਰੁੱਤ ਸੈਸ਼ਨ 'ਚ ਸ਼ਾਮਲ ਹੋਣ ਲਈ ਪੈਰੋਲ ਦੀ ਮੰਗ ਕੀਤੀ ਹੈ। ਪੈਰੋਲ ਲਈ ਹਾਈਕੋਰਟ 'ਚ ਪਟੀਸ਼ਨ ਦਾਇਰ ਕੀਤੀ ਹੈ। 'ਸ਼ਅ ਦੀ ਧਾਰਾ 15 ਅਧੀਨ ਪੈਰੋਲ ਦੀ ਮੰਗ ਕੀਤੀ ਗਈ ਹੈ। ਹਾਲਾਂਕਿ ਇਸ ਤੋਂ ਪਹਿਲਾਂ ਵੀ ਜੋ ਲੋਕ ਸਭਾ ਦੇ ਸੈਸ਼ਨ ਚੱਲੇ ਹਨ ਉਨ੍ਹਾਂ ਵਿਚ ਸ਼ਮੂਲੀਅਤ ਕਰਨ ਲਈ ਵੀ 'ਫ ਅੰਮ੍ਰਿਤਪਾਲ ਸਿੰਘ ਲਗਾਤਾਰ ਮੰਗ ਕਰ ਰਹੇ ਹਨ। ਇਥੋਂ ਤੱਕ ਕਿ ਉਨ੍ਹਾਂ ਦੇ ਪਿਤਾ ਤੇ ਪਰਿਵਾਰਕ ਮੈਂਬਰਾਂ ਵੱਲੋਂ ਡੀਸੀ ਨੂੰ ਮੰਗ ਪੱਤਰ ਲਿਖ ਕੇ ਕਿਹਾ ਜਾ ਚੁੱਕਾ ਹੈ ਕਿ ਉਹ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਨ।


ੴ ਸਤਿਗੁਰ ਪ੍ਰਸਾਦਿ
ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰ ਸਿਰਰੁ ਨ ਦੀਆ॥
ਗੁਰਦੁਆਰਾ ਸਾਹਿਬ ਉਨਟਾਰੀਉ ਖਾਲਸਾ ਦਰਬਾਰ
ਦੀਆ ਸਮੂੰਹ ਸੰਗਤਾਂ ਵੱਲੋਂ
ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੇ ਸ਼ਹੀਦੀ ਸਾਕੇ ਦੀ
350 ਸਾਲਾ ਸ਼ਤਾਬਦੀ
ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ 350 ਸਾਲਾ ਗੁਰਿਆਈ ਦਿਵਸ ਸੰਬੰਧੀ
ਵਿਸ਼ੇਸ਼ ਗੁਰਮਤਿ ਸਮਾਗਮ
ਸ੍ਰੀ ਅਖੰਡ ਪਾਠ ਸਾਹਿਬ ਆਰੰਭ 23 ਨਵੰਬਰ 2025 ਦਿਨ ਐਤਵਾਰ ਅਤੇ ਸ੍ਰੀ ਅਖੰਡ ਪਾਠ ਸਾਹਿਬ ਭੋਗ 25 ਨਵੰਬਰ 2025 ਦਿਨ ਮੰਗਲਵਾਰ




7080 Dixie Rd, Mississauga, ON, L5S1B7
Contact: 905-670-3311



Make This Diwali Truly Bright — Step into Your Dream Home with Team Garry Thind
ਟਰੱਕ ਯਾਰਡ ਜਾਂ ਹੋਟਲ, ਮੋਟਲ, ਲੈਂਡ, ਜਾਂ ਪਲਾਜਾ ਖਰੀਦਣ ਵੇਚਣ ਲਈ ਸੰਪਰਕ ਕਰੋ
ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸੀਅਲ ਤੇ ਕਮਰਸ਼ੀਅਲ ਪ੍ਰੋਪਰਟੀ ਖਰੀਦਣ ਤੇ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ
Contact for all your residential & commercial real estate services
RE/MAX GOLD
RE/MAX GOLD REALTY INC., BROKERAGE
Garry Thind
416-702-5151
Top 100 Agents in Canada & Team Garry Thind
ਬਲਜਿੰਦਰ ਸਾਰਾ
Realtor
416-509-6200
905-456-1010, 905-673-8900
2720 North Park Dr. #50, Brampton, On L6S0E9



STUDENT VISA
Fulfill your dreams in
CANADA
* Study Permits
* Express Entry
* PNP * Spousal Category
* Fast Admission Process
* Top Ranking Colleges/Universities
* Min. Qualification Grade 12 (+2)
* Low service Charges
ਅਸੀਂ LMIA ਲੈਣ ਵਿੱਚ ਵੀ ਮਦਦ ਕਰਦੇ ਹਾਂ
ICC
CANADA IMMIGRATION SOLUTIONS INC.
Ripudaman Dhillon
Manu Datta
Ph:- 905-461-2424
iccrc crcic
#1137 Derry Road East, Mississauga, ON. L5T 1P3 Email:- info@iccimmigration.ca

# Iran 'ਚ ਹੁਣ ਭਾਰਤੀਆਂ ਨੂੰ ਨਹੀਂ ਮਿਲੇਗੀ ਵੀਜ਼ਾ ਫਰੀ ਐਂਟਰੀ




ਤਹਿਰਾਨ : ਭਾਰਤੀ ਨਾਗਰਿਕਾਂ ਨੂੰ ਹੁਣ ਇਰਾਨ ਵਿਚ ਵਨ ਵੇਅ ਵੀਜ਼ਾ ਫਰੀ ਐਂਟਰੀ ਨਹੀਂ ਮਿਲ ਸਕੇਗੀ, ਯਾਨੀ ਕਿ ਭਾਰਤੀਆਂ ਨੂੰ ਵੀਜ਼ਾ ਲੈ ਕੇ ਹੀ ਇਰਾਨ ਵਿਚ ਐਂਟਰੀ ਕਰਨੀ ਹੋਵੇਗੀ। ਇੱਥੇ ਹੀ ਬਸ ਨਹੀਂ, ਇਰਾਨ ਦੇ ਹਵਾਈ ਅੱਡੇ ਨੂੰ ਟ੍ਰਾਂਜਿਟ ਪੁਆਇੰਟ ਦੇ ਰੂਪ ਵਿਚ ਵਰਤਿਆ ਜਾਣ ਵਾਲਾ ਵੀਜ਼ਾ ਵੀ ਦਿਖਾਉਣਾ ਹੋਵੇਗਾ। ਇਰਾਨ ਦੀ ਸਰਕਾਰ ਵੱਲੋਂ ਭਾਰਤੀ ਨਾਗਰਿਕਾਂ ਲਈ ਇਹ ਛੋਟ ਖ਼ਤਮ ਕਰਨ ਦਾ ਫ਼ੈਸਲਾ ਕੀਤਾ ਗਿਆ ਏ, ਜੋ 22 ਨਵੰਬਰ ਤੋਂ ਲਾਗੂ ਹੋਵੇਗਾ। ਇਰਾਨ ਵੱਲੋਂ ਭਾਰਤੀ ਨਾਗਰਿਕਾਂ ਦੇ ਲਈ ਸਖ਼ਤੀ ਵਧਾਉਂਦਿਆਂ ਵੱਡਾ ਫ਼ੈਸਲਾ ਕੀਤਾ ਗਿਆ ਏ, ਜਿਸ ਦੇ ਤਹਿਤ ਹੁਣ ਭਾਰਤੀ ਨਾਗਰਿਕਾਂ ਨੂੰ ਇਰਾਨ ਵਿਚ ਵਨ ਵੇਅ ਵੀਜ਼ਾ ਫਰੀ ਐਂਟਰੀ ਨਹੀਂ ਮਿਲੇਗੀ ਅਤੇ ਜੇਕਰ ਇਰਾਨ ਤੋਂ ਹੋ ਕੇ ਕੋਈ ਫਲਾਈਟ ਕਿਸੇ ਤੀਜੇ ਦੇਸ਼ ਵਿਚ ਜਾ ਰਹੀ ਹੋਵੇਗੀ ਤਾਂ ਇਸ ਦੇ ਲਈ ਵੀ ਭਾਰਤੀਆਂ ਨੂੰ ਆਪਣਾ ਟ੍ਰਾਂਜਿਟ ਵੀਜ਼ਾ ਦਿਖਾਉਣਾ ਜ਼ਰੂਰੀ ਹੋਵੇਗਾ। ਮੌਜੂਦਾ ਸਮੇਂ ਇਰਾਨ ਸਰਕਾਰ ਦੇ ਧਿਆਨ ਵਿਚ ਕਈ ਅਜਿਹੀਆਂ ਘਟਨਾਵਾਂ ਆਈਆਂ ਨੇ, ਜਿਨ੍ਹਾਂ ਵਿਚ ਭਾਰਤੀ ਨਾਗਰਿਕਾਂ ਨੂੰ ਨੌਕਰੀ ਦਾ ਝੂਠਾ ਵਾਅਦਾ ਜਾਂ ਤੀਜੇ ਦੇਸ਼ ਵਿਚ ਲਿਜਾਣ ਦਾ ਭਰੋਸਾ ਦੇ ਕੇ ਇਰਾਨ ਲਿਜਾਇਆ ਗਿਆ। ਵੀਜ਼ਾ ਛੋਟ ਸੁਵਿਧਾ ਦਾ ਫ਼ਾਇਦਾ ਉਠਾ ਕੇ ਇਨ੍ਹਾਂ ਲੋਕਾਂ ਨੂੰ ਇਰਾਨ ਲਿਜਾਇਆ ਗਿਆ,, ਫਿਰ ਉਥੇ ਪਹੁੰਚਣ 'ਤੇ ਉਨ੍ਹਾਂ ਤੋਂ ਕਈਆਂ ਨੂੰ ਫਿਰੌਤੀ ਦੇ ਲਈ ਅਗਵਾ ਕਰ ਲਿਆ ਗਿਆ। ਇਸੇ ਕਰਕੇ ਇਰਾਨ ਸਰਕਾਰ ਨੇ ਧੋਖਾਧੜੀ ਅਤੇ ਅਪਰਾਧ ਦੇ ਮਾਮਲਿਆਂ ਨੂੰ ਰੋਕਣ ਲਈ ਇਹ ਕਦਮ ਉਠਾਇਆ ਏ। ਇਸਲਾਮਿਕ ਰਿਪਬਲਿਕ ਆਫ਼ ਇਰਾਨ ਦੀ ਸਰਕਾਰ ਨੇ ਇਸ ਲਈ 22 ਨਵੰਬਰ 2025 ਤੋਂ ਇਰਾਨ ਜਾਣ ਵਾਲੇ ਆਮ ਭਾਰਤੀ ਪਾਸਪੋਰਟ ਹੋਲਡਰਜ਼ ਦੇ ਲਈ ਮੌਜੂਦ ਵੀਜ਼ਾ ਛੋਟ ਸੁਵਿਧਾ ਨੂੰ ਸਸਪੈਂਡ ਕਰ ਦਿੱਤਾ ਤਾਂ ਜੋ ਅਪਰਾਧੀਆਂ ਨੂੰ ਇਸ ਸੁਵਿਧਾ ਦੀ ਗ਼ਲਤ ਵਰਤੋਂ ਕਰਨ ਤੋਂ ਰੋਕਿਆ ਜਾ ਸਕੇ। 22 ਨਵੰਬਰ ਤੋਂ ਆਮ ਪਾਸਪੋਰਟ ਵਾਲੇ ਭਾਰਤੀ ਨਾਗਰਿਕਾਂ ਨੂੰ ਇਰਾਨ ਵਿਚ ਆਉਣ ਜਾਂ ਉਥੋਂ ਲੰਘਣ ਦੇ ਲਈ ਵੀ ਹੁਣ ਵੀਜ਼ਾ ਲੈਣਾ ਹੋਵੇਗਾ। ਭਾਰਤੀ ਵਿਦੇਸ਼ ਮੰਤਰਾਲੇ ਨੇ ਅੱਗੇ ਇਰਾਨ ਜਾਣ ਵਾਲੇ ਸਾਰੇ ਭਾਰਤੀ ਨਾਗਰਿਕਾਂ ਨੂੰ ਸਲਾਹ ਦਿੰਦਿਆਂ ਆਖਿਆ ਏ ਕਿ ਉਹ ਚੌਕਸ ਰਹਿਣ ਅਤੇ ਇਰਾਨ ਦੇ ਜ਼ਰੀਏ ਤੀਜੇ ਦੇਸ਼ਾਂ ਵਿਚ ਵੀਜ਼ਾ ਫਰੀ ਯਾਤਰਾ ਦਾ ਆਫ਼ਰ ਦੇਣ ਵਾਲੇ ਏਜੰਟਾਂ ਤੋਂ ਬਚਣ। ਦੱਸ ਦਈਏ ਕਿ ਹੁਣ ਤੱਕ ਇਰਾਨ ਵਿਚ ਭਾਰਤੀ ਨਾਗਰਿਕ 15 ਦਿਨ ਤੱਕ ਬਿਨਾ ਵੀਜ਼ਾ ਦੇ ਰਹਿ ਸਕਦੇ ਸੀ ਅਤੇ ਇਹ ਛੋਟ ਸਿਰਫ਼ ਟੂਰਿਜ਼ਮ ਯਾਨੀ ਸੈਲਾਨੀਆਂ ਦੇ ਲਈ ਸੀ ਅਤੇ ਸਿਰਫ਼ ਹਵਾਈ ਮਾਰਗ ਤੋਂ ਆਉਣ ਵਾਲੇ ਯਾਤਰੀਆਂ ਨੂੰ ਹੀ ਦਿੱਤੀ ਜਾਂਦੀ ਸੀ,,,ਪਰ ਹੁਣ ਇਸ ਵੱਡੀ ਸਹੂਲਤ ਨੂੰ ਖ਼ਤਮ ਕਰ ਦਿੱਤਾ ਗਿਆ ਏ।

# ਸਕੂਲ 'ਚ ਲੇਟ ਆਉਣ 'ਤੇ ਬੱਚੀ ਕੋਲੋਂ ਕਢਾਈਆਂ 100 ਬੈਠਕਾਂ ਸਿਹਤ ਖ਼ਰਾਬ ਹੋਣ ਮਗਰੋਂ ਬੱਚੀ ਦੀ ਹੋਈ ਮੌਤ



ਮੁੰਬਈ : ਮਹਾਰਾਸ਼ਟਰ ਵਿੱਚ ਇਕ 13 ਸਾਲਾ ਕੁੜੀ ਦੀ ਹੋਈ ਮੌਤ ਤੋਂ ਬਾਅਦ ਵਿਦਿਆਰਥੀਆਂ 'ਤੇ ਹੋ ਰਹੇ ਜ਼ੁਲਮਾਂ ਨੂੰ ਲੈ ਕੇ ਵੱਡਾ ਵਿਵਾਦ ਛਿੜ ਗਿਆ ਏ। ਕੁੜੀ ਦੇ ਪਰਿਵਾਰ ਦਾ ਇਲਜ਼ਾਮ ਐ ਕਿ ਸਕੂਲ ਵਿਚ ਉਸ ਨੂੰ ਲੇਟ ਹੋਣ 'ਤੇ 100 ਬੈਠਕਾਂ ਕੱਢਣ ਦੀ ਸਜ਼ਾ ਦਿੱਤੇ ਜਾਣ ਤੋਂ ਬਾਅਦ ਹੀ ਉਸ ਦੀ ਸਿਹਤ ਖ਼ਰਾਬ ਹੋਈ ਅਤੇ ਫਿਰ ਹਸਪਤਾਲ ਵਿਚ ਉਸ ਦੀ ਮੌਤ ਹੋ ਗਈ। ਦੇਖੋ ਕੀ ਐ ਪੂਰਾ ਮਾਮਲਾ? ਸਕੂਲੀ ਬੱਚੀ ਦੀ ਹੋਈ ਮੌਤ ਦਾ ਇਹ ਮਾਮਲਾ ਮਹਾਰਾਸ਼ਟਰ ਦੇ ਵਸਈ ਇਲਾਕੇ ਵਿਚ ਪੈਂਦੇ ਕੁਵਾਰਾ ਪਾੜਾ ਤੋਂ ਸਾਹਮਣੇ ਆਇਆ ਏ, ਜਿੱਥੇ ਸਕੂਲ ਅਧਿਆਪਕ ਵੱਲੋਂ 100 ਬੈਠਕਾਂ ਕੱਢਣ ਦੀ ਦਿੱਤੀ ਗਈ ਸਜ਼ਾ ਤੋਂ ਬਾਅਦ 13 ਸਾਲਾ ਕੁੜੀ ਦੀ ਮੌਤ ਹੋ ਗਈ। ਉਸ ਨੂੰ ਇਹ ਸਜ਼ਾ ਸਕੂਲ ਲੇਟ ਆਉਣ ਕਰਕੇ ਦਿੱਤੀ ਗਈ ਸੀ ਜੋ ਆਮ ਤੌਰ 'ਤੇ ਹੋਰਨਾਂ ਬੱਚਿਆਂ ਨੂੰ ਵੀ ਦਿੱਤੀ ਜਾਂਦੀ ਸੀ, ਪਰ ਇਸ ਮਗਰੋਂ ਬੱਚੀ ਦੀ ਹਾਲਤ ਖ਼ਰਾਬ ਹੋ ਗਈ, ਜਿਸ ਨੂੰ ਮੁੰਬਈ ਦੇ ਜੇਜੇ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਪਰ 15 ਨਵੰਬਰ ਬਾਲ ਦਿਵਸ ਵਾਲੇ ਦਿਨ ਉਸ ਨੇ ਦਮ ਤੋੜ ਦਿੱਤਾ। ਮ੍ਰਿਤਕ ਬੱਚੀ ਛੇਵੀਂ ਜਮਾਤ ਦੀ ਵਿਦਿਆਰਥਣ ਸੀ। 8 ਨਵੰਬਰ ਦੀ ਸਵੇਰ ਕੁੱਝ ਵਿਦਿਆਰਥੀ ਦੇਰ ਨਾਲ ਸਕੂਲ ਪੁੱਜੇ ਸੀ, ਜਿਨ੍ਹਾਂ ਵਿਚ ਪੂਜਾ ਵੀ ਸ਼ਾਮਲ ਸੀ। ਅਧਿਆਪਕ ਨੇ ਵਿਦਿਆਰਥੀਆਂ ਨੂੰ ਦੇਰੀ ਨਾਲ ਸਕੂਲ ਆਉਣ 'ਤੇ 100 ਵਾਰ ਬੈਠਕਾਂ ਕੱਢਣ ਲਈ ਆਖਿਆ, ਕੁੱਝ ਵਿਦਿਆਰਥੀਆਂ ਨੇ ਤਾਂ ਆਪਣੇ ਮੋਢਿਆਂ 'ਤੇ ਰੱਖੇ ਬੈਗ ਦੇ ਨਾਲ ਹੀ ਬੈਠਕਾਂ ਕੱਢੀਆਂ। ਸਕੂਲ ਤੋਂ ਵਾਪਸ ਘਰ ਆ ਕੇ ਪੂਜਾ ਦੀ ਸਿਹਤ ਖ਼ਰਾਬ ਹੋ ਗਈ, ਜਿਸ ਨੂੰ ਇਲਾਜ ਲਈ ਪਹਿਲਾਂ ਵਸਈ ਦੇ ਆਸਥਾ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਅਤੇ ਫਿਰ ਕਿਸੇ ਦੂਜੇ ਹਸਪਤਾਲ ਵਿਚ ਲਿਜਾਇਆ ਗਿਆ,,,ਉਥੇ ਵੀ ਉਸ ਦੀ ਹਾਲਤ ਠੀਕ ਨਹੀਂ ਹੋਈ, ਜਿਸ ਤੋਂ ਬਾਅਦ ਉਸ ਜਦੋਂ ਇਲਾਜ ਲਈ ਮੁੰਬਈ ਦੇ ਜੇਜੇ ਹਸਪਤਾਲ ਵਿਚ ਲਿਆਂਦਾ ਗਿਆ ਤਾਂ ਕੁੱਝ ਦਿਨ ਬਾਅਦ ਉਸ ਦੀ ਮੌਤ ਹੋ ਗਈ। ਪੁਲਿਸ ਨੇ ਮੁਤਾਬਕ ਮਾਪਿਆਂ ਵੱਲੋਂ ਸ਼ਿਕਾਇਤ ਕੀਤੀ ਗਈ ਸੀ ਕਿ ਸਕੂਲ ਵਿਚ ਉਨ੍ਹਾਂ ਦੀ ਬੱਚੀ ਨੂੰ 100 ਬੈਠਕਾਂ ਕੱਢਣ ਲਈ ਮਜਬੂਰ ਕੀਤਾ ਗਿਆ, ਜਿਸ ਤੋਂ ਬਾਅਦ ਹੀ ਉਸ ਦੀ ਹਾਲਤ ਵਿਗੜੀ। ਪੁਲਿਸ ਇਸ ਮਾਮਲੇ ਵਿਚ ਏਡੀਆਰ ਦਰਜ ਕੀਤੀ ਐ। ਪੁਲਿਸ ਨੇ ਸਪੱਸ਼ਟ ਕੀਤਾ ਕਿ ਉਹ ਪੋਸਟਮਾਰਟਮ ਰਿਪੋਰਟ ਤੋਂ ਬਾਅਦ ਹੀ ਅਗਲੀ ਕਾਰਵਾਈ ਸ਼ੁਰੂ ਕਰਨਗੇ, ਪਰ ਉਸ ਦੀ ਮੁਢਲੀ ਰਿਪੋਰਟ ਦਰਸਾਉਂਦੀ ਐ ਕਿ ਉਸ ਵਿਚ ਹਿਮੋਗਲੋਬਿਨ 4 ਸੀ ਜੋ ਬਹੁਤ ਜ਼ਿਆਦਾ ਘੱਟ ਹੁੰਦੈ। ਇਸ ਮਾਮਲੇ ਵਿਚ ਪ੍ਰਾਇਮਰੀ ਸਿੱਖਿਆ ਅਧਿਕਾਰੀ ਸੋਨਾਲੀ ਮਾਟੇਕਰ ਨੇ ਆਖਿਆ ਕਿ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੀ ਸਜ਼ਾ ਦੇਣਾ ਗ਼ਲਤ ਐ, ਜਿਸ ਕਰਕੇ ਸਕੂਲ ਦੀ ਜਾਂਚ ਲਈ ਇਕ ਕਮੇਟੀ ਬਣਾਈ ਗਈ ਐ। ਜਾਂਚ ਵਿਚ ਜੋ ਵੀ ਅਧਿਆਪਕ ਦੋਸ਼ੀ ਪਾਇਆ ਗਿਆ ਤਾਂ ਉਸ ਦੇ ਵਿਰੁੱਧ ਤੁਰੰਤ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਦੱਸ ਦਈਏ ਕਿ ਬੱਚੀ ਦੀ ਮੌਤ ਦੇ ਕਾਰਨ ਹਾਲੇ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹੋ ਸਕੇ,, ਮਾਮਲੇ ਦੀ ਜਾਂਚ ਤੋਂ ਬਾਅਦ ਹੀ ਮੌਤ ਦੇ ਕਾਰਨ ਦਾ ਅਸਲ ਸੱਚ ਸਾਹਮਣੇ ਆ ਸਕੇਗਾ।

# ਕੇਂਦਰ ਨੂੰ ਪੰਜਾਬ ਦੇ 'ਜਜ਼ਬਾਤਾਂ ਨਾਲ ਨਹੀਂ ਖੇਡਣਾ' ਚਾਹੀਦਾ: CM ਮਾਨ



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਦਾਅਵਾ ਕੀਤਾ ਕਿ ਕੇਂਦਰ ਸਰਕਾਰ ਨੇ ਪੰਜਾਬ ਨਾਲ ਸਬੰਧਤ ਕਈ ਅਹਿਮ ਮੁੱਦਿਆਂ, ਜਿਨ੍ਹਾਂ ਵਿੱਚ ਦਰਿਆਈ ਪਾਣੀਆਂ ਦੀ ਵੰਡ, ਗੁਆਂਢੀ ਸੂਬਿਆਂ ਨਾਲ ਅਧਿਕਾਰਾਂ ਦਾ ਸਾਂਝਾਕਰਨ ਅਤੇ ਪੰਜਾਬ ਯੂਨੀਵਰਸਿਟੀ ਦੀ ਪੁਨਰਗਠਨ (restructuring) ਸ਼ਾਮਲ ਹੈ, ਨੂੰ ਮੁਲਤਵੀ ਕਰ ਦਿੱਤਾ ਹੈ। ਇਹ ਦਾਅਵਾ ਮੁੱਖ ਮੰਤਰੀ ਮਾਨ ਨੇ ਫਰੀਦਾਬਾਦ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪ੍ਰਧਾਨਗੀ ਹੇਠ ਹੋਈ ਉੱਤਰੀ ਜ਼ੋਨਲ ਕੌਂਸਲ ਦੀ 32ਵੀਂ ਮੀਟਿੰਗ ਵਿੱਚ ਸ਼ਾਮਲ ਹੋਣ ਤੋਂ ਇੱਕ ਦਿਨ ਬਾਅਦ ਕੀਤਾ।

ਮੁੱਖ ਮੰਤਰੀ ਮਾਨ ਨੇ ਦੱਸਿਆ ਕਿ ਉਨ੍ਹਾਂ ਨੇ ਮੀਟਿੰਗ ਵਿੱਚ ਕੇਂਦਰ ਨੂੰ ਕਿਹਾ ਹੈ ਕਿ ਉਹ ਸੂਬੇ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕਰਕੇ ਪੰਜਾਬ ਦੇ ਜਜ਼ਬਾਤਾਂ ਨਾਲ ਨਾ ਖੇਡੇ। ਮਾਨ ਨੇ ਪ੍ਰੈੱਸ ਕਾਨਫਰੰਸ ਵਿੱਚ ਪੱਤਰਕਾਰਾਂ ਨੂੰ ਦੱਸਿਆ, "ਮੇਰੇ ਵੱਲੋਂ ਪੰਜਾਬ ਦੇ ਮੁੱਦੇ ਚੁੱਕਣ ਅਤੇ ਸਥਿਤੀ ਨੂੰ ਬਰਕਰਾਰ ਰੱਖਣ ਦੀ ਮੰਗ ਕਰਨ ਤੋਂ ਬਾਅਦ, ਕੇਂਦਰ ਨੇ ਪੰਜਾਬ ਨਾਲ ਸਬੰਧਤ ਸਾਰੇ 11 ਮੁੱਦੇ ਮੁਲਤਵੀ ਕਰ ਦਿੱਤੇ ਹਨ। ਪੰਜਾਬ ਦੇ ਅਧਿਕਾਰਾਂ ਨੂੰ ਕਿਸੇ ਨੂੰ ਵੀ ਖੋਹਣ ਨਹੀਂ ਦਿੱਤਾ ਜਾਵੇਗਾ।"

ਉਨ੍ਹਾਂ ਕਿਹਾ ਕਿ ਗੁਆਂਢੀ ਸੂਬਿਆਂ ਵੱਲੋਂ ਪੰਜਾਬ ਦੇ ਅਧਿਕਾਰ ਖੋਹਣ ਵਾਲੇ ਸਾਰੇ ਦਾਅਵਿਆਂ ਦਾ ਉਨ੍ਹਾਂ ਨੇ ਸਖ਼ਤ ਵਿਰੋਧ ਕੀਤਾ ਅਤੇ ਗ੍ਰਹਿ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਦੇ ਅਧਿਕਾਰਾਂ ਨੂੰ ਖੋਹਣ ਦੀ ਇਜਾਜ਼ਤ ਨਾ ਦੇਣ। ਉੱਤਰੀ ਭਾਰਤ ਵਿੱਚ ਸਿੰਚਾਈ ਲਈ ਪਾਣੀ ਦੀ ਕਮੀ ਹੱਲ ਕਰਨ ਲਈ, ਮੁੱਖ ਮੰਤਰੀ ਨੇ ਪ੍ਰਸਤਾਵ ਦਿੱਤਾ ਕਿ ਸਿੰਧੂ ਦਰਿਆ ਜਲ ਸੰਧੀ (Indus River Waters Treaty) ਨੂੰ ਰੱਦ ਕਰਨ ਤੋਂ ਬਾਅਦ, ਚਨਾਬ ਦਰਿਆ ਦਾ 24 ਅਢ ਪਾਣੀ ਪੰਜਾਬ ਵੱਲ ਮੋੜਿਆ ਜਾਵੇ, ਜਿਸ ਨੂੰ ਸਾਰੇ ਉੱਤਰੀ ਰਾਜਾਂ ਵਿੱਚ ਸਿੰਚਾਈ ਲਈ ਵਰਤਿਆ ਜਾ ਸਕਦਾ ਹੈ। ਉਨ੍ਹਾਂ ਨੇ SYL ਨਹਿਰ ਦਾ ਨਾਂ ਬਦਲ ਕੇ YSL (ਯਮੁਨਾ-ਸਤਲੁਜ ਲਿੰਕ) ਨਹਿਰ ਕਰਨ ਦਾ ਪ੍ਰਸਤਾਵ ਵੀ ਦਿੱਤਾ, ਜਿਸ ਰਾਹੀਂ ਯਮੁਨਾ ਦਾ ਪਾਣੀ ਪੰਜਾਬ ਵੱਲ ਮੋੜਿਆ ਜਾਵੇ। ਦਰਿਆਈ ਪਾਣੀ ਸਮਝੌਤਿਆਂ ਦੀ ਹਰ 25 ਸਾਲ ਬਾਅਦ ਸਮੀਖਿਆ ਹੋਣੀ ਚਾਹੀਦੀ ਹੈ ਕਿਉਂਕਿ ਗੁਆਂਢੀ ਰਾਜਾਂ ਨੇ ਪਾਣੀ ਦੇ ਮੁੱਦੇ ਦਾ ਮਜ਼ਾਕ ਬਣਾਇਆ ਹੋਇਆ ਹੈ ਅਤੇ ਪੰਜਾਬ ਉਨ੍ਹਾਂ ਦੀਆਂ ਮੰਗਾਂ ਕਾਰਨ ਦੁਖੀ ਹੈ।

ਕੇਂਦਰ ਵੱਲੋਂ ਪ੍ਰਸਤਾਵਿਤ ਪੰਜਾਬ ਯੂਨੀਵਰਸਿਟੀ ਸੈਨੇਟ ਅਤੇ ਸਿੰਡੀਕੇਟ ਦੀ ਮੌਜੂਦਾ ਪੁਨਰਗਠਨ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ। ਮਾਨ ਨੇ ਮੰਗ ਕੀਤੀ ਕਿ ਸੈਨੇਟ ਦੀਆਂ ਚੋਣਾਂ ਜਲਦੀ ਕਰਵਾਈਆਂ ਜਾਣ ਕਿਉਂਕਿ ਵਿਦਿਆਰਥੀਆਂ ਨੂੰ ਪਰੇਸ਼ਾਨੀ ਹੋ ਰਹੀ ਹੈ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਦਾ ਭਾਖੜਾ ਬਿਆਸ ਪ੍ਰਬੰਧਨ ਬੋਰਡ (BBMB) ਵਿੱਚ ਕੋਈ ਅਧਿਕਾਰ ਨਹੀਂ ਹੈ ਕਿਉਂਕਿ ਬੋਰਡ ਦਾ ਗਠਨ ਰਾਜ ਦੇ ਪੁਨਰਗਠਨ ਤੋਂ ਬਾਅਦ ਹੋਇਆ ਸੀ।

ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਦੇ ਪ੍ਰਦੂਸ਼ਣ ਨੂੰ ਪਰਾਲੀ ਸਾੜਨ ਨਾਲ ਜੋੜਨ ਦੇ ਮੁੱਦੇ 'ਤੇ, ਮਾਨ ਨੇ ਦਾਅਵਾ ਕੀਤਾ ਕਿ ਪੰਜਾਬ ਦੀ ਤਸਵੀਰ ਨੂੰ ਬੇਲੋੜਾ ਖਰਾਬ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਦਾ ਪ੍ਰਦੂਸ਼ਣ ਪੰਜਾਬ ਵਿੱਚ ਪਰਾਲੀ ਸਾੜਨ ਦਾ ਨਤੀਜਾ ਨਹੀਂ ਹੈ ਕਿਉਂਕਿ ਇੱਥੇ ਝੋਨੇ ਦੀ ਕਟਾਈ ਵਿੱਚ ਦੇਰੀ ਹੋਈ ਹੈ। ਮਾਨ ਨੇ ਪੌਂਗ ਡੈਮ ਦੀ ਗਾਰ ਕੱਢਣ (de-silting) ਦੀ ਲੋੜ 'ਤੇ ਵੀ ਜ਼ੋਰ ਦਿੱਤਾ ਅਤੇ ਗੁਆਂਢੀ ਰਾਜਾਂ ਅਤੇ ਕੇਂਦਰ ਨੂੰ ਇਸ ਦਾ ਬੋਝ ਸਾਂਝਾ ਕਰਨ ਦੀ ਅਪੀਲ ਕੀਤੀ।

# MLA ਮਨਜਿੰਦਰ ਸਿੰਘ ਲਾਲਪੁਰਾ ਦੀ ਪਟੀਸ਼ਨ ਹਾਈਕੋਰਟ ਵੱਲੋਂ ਖਾਰਿਜ

## ਸਜ਼ਾ 'ਤੇ ਰੋਕ ਲਈ ਪਾਈ ਸੀ ਅਰਜ਼ੀ



ਚੰਡੀਗੜ੍ਹ : ਪੰਜਾਬ ਦੇ ਖਡੂਰ ਸਾਹਿਬ ਤੋਂ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੂੰ ਪੰਜਾਬ (Punjab) ਅਤੇ ਹਰਿਆਣਾ ਹਾਈ ਕੋਰਟ ਤੋਂ ਕੋਈ ਰਾਹਤ ਨਹੀਂ ਮਿਲੀ। ਅਦਾਲਤ ਨੇ ਉਨ੍ਹਾਂ ਦੀ ਸਜ਼ਾ 'ਤੇ ਰੋਕ ਲਗਾਉਣ ਦੀ ਪਟੀਸ਼ਨ ਖਾਰਜ ਕਰ ਦਿੱਤੀ ਹੈ। ਮੰਨਿਆ ਜਾ ਰਿਹਾ ਹੈ ਕਿ ਲਾਲਪੁਰਾ ਕੋਲ ਹੁਣ ਸੁਪਰੀਮ ਕੋਰਟ ਤੱਕ ਪਹੁੰਚ ਕਰਨ ਦਾ ਹੀ ਵਿਕਲਪ ਬਚਿਆ ਹੈ।

ਜ਼ਿਕਰਯੋਗ ਹੈ ਕਿ ਇਹ ਮਾਮਲਾ 2013 ਦਾ ਹੈ, ਜਦੋਂ ਵਿਧਾਇਕ ਲਾਲਪੁਰਾ ਇੱਕ ਟੈਕਸੀ ਡਰਾਈਵਰ ਸੀ। ਉਸ 'ਤੇ ਇੱਕ ਵਿਆਹ ਵਿੱਚ ਆਈ ਇੱਕ ਕੁੜੀ ਨਾਲ ਕੁੱਟਮਾਰ ਕਰਨ ਅਤੇ ਛੇੜਛਾੜ ਕਰਨ ਦਾ ਦੋਸ਼ ਲੱਗਾ ਸੀ। ਕਰੀਬ ਦੋ ਮਹੀਨੇ ਪਹਿਲਾਂ ਤਰਨਤਾਰਨ ਜ਼ਿਲ੍ਹਾ ਅਦਾਲਤ ਨੇ 'ਆਪ' ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਤੋਂ ਇਲਾਵਾ ਪੰਜ ਪੁਲਿਸ ਮੁਲਾਜ਼ਮਾਂ ਦਵਿੰਦਰ ਕੁਮਾਰ, ਸਾਰਜ ਸਿੰਘ, ਅਸ਼ਵਨੀ ਕੁਮਾਰ, ਤਰਸੇਮ ਸਿੰਘ ਅਤੇ ਹਰਜਿੰਦਰ ਸਿੰਘ ਨੂੰ ਵੀ ਦੋਸ਼ੀ ਕਰਾਰ ਦਿੰਦੇ ਹੋਏ ਸਜ਼ਾ ਸੁਣਾਈ ਸੀ। ਸਜ਼ਾ ਸੁਣਾਏ ਜਾਣ ਤੋਂ ਬਾਅਦ, ਵਿਧਾਇਕ ਸਮੇਤ 7 ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। 12 ਸਤੰਬਰ ਨੂੰ ਸੁਣਵਾਈ ਤੋਂ ਬਾਅਦ, ਵਿਧਾਇਕ ਨੂੰ ਚਾਰ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ। ਤਰਨਤਾਰਨ ਜ਼ਿਲ੍ਹਾ ਅਦਾਲਤ ਵੱਲੋਂ 4 ਸਾਲ ਦੀ ਕੈਦ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ, ਵਿਧਾਇਕ ਲਾਲਪੁਰਾ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ।

ਜ਼ਿਲ੍ਹਾ ਅਦਾਲਤ ਦੇ ਫੈਸਲੇ ਤੋਂ ਬਾਅਦ, ਪੀੜਤਾ ਨੇ ਕਿਹਾ ਸੀ ਕਿ ਉਸਨੂੰ ਲੰਬੇ ਸਮੇ ਬਾਅਦ ਨਿਆਂ ਮਿਲਿਆ ਹੈ। ਉਸਨੇ ਆਪਣੇ ਪਤੀ ਅਤੇ ਪਰਿਵਾਰ ਦਾ ਵੀ ਧੰਨਵਾਦ ਕੀਤਾ, ਅਤੇ ਕਿਹਾ ਕਿ ਉਹ ਇਸ ਔਖੀ ਘੜੀ ਦੌਰਾਨ ਉਸਦੇ ਨਾਲ ਮਜ਼ਬੂਤੀ ਨਾਲ ਖੜੇ ਰਹੇ। ਪੀੜਤ ਨੇ ਅੱਗੇ ਕਿਹਾ, "ਇਸ ਲੜਾਈ ਦੌਰਾਨ ਕਈ ਔਖੇ ਪੜਾਅ ਆਏ। ਮੈਂ ਆਪਣੇ ਪੁੱਤਰ ਨੂੰ ਕਈ ਮਹੀਨੇ ਸਕੂਲ ਨਹੀਂ ਭੇਜ ਸਕੀ ਸੀ ਕਿਉਂਕਿ ਮੈਨੂੰ ਰਸਤੇ ਵਿੱਚ ਧਮਕੀਆਂ ਮਿਲਦੀਆਂ ਸਨ। ਉਨ੍ਹਾਂ ਨੇ ਮੈਨੂੰ ਕੇਸ ਵਾਪਸ ਲੈਣ ਲਈ ਦਬਾਅ ਪਾਇਆ। ਮੇਰੀ ਜ਼ਿੰਦਗੀ ਦੇ 13 ਸਾਲ ਬਰਬਾਦ ਕਰ ਦਿੱਤੇ ਗਏ।"

# ਅੰਮ੍ਰਿਤਸਰ ਬੱਸ ਅੱਡੇ 'ਚ ਚੱਲੀਆਂ ਤਾਬੜ ਤੋੜ ਗੋਲੀਆਂ, ਇਕ ਜ਼ਖ਼ਮੀ



ਅੰਮ੍ਰਿਤਸਰ : ਅੱਜ ਸਵੇਰੇ ਅੰਮ੍ਰਿਤਸਰ ਬੱਸ ਅੱਡੇ 'ਤੇ ਉਸ ਸਮੇਂ ਹਫੜਾ-ਦਫੜੀ ਮਚ ਗਈ ਜਦੋਂ ਬੱਸਾਂ ਦੇ ਸਮੇਂ ਨੂੰ ਲੈ ਕੇ ਝਗੜਾ ਅਚਾਨਕ ਹਿੰਸਾ ਵਿੱਚ ਬਦਲ ਗਿਆ ਅਤੇ ਗੋਲੀਆਂ ਚੱਲਣ ਲੱਗੀਆਂ। ਚਸ਼ਮਦੀਦਾਂ ਦੇ ਅਨੁਸਾਰ, ਦੋ ਵੱਖ-ਵੱਖ ਨਿੱਜੀ ਬੱਸਾਂ ਦੇ ਕਰਮਚਾਰੀ ਕੁੱਝ ਸਮੇਂ ਲਈ ਬਹਿਸ ਕਰ ਰਹੇ ਸਨ। ਸਥਿਤੀ ਉਦੋਂ ਵਿਗੜ ਗਈ ਜਦੋਂ ਇੱਕ ਧਿਰ ਨੇ ਗੁੱਸੇ ਵਿੱਚ ਆ ਕੇ ਹਥਿਆਰ ਕੱਢੇ ਅਤੇ ਗੋਲੀਬਾਰੀ ਕਰ ਦਿੱਤੀ। ਕਾਹਲੋਂ ਬੱਸ ਕਰਮਚਾਰੀ ਮੱਖਣ ਨੂੰ ਗੋਲੀਬਾਰੀ ਵਿੱਚ ਲਗਭਗ ਚਾਰ ਗੋਲੀਆਂ ਲੱਗੀਆਂ। ਲੋਕਾਂ ਦੇ ਅਨੁਸਾਰ, ਉਹ ਮੌਕੇ 'ਤੇ ਹੀ ਡਿੱਗ ਪਿਆ ਅਤੇ ਉਸ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਇਸ ਘਟਨਾ ਕਾਰਨ ਬੱਸ ਅੱਡੇ 'ਤੇ ਯਾਤਰੀਆਂ ਅਤੇ ਦੁਕਾਨਦਾਰਾਂ ਵਿੱਚ ਭਗਦੜ ਮਚ ਗਈ। ਸੂਚਨਾ ਮਿਲਣ 'ਤੇ, ਪੁਲਿਸ ਤੁਰੰਤ ਘਟਨਾ ਸਥਾਨ 'ਤੇ ਪਹੁੰਚੀ, ਇਲਾਕੇ ਨੂੰ ਘੇਰ ਲਿਆ ਅਤੇ ਜਾਂਚ ਸ਼ੁਰੂ ਕਰ ਦਿੱਤੀ। ਏ.ਸੀ.ਪੀ. ਗਗਨਦੀਪ ਨੇ ਦੱਸਿਆ ਕਿ ਉਨ੍ਹਾਂ ਨੂੰ ਬੱਸ ਅੱਡੇ 'ਤੇ ਗੋਲੀਬਾਰੀ ਬਾਰੇ ਫ਼ੋਨ ਆਇਆ, ਜਿਸ ਤੋਂ ਬਾਅਦ ਇੱਕ ਪੁਲਿਸ ਟੀਮ ਤੁਰੰਤ ਮੌਕੇ 'ਤੇ ਪਹੁੰਚੀ। ਉਨ੍ਹਾਂ ਕਿਹਾ ਕਿ ਜ਼ਖ਼ਮੀ ਕਰਮਚਾਰੀ ਦੀ ਪਛਾਣ ਮੱਖਣ ਵਜੋਂ ਹੋਈ ਹੈ, ਅਤੇ ਸ਼ੁਰੂਆਤੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਝਗੜਾ ਬੱਸ ਦੇ ਸਮੇਂ ਅਤੇ ਪਹਿਲਾਂ ਯਾਤਰੀਆਂ ਨੂੰ ਕਿਸ ਨੇ ਚੁੱਕਣਾ ਹੈ, ਨੂੰ ਲੈ ਕੇ ਸ਼ੁਰੂ ਹੋਇਆ ਸੀ।

ਪੁਲਿਸ ਅਧਿਕਾਰੀਆਂ ਨੇ ਘਟਨਾ ਸਥਾਨ ਤੋਂ ਛੇ ਗੋਲੀਆਂ ਦੇ ਖੋਲ ਬਰਾਮਦ ਕੀਤੇ ਅਤੇ ਗੋਲੀਆਂ ਚਲਾਉਣ ਵਾਲੇ ਵਿਅਕਤੀ ਦੀ ਪਛਾਣ ਕਰਨ ਅਤੇ ਉਸ ਦੀਆਂ ਹਰਕਤਾਂ ਦਾ ਪਤਾ ਲਗਾਉਣ ਲਈ ਨੇੜਲੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਨੇ ਕਿਹਾ ਕਿ ਸ਼ੱਕੀ ਮੌਕੇ ਤੋਂ ਫ਼ਰਾਰ ਹੋ ਗਿਆ ਅਤੇ ਜਿਸ ਦੀ ਭਾਲ ਤੇਜ਼ ਕਰ ਦਿੱਤੀ ਗਈ ਹੈ। ਸਥਾਨਕ ਨਿਵਾਸੀਆਂ ਦਾ ਕਹਿਣਾ ਹੈ ਕਿ ਬੱਸ ਦੇ ਸਮੇਂ ਨੂੰ ਲੈ ਕੇ ਵਿਵਾਦ ਕੋਈ ਨਵੀਂ ਗੱਲ ਨਹੀਂ ਹੈ ਪਰ ਕਿਸੇ ਨੇ ਕਲਪਨਾ ਵੀ ਨਹੀਂ ਕੀਤੀ ਸੀ ਕਿ ਅੱਜ ਸਥਿਤੀ ਇੰਨੀ ਨਾਟਕੀ ਢੰਗ ਨਾਲ ਵਧ ਜਾਵੇਗੀ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ ਅਤੇ ਪੂਰੀ ਘਟਨਾ ਦੀ ਜਾਂਚ ਕਰ ਰਹੀ ਹੈ।

# ਪਾਕਿ ਭੇਜਣ ਲਈ ਸਰਬਜੀਤ ਕੌਰ ਦੀ ਗਵਾਹੀ ਭਰਨ ਵਾਲੇ ਸਾਬਕਾ ਨੰਬਰਦਾਰ ਨੇ ਕੀਤੇ ਵੱਡੇ ਖੁਲਾਸੇ





ਪੰਜਾਬ ਦੇ ਕਪੂਰਥਲਾ ਤੋਂ ਪਾਕਿਸਤਾਨ ਗਈ ਸਰਬਜੀਤ ਕੌਰ ਦੇ ਮਾਮਲੇ ਵਿੱਚ ਦੀ ਗਵਾਹੀ ਭਰਨ ਵਾਲੇ ਸਾਬਕਾ ਨੰਬਰਦਾਰ ਵੱਲੋਂ ਵੱਡੇ ਖੁਲਾਸੇ ਸਾਹਮਣੇ ਆਏ ਹਨ। ਸਾਬਕਾ ਨੰਬਰਦਾਰ ਅਰਜਨ ਸਿੰਘ ਨੇ ਕਿਹਾ ਕਿ ਸਰਬਜੀਤ ਮੇਰੇ ਕੋਲ ਫਾਰਮ ਲੈ ਕੇ ਆਈ ਸੀ, ਕਹਿੰਦੀ ਸੀ ਕਿ ਮੈਂ ਪਾਕਿਸਤਾਨ ਜਾਣਾ ਦਰਸ਼ਨ ਕਰਨ ਲਈ ਤੇ ਤੁਸੀਂ ਦਸਤਖਤ ਕਰ ਦਿਓ ਤਾਂ ਮੈਂ ਦਸਤਖਤ ਕਰ ਦਿੱਤੇ।

ਨੰਬਰਦਾਰ ਨੇ ਕਿਹਾ ਕਿ ਪਿਛਲੇ ਸਾਲ ਉਹ ਸਾਡੇ ਨਾਲ ਕਰਤਾਰਪੁਰ ਵੀ ਗਈ ਸੀ। ਉਥੇ ਅਸੀਂ 3 ਘੰਟੇ ਰੁਕੇ ਸੀ, ਉਥੇ ਉਸ ਨੂੰ ਕੋਈ ਬੰਦਾ ਨਹੀਂ ਮਿਲਿਆ। ਉਸ ਕੋਲ ਪਾਸਪੋਰਟ ਵੀ ਸੀ। ਉਸ ਨੇ ਕਿਹਾ ਕਿ ਸਾਬਕਾ ਨੰਬਰਦਾਰ ਹੋਣ ਕਰਕੇ ਉਸ ਨੇ ਮੇਰੇ ਕੋਲੋਂ ਦਸਤਖਤ ਕਰਵਾਏ ਸਨ। ਉਸ ਦੀ ਕੋਈ ਮਾੜੀ ਹਰਕਤ ਵੀ ਨਹੀਂ ਦੇਖੀ ਸੀ, ਨਾ ਹੀ ਉਸ ਦਾ ਕੋਈ ਪਿੰਡ ਵਿਚ ਕੋਈ ਕੇਸ ਆਇਆ, ਨਾ ਹੀ ਉਸ ਦੀ ਕਦੇ ਕੋਈ ਜਮਾਨਤ ਨਹੀਂ ਦਿੱਤੀ। ਸਾਨੂੰ ਇਸ ਬਾਰੇ ਕੁਝ ਨਹੀਂ ਪਤਾ ਸੀ ਕਿ ਇਹ ਗਲਤ ਜਨਾਨੀ ਹੈ। ਉਸ ਨੇ ਦੱਸਿਆ ਕਿ ਉਸ ਦੇ ਪਤੀ ਦੀ 40 ਸਾਲ ਪਹਿਲਾਂ ਮੌਤ ਹੋ ਚੁੱਕੀ ਸੀ। ਉਸ ਦੇ ਪਰਿਵਾਰ ਵਿਚ ਦੋ ਮੁੰਡੇ ਹਨ, ਜੋਕਿ ਵਿਆਹੇ ਹੋਏ ਹਨ ਤੇ ਉਸ ਦੀਆਂ ਪੋਤਰੀਆਂ ਵੀ ਹਨ। ਕੋਠੀ, ਟਰੈਕਟਰ-ਟਰਾਲੀ ਜਮੀਨ ਸਭ ਕੁਝ ਹੈ। ਉਸ ਨੇ ਕਿਹਾ ਕਿ ਅਸੀਂ ਤਾਂ ਉਸ ਨੂੰ ਚੰਗੇ ਪਾਸੇ ਤੋਰਿਆ ਸੀ ਕਿ ਜਾ ਕੇ ਦਰਸ਼ਨ ਕਰਕੇ ਆਵੇ, ਅਸੀਂ ਰੋਕ ਨਹੀਂ ਮਾਰੀ।

ਦੱਸ ਦੇਈਏ ਕਿ ਭਾਰਤੀ ਇਮੀਗ੍ਰੇਸ਼ਨ ਰਿਕਾਰਡਾਂ ਅਨੁਸਾਰ ਸਰਬਜੀਤ ਕੌਰ 4 ਨਵੰਬਰ ਨੂੰ ਅਟਾਰੀ ਸਰਹੱਦ ਰਾਹੀਂ 1,932 ਸ਼ਰਧਾਲੂਆਂ ਦੇ ਸਮੂਹ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਪਾਕਿਸਤਾਨ ਗਈ ਸੀ। ਹਾਲਾਂਕਿ, ਇਹ ਜਾਣਕਾਰੀ ਉਦੋਂ ਸਾਹਮਣੇ ਆਈ ਜਦੋਂ ਆਖਰੀ ਜਥਾ 10 ਦਿਨਾਂ ਦੀ ਯਾਤਰਾ ਅਤੇ ਪਾਕਿਸਤਾਨ ਦੇ ਵੱਖ-ਵੱਖ ਗੁਰਦੁਆਰਿਆਂ ਦੇ ਦਰਸ਼ਨਾਂ ਤੋਂ ਬਾਅਦ ਭਾਰਤ ਪਹੁੰਚਿਆ। ਹੁਣ ਤੱਕ 1,922 ਸ਼ਰਧਾਲੂ ਆਪਣੇ ਵਤਨ ਵਾਪਸ ਪਰਤ ਚੁੱਕੇ ਹਨ ਪਰ ਔਰਤ, ਸਰਬਜੀਤ ਕੌਰ, ਘਰ ਵਾਪਸ ਨਹੀਂ ਆਈ। ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਕਿ ਔਰਤ ਨੇ 4 ਨਵੰਬਰ ਨੂੰ ਜਥੇ ਵਿੱਚ ਸ਼ਾਮਲ ਹੋਣ ਅਤੇ ਪਾਕਿਸਤਾਨ ਦੀ ਯਾਤਰਾ ਕਰਨ ਵੇਲੇ ਪਾਕਿਸਤਾਨੀ ਇਮੀਗ੍ਰੇਸ਼ਨ ਦਫ਼ਤਰ ਵਿੱਚ ਭਰੇ ਗਏ ਫਾਰਮ ਵਿੱਚ ਆਪਣੀ ਮੁੱਢਲੀ ਜਾਣਕਾਰੀ ਅਧੂਰੀ ਛੱਡ ਦਿੱਤੀ ਸੀ ਅਤੇ ਆਪਣੀ ਨੈਸ਼ਨੈਲਿਟੀ ਜਾਂ ਪਾਸਪੋਰਟ ਨੰਬਰ ਨਹੀਂ ਦਿੱਤਾ ਸੀ। ਬਾਅਦ ਵਿਚ ਖੁਲਾਸਾ ਹੋਇਆ ਕਿ ਉਸ ਨੇ ਪਾਕਿਸਤਾਨ ਵਿਚ ਨਾਂਅ ਬਦਲ ਕੇ ਨਿਕਾਹ ਕਰਵਾ ਲਿਆ ਹੈ। ਉਸ ਦਾ ਨਿਕਾਹ ਤੋਂ ਬਾਅਦ ਨਾਂ ਵੀ ਬਦਲ ਕੇ ਸਰਬਜੀਤ ਕੌਰ ਤੋਂ ਨੂਰ ਹੁਸੈਨ ਰੱਖ ਦਿੱਤਾ ਗਿਆ ਹੈ। ਨਿਕਾਹ ਦਾ ਸਰਟੀਫਿਕੇਟ ਉਸ ਨੂੰ ਪਾਕਿਸਤਾਨ ਦੀ ਇੱਕ ਮਸਜਿਦ ਵੱਲੋਂ ਦਿੱਤਾ ਗਿਆ ਹੈ, ਜਿਥੇ ਉਸ ਦਾ ਨਿਕਾਹ ਹੋਇਆ ਸੀ। ਜਾਣਕਾਰੀ ਮੁਤਾਬਕ ਸਰਬਜੀਤ ਕੌਰ 'ਤੇ ਪੰਜਾਬ 'ਚ ਕਈ ਮੁੱਕਦਮੇ ਦਰਜ ਸਨ।



# ਦਿੱਲੀ ਧਮਾਕੇ ਮਾਮਲੇ 'ਚ ਲੁਧਿਆਣਾ ਦੇ ਡਾਕਟਰ ਤੋਂ ਪੁੱਛਗਿੱਛ

## ਲੈਪਟਾਪ ਤੇ ਕਈ ਹੋਰ ਦਸਤਾਵੇਜ਼ ਕਬਜ਼ੇ ਵਿਚ ਲਏ



ਦਿੱਲੀ ਦੇ ਲਾਲ ਕਿਲ੍ਹੇ ਦੇ ਬਾਹਰ ਹੋਏ ਬੰਬ ਧਮਾਕੇ ਦੇ ਸਬੰਧ ਵਿੱਚ ਐਨਆਈਏ ਵੱਖ-ਵੱਖ ਸੂਬਿਆਂ ਵਿੱਚ ਛਾਪੇਮਾਰੀ ਕਰ ਰਹੀ ਹੈ। ਐਨਆਈਏ ਅਲ-ਫਲਾਹ ਯੂਨੀਵਰਸਿਟੀ ਦੇ ਉਨ੍ਹਾਂ ਸਾਰੇ ਵਿਦਿਆਰਥੀਆਂ ਦੇ ਰਿਕਾਰਡ ਦੀ ਜਾਂਚ ਕਰ ਰਹੀ ਹੈ, ਜਿਨ੍ਹਾਂ ਦੇ ਮੁਲਜ਼ਮਾਂ ਅਤੇ ਉੱਥੇ ਪੜ੍ਹਾਉਣ ਵਾਲੇ ਸ਼ੱਕੀ ਪ੍ਰੋਫੈਸਰਾਂ ਨਾਲ ਸਬੰਧ ਹੋਣ ਦਾ ਸ਼ੱਕ ਹੈ।

ਬੰਬ ਧਮਾਕੇ ਦਾ ਲੁਧਿਆਣਾ ਨਾਲ ਸਬੰਧ ਉਭਰ ਰਿਹਾ ਹੈ। 13 ਨਵੰਬਰ ਨੂੰ, ਐਨਆਈਏ ਨੇ ਲੁਧਿਆਣਾ ਦੇ ਬਾਲ ਸਿੰਘ ਨਗਰ ਵਿੱਚ ਵੀ ਛਾਪਾ ਮਾਰਿਆ।

ਇਸ ਦੌਰਾਨ, ਟੀਮ ਨੇ ਅਲ-ਫਲਾਹ ਯੂਨੀਵਰਸਿਟੀ ਤੋਂ ਐਮਬੀਬੀਐਸ ਗ੍ਰੈਜੂਏਟ ਡਾਕਟਰ ਜਾਨ ਨਿਸਾਰ ਆਲਮ ਦੇ ਕਲੀਨਿਕ 'ਤੇ ਛਾਪਾ ਮਾਰਿਆ। ਡਾਕਟਰ ਮੌਜੂਦ ਨਹੀਂ ਸੀ, ਪਰ ਉਸ ਦਾ ਘਰ ਕਲੀਨਿਕ ਤੋਂ ਕੁਝ ਕਦਮ ਦੀ ਦੂਰੀ 'ਤੇ ਸਥਿਤ ਸੀ।

ਜਦੋਂ ਟੀਮ ਨੇ ਉਸ ਦੇ ਪਿਤਾ ਤੋਂ ਪੁੱਛਗਿੱਛ ਕੀਤੀ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਡਾ. ਜਾਨ ਨਿਸਾਰ ਕੁਝ ਦਿਨ ਪਹਿਲਾਂ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਬੰਗਾਲ ਦੇ ਪਿੰਡ ਡਾਲਖੋਲਾ ਗਏ ਸਨ। ਐਨਆਈਏ ਦੀ ਟੀਮ ਨੇ ਬੰਗਾਲ ਵਿੱਚ ਛਾਪਾ ਮਾਰਿਆ ਅਤੇ ਡਾਕਟਰ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ। ਉਨ੍ਹਾਂ ਨੇ ਦਿਨ ਭਰ ਉਸ ਤੋਂ ਪੁੱਛਗਿੱਛ ਕੀਤੀ ਅਤੇ ਸ਼ਾਮ ਨੂੰ ਛੱਡ ਦਿੱਤਾ। ਦੱਸਿਆ ਜਾ ਰਿਹਾ ਹੈ ਕਿ ਡਾਕਟਰ ਦਾ ਲੈਪਟਾਪ ਅਤੇ ਮੋਬਾਈਲ ਫੋਨ ਉਨ੍ਹਾਂ ਦੇ ਕਬਜ਼ੇ ਵਿੱਚ ਹੈ, ਜਿਨ੍ਹਾਂ ਦੀ ਜਾਂਚ ਕੀਤੀ ਜਾ ਰਹੀ ਹੈ। ਟੀਮ ਨੇ ਡਾਕਟਰ ਨੂੰ ਕਿਹਾ ਹੈ ਕਿ ਜਦੋਂ ਵੀ ਉਨ੍ਹਾਂ ਨੂੰ ਇਸ ਮਾਮਲੇ ਵਿੱਚ ਕਿਸੇ ਵੀ ਤਰ੍ਹਾਂ ਦੀ ਜਾਂਚ ਲਈ ਉਸ ਦੀ ਲੋੜ ਪਵੇਗੀ, ਉਹ ਉਸ ਨੂੰ ਜਾਂਚ ਵਿੱਚ ਹਿੱਸਾ ਲੈਣ ਲਈ ਬੁਲਾਉਣਗੇ, ਅਤੇ ਉਸ ਨੂੰ ਆਉਣਾ ਪਵੇਗਾ। ਅੱਜ, ਡਾਕਟਰ ਆਲਮ ਨੂੰ ਪੁੱਛਗਿੱਛ ਲਈ ਦਿੱਲੀ ਸਥਿਤ ਐਨਆਈਏ ਦਫ਼ਤਰ ਵਿੱਚ ਬੁਲਾਇਆ ਗਿਆ ਹੈ।

# ਰੋਬਰਟ ਪੋਸਟ ਸੀਨੀਅਰ ਕਲੱਬ ਵਲੋਂ ਜਨਰਲ ਬਾਡੀ ਦੀ ਮੀਟਿੰਗ 'ਚ ਬਰੈਂਪਟਨ ਦੀਆਂ ਸੀਨੀਅਰਜ਼ ਕਲੱਬਾਂ ਦੀ ਲਾਮਿਸਾਲ ਹਾਜ਼ਰੀ ਰਹੀ




ਬਰੈਂਪਟਨ: 13 ਨਵੰਬਰ ਵੀਰਵਾਰ ਨੂੰ ਐਸੋਸੀਏਸ਼ਨ ਆਫ ਸੀਨੀਅਰਜ ਕਲੱਬ ਦੀ ਜਨਰਲ ਬਾਡੀ ਦੀ ਮਹੀਨਾਵਾਰ ਮੀਟਿੰਗ ਟੈਰੀ ਮਿਲਰ ਕਮਿਉਨੀਟੀ ਸੈਂਟਰ ਵਿਖੇ ਹੋਈ। ਪਹਿਲਾਂ ਪਲੈਨ ਕੀਤੇ ਅਜੰਡੇ ਅਨੁਸਾਰ ਇਸ ਮੀਟਿੰਗ ਦੇ ਦੂਜੇ ਹਿੱਸੇ ਵਿੱਚ ਸੀਨੀਅਰਜ ਦੀ ਸਰੀਰਕ ਤੇ ਮਾਨਸਿਕ ਸਿਹਤ ਬਾਰੇ ਅਤੇ ਵਡੇਰੀ ਉਮਰ ਵਾਲੇ ਸੀਨੀਅਰਜ ਨਾਲ ਪਰਿਵਾਰ ਦੇ ਹੀ ਮੈਂਬਰਾਂ ਦੁਆਰਾ ਵਧ ਰਹੀਆ ਦੁਰ ਵਿਵਹਾਰ ਦੀ ਘਟਨਾਵਾਂ ਤੋਂ ਬਚਣ ਦੇ ਉਪਾਅ ਬਾਰੇ ਸੈਮੀਨਾਰ ਕਰਵਾਇਆ ਜਾਣਾ ਸੀ। ਸਭ ਤੋਂ ਪਹਿਲਾ ਮੀਟਿੰਗ ਦੀ ਕਾਰਵਾਈ ਸ਼ੁਰੂ ਕਰਦਿਆ ਐਸੋਸੀਏਸ਼ਨ ਦੇ ਸਕੱਤਰ ਪ੍ਰੀਤਮ ਸਿੰਘ ਸਰਾਂ ਨੇ ਸਾਰਿਆ ਨੂੰ ਜੀ ਆਇਆ ਕਿਹਾ ਤੇ ਗੋਰ ਸੀਨੀਅਰ ਕਲੱਬ ਦੇ ਪ੍ਰਧਾਨ ਸੁਖਦੇਵ ਸਿੰਘ ਗਿੱਲ ਨੂੰ ਅਜ ਦੇ ਸਾਰੇ ਫੰਕਸ਼ਨ ਦੀ ਪ੍ਰਧਾਨਗੀ ਕਰਨ ਲਈ ਬੇਨਤੀ ਕੀਤੀ। ਇਸ ਦੇ ਨਾਲ ਐਸੋਸੀਏਸ਼ਨ ਆਫ ਸੀਨੀਅਰਜ ਕਲੱਬਜ ਦੇ ਪ੍ਰਧਾਨ ਜੰਗੀਰ ਸਿੰਘ ਸੈਂਬੀ ਵਲੋਂ ਕਲੱਬ ਦੀਆ ਲਗਾਤਾਰ ਚਲਣ ਵਾਲੀਆਂ ਗਤੀਵਿਧੀਆ ਬਾਰੇ ਵਿਸਥਾਰ ਨਾਲ ਦਸਦਿਆਂ ਆਉਣ ਵਾਲੇ ਸਾਲ ਵਿੱਚ ਚਲਣ ਵਾਲੀਆਂ ਜਨਰਲ ਬਾਡੀ ਦੀਆਂ ਨਿਸਚਿਤ ਕੀਤੀਆ ਮੀਟਿੰਗਾ ਬਾਰੇ ਜਾਣਕਾਰੀ ਸਾਂਝੀ ਕੀਤੀ। ਸਾਰੀਆਂ ਕਲੱਬਜ ਨੂੰ ਨਵੇ ਸਾਲ ਦੀ ਗ੍ਰਾਂਟ ਲਈ ਅਪਲਾਈ ਕਰਨ ਬਾਰੇ ਵੀ ਵਿਸਥਾਰ ਨਾਲ ਸਪਸ਼ਟ ਕੀਤਾ। ਉਹਨਾਂ ਵਲੋ ਸੀਨੀਅਰਜ ਨੂੰ ਕੰਪਿਊਟਰ ਦਾ ਗਿਆਨ ਪ੍ਰਾਪਤ ਕਰਨ ਲਈ ਨਿਸਚਿਤ ਕੀਤੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਅਪੀਲ ਕੀਤੀ। ਮਹਿੰਦਰ ਸਿੰਘ ਮੋਹੀ ਨੇ ਵੀ ਸੀਨੀਅਰਜ ਨੂੰ ਕੰਪਿਊਟਰ ਦਾ ਗਿਆਨ ਪ੍ਰਾਪਤ ਕਰਕੇ ਸਮੇ ਦੇ ਹਾਣ ਦੇ ਬਣਦਿਆਂ, ਆਪਣੇ ਵਿਚਾਰ ਤੇ ਬੀਤੇ ਦੀਆਂ ਯਾਦਾਂ ਨੂੰ ਤੇ ਹਾਂ ਪੱਖੀ ਕੀਤੀਆ ਜਾ ਰਹੀਆ ਗਤੀਵਿਧੀਆ ਨੂੰ ਲਿਖਤੀ ਰੂਪ ਦੇਣ ਦੀ ਆਦਤ ਪਾ ਕੇ ਇਤਿਹਾਸ ਦਾ ਹਿੱਸਾ ਬਣਨ ਲਈ ਕਿਹਾ। 2 ਨਵੰਬਰ ਨੂੰ ਬਰੈਂਪਟਨ ਸਿਟੀ ਦੀ ਨਵੇ ਰੁੱਖ ਲਗਾਉਣ ਦੀ ਮਹਿਮ ਵਿੱਚ ਐਸੋਸੀਏਸ਼ਨ ਆਫ ਸੀਨੀਅਰਜ ਕਲੱਬ ਜੰਗੀਰ ਸਿੰਘ ਸੈਂਬੀ ਦੀ ਅਗਵਾਈ ਵਿੱਚ ਸ਼ਾਮਲ ਹੋਈ ਸੀ। ਅਗਲੇ ਸਾਲ ਤੋਂ ਇਸ ਵਾਤਾਵਰਣ ਪੱਖੀ ਮਹਿਮ ਵਿੱਚ ਸੀਨੀਅਰਜ ਦੀਆਂ ਸਾਰੀਆਂ ਕਲੱਬਾ ਦੇ ਵੱਡੇ ਪੱਧਰ ਤੇ ਸ਼ਾਮਲ ਹੋਣ ਦੀ ਆਸ ਪ੍ਰਗਟਾਈ ਗਈ। ਰੂਬੀ ਸਹੋਤਾ ਦੇ ਮੈਨੇਜਰ ਰਘਬੀਰ ਚੋਹਾਨ ਨੇ ਐਮ.ਪੀ ਵਲੋਂ ਸੀਨੀਅਰਜ ਦੀ ਭਲਾਈ ਲਈ ਫੈਡਰਲ ਸਰਕਾਰ ਵਲੋਂ ਉਲੀਕੇ ਜਾ ਰਹੇ ਕਦਮਾਂ ਦੀ ਜਾਣਕਾਰੀ ਦਿੱਤੀ। ਡਾਕਟਰ ਹਰਿੰਦਰਾ ਜੋਸ਼ੀ ਜੋਂ ਅਮਰੀਕਾ ਵਿੱਚ ਵੱਡੇ ਕਾਰੋਬਾਰੀ ਹਨ, ਵਲੋਂ ਅਗਲੇ ਸਾਲ ਓਨਟਾਰੀਓ ਦੇ ਸੀਨੀਅਰਜ ਲਈ ਵੱਡੇ ਪੱਧਰ ਤੇ ਭਲਾਈ ਸਕੀਮਾਂ ਸ਼ੁਰੂ ਕਰਨ ਤੇ ਉਹਨਾਂ ਨਾਲ ਸਬੰਧਤ ਮਹੱਤਵ ਪੂਰਨ ਵਿਸ਼ਿਆ ਤੇ ਸੈਮੀਨਾਰ ਕਰਵਾਉਣ ਦਾ ਐਲਾਨ ਕੀਤਾ। ਇਸਦੇ ਨਾਲ ਹੀ ਫੰਕਸ਼ਨ ਦੇ ਪਹਿਲੇ ਹਿੱਸੇ ਦੇ ਸ਼ੈਸ਼ਨ ਦੀ ਸਮਾਪਤੀ ਹੋ ਗਈ। ਜੈਮਜ ਪੋਟਰ ਸੀਨੀਅਰ ਕਲੱਬ ਵਲੋਂ ਸਿਹਤਮੰਦ ਆਰਗੈਨਿਕ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ, ਜਿਸਦਾ ਅਨੰਦ ਮਾਣਦੇ ਸੀਨੀਅਰ ਕਲੱਬ ਦੇ ਅਹੁਦੇਦਾਰਾਂ ਦਾ ਇਸ ਨਿਵੇਕਲੇ ਤੇ ਤਾਜਾ ਫੂਡ ਲਈ ਲਗਾਤਾਰ ਧੰਨਵਾਦ ਕਰ ਰਹੇ ਸਨ। ਦੂਜਾ ਸ਼ੈਸ਼ਨ ਦਿਨੋ ਦਿਨ ਵਧ ਰਹੀ ਜਿਆਦਾ ਮਟਾਪੇ ਤੇ ਬੇਲੋੜੇ ਭਾਰ ਦੀ ਸਮੱਸਿਆ ਬਾਰੇ ਸੈਮੀਨਾਰ ਨਾਲ ਸ਼ੁਰੂ ਕੀਤਾ ਗਿਆ। ਇਸੇ ਵਿਸ਼ੇ ਦੇ ਮਾਹਰ ਡਾਈਟੀਸ਼ੀਅਨ ਕਿਰਨ ਤੇ ਸਵੀਤਾ ਮੈਡਲ ਨੇ ਇਸ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਰੋਜਾਨਾ ਸਿਹਤਮੰਦ ਖੁਰਾਕ ਖਾਣ ਤੇ ਉਸ ਤੋਂ ਪ੍ਰਾਪਤ ਕੈਲਰੀਜ ਬਾਰੇ ਜਾਣਕਾਰੀ ਹੋਣ ਤੇ ਜੋਰ ਦਿੱਤਾ। ਅਖੀਰ ਵਿੱਚ ਕਈ ਘਰਾਂ ਵਿੱਚ ਸੀਨੀਅਰਜ ਨਾਲ ਹੁੰਦੇ ਦੁਰ ਵਿਵਹਾਰ ਦੇ ਵਿਸ਼ੇ ਤੇ ਪੁਲੀਸ ਅਫਸਰ ਵਲੋਂ ਕਾਨੂੰਨੀ ਨੁਕਤਿਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਤੇ ਸਪੱਸ਼ਟ ਕੀਤਾ, ਕਿਵੇਂ ਪਰਿਵਾਰ ਦੇ ਮਾਨਸਿਕ ਤੇ ਸਰੀਰਕ ਦੁਰਵਿਵਹਾਰ ਤੋਂ ਪ੍ਰਭਾਵਿਤ ਸੀਨੀਅਰਜ ਨੂੰ ਕਨੂੰਨੀ ਸਹਿਅਤਾ ਲੈਣ ਦਾ ਹਕ ਪ੍ਰਾਪਤ ਹੈ॥ਪੁਲੀਸ ਅਫਸਰ ਲਵਜੀਤ ਬੈਂਸ ਵਲੋਂ ਇੰਟਰਪਰੈਟਰ ਦਾ ਬਖੂਬੀ ਨਾਲ ਰੋਲ ਨਿਭਾਇਆ ਗਿਆ। ਅਖੀਰ ਵਿੱਚ ਅਜ ਦੇ ਸਮਾਗਮ ਦੇ ਪ੍ਰਧਾਨ ਸੁਖਦੇਵ ਸਿੰਘ ਗਿੱਲ ਨੇ ਸਾਰੇ ਸੀਨੀਅਰਜ ਦਾ, ਪ੍ਰਮੁੱਖ ਹਸਤੀਆਂ ਦਾ ਤੇ ਖਾਸ ਤੌਰ ਤੇ ਵਿਸ਼ੇ ਮਾਹਿਰਾਂ ਦਾ ਸਹਿਯੋਗ ਦੇਣ ਤੇ ਸਮਾਗਮ ਨੂੰ ਕਾਮਯਾਬੀ ਨਾਲ ਸੰਪੂਰਨ ਹੋਣ ਲਈ ਧੰਨਵਾਦ ਕੀਤਾ।

# 26 ਨਵੰਬਰ ਨੂੰ ਮਨਾਈ ਜਾਵੇਗੀ ਦਿੱਲੀ ਮੋਰਚੇ ਦੀ 5ਵੀਂ ਵਰ੍ਹੇਗੰਢ: SKM

ਚੰਡੀਗੜ੍ਹ: ਬੂਟਾ ਸਿੰਘ ਬੁਰਜਗਿੱਲ ਨੇ ਦੱਸਿਆ ਕਿ ਅੱਜ ਯੂਨਾਈਟਿਡ ਫਰੰਟ ਪੰਜਾਬ ਚੈਪਟਰ ਦੀ ਮੀਟਿੰਗ ਹੋਈ ਜਿਸ ਵਿੱਚ ਪਹਿਲਾ ਫੈਸਲਾ ਲਿਆ ਗਿਆ ਕਿ 26 ਨਵੰਬਰ 2020 ਨੂੰ ਅਸੀਂ ਦਿੱਲੀ ਗਏ ਸੀ ਜਿਸ ਵਿੱਚ ਅਸੀਂ ਮੋਰਚਾ ਜਿੱਤਿਆ ਸੀ ਅਤੇ ਇਸਦੀ 5ਵੀਂ ਵਰ੍ਹੇਗੰਢ 26 ਨਵੰਬਰ ਨੂੰ ਹੈ ਜਿਸ ਵਿੱਚ ਇਹ ਦੇਸ਼ ਭਰ ਵਿੱਚ ਮਨਾਈ ਜਾਵੇਗੀ ਜਿਸ ਵਿੱਚ ਪੰਜਾਬ ਵੱਲੋਂ ਚੰਡੀਗੜ੍ਹ ਦੇ ਸੈਕਟਰ 34 ਵਿੱਚ ਇੱਕ ਵੱਡਾ ਪ੍ਰਦਰਸ਼ਨ ਕੀਤਾ ਜਾਵੇਗਾ ਜਿਸ ਵਿੱਚ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੀਆਂ ਮੰਗਾਂ 'ਤੇ ਚਰਚਾ ਕੀਤੀ ਜਾਵੇਗੀ ਅਤੇ ਬਾਅਦ ਵਿੱਚ ਆਉਣ ਵਾਲੇ ਦਿਨਾਂ ਲਈ ਐਲਾਨ ਕੀਤਾ ਜਾਵੇਗਾ। ਬੁਰਜਗਿੱਲ ਨੇ ਕਿਹਾ ਕਿ ਕੇਂਦਰ ਸਰਕਾਰ ਨੇ SKM ਨਾਲ ਸਲਾਹ ਕੀਤੇ ਬਿਨਾਂ ਬਿਜਲੀ ਬਿੱਲ ਪੇਸ਼ ਨਾ ਕਰਨ ਦਾ ਵਾਅਦਾ ਕੀਤਾ ਸੀ, ਪਰ ਹੁਣ ਉਹ ਇਸ ਵਾਅਦੇ ਤੋਂ ਮੁੱਕਰ ਗਏ ਜਾਪਦੇ ਹਨ। ਜਿਵੇਂ-ਜਿਵੇਂ ਪਤਝੜ ਨੇੜੇ ਆ ਰਹੀ ਹੈ, ਕੇਂਦਰ ਸਰਕਾਰ ਨੇ ਸੂਬੇ ਦੇ ਇਤਰਾਜ਼ ਮੰਗੇ ਹਨ, ਜਵਾਬ ਦੇਣ ਲਈ 30 ਨਵੰਬਰ ਤੱਕ ਦਾ ਸਮਾਂ ਦਿੱਤਾ ਹੈ। ਪੰਜਾਬ ਇਸ ਮੁੱਦੇ 'ਤੇ ਚੁੱਪ ਹੈ। ਅਸੀਂ ਮੰਗ ਕਰਦੇ ਹਾਂ ਕਿ ਪੰਜਾਬ ਸਰਕਾਰ ਆਪਣੀ ਚੁੱਪੀ ਤੋੜੇ ਅਤੇ ਬਿਜਲੀ ਬਿੱਲ ਦਾ ਵਿਰੋਧ ਕਰਨ ਵਾਲਾ ਪ੍ਰਸਤਾਵ ਪੇਸ਼ ਕਰੇ। ਜੇਕਰ ਇਹ ਚੁੱਪ ਰਿਹਾ ਤਾਂ ਅਸੀਂ 28 ਨਵੰਬਰ ਨੂੰ ਲੁਧਿਆਣਾ ਵਿੱਚ ਇੱਕ ਮੀਟਿੰਗ ਬੁਲਾਵਾਂਗੇ, ਜਿੱਥੇ ਨਿਸ਼ਾਨਾ ਪਹਿਲਾਂ ਨਿਸ਼ਾਨ ਐਪ, ਰੋਣਜਬ ਸਰਕਸ ਦੇ ਮਰੀਜ਼ ਅਤੇ ਫਿਰ ਕੇਂਦਰ ਸਰਕਾਰ ਹੋਵੇਗੀ। ਬੁਰਜਗਿੱਲ ਨੇ ਕਿਹਾ ਕਿ ਜੋ ਹਿਸਾਬ-ਕਿਤਾਬ 21 ਨਵੰਬਰ ਨੂੰ ਕੀਤੀ ਜਾਣੀ ਚਾਹੀਦੀ ਸੀ, ਉਹ ਅਜੇ ਤੱਕ ਨਹੀਂ ਕੀਤੀ ਗਈ। ਇਸ ਲਈ ਸਖ਼ਤ ਕਾਰਵਾਈ 21 ਨਵੰਬਰ ਨੂੰ ਤਿਆਰ ਕੀਤੀ ਜਾਵੇਗੀ, ਜਿਸ ਤੋਂ ਬਾਅਦ ਅਸੀਂ ਇਹ ਮੰਗ 26 ਨਵੰਬਰ ਨੂੰ ਰੱਖਾਂਗੇ।

ਪੰਜਾਬ ਯੂਨੀਵਰਸਿਟੀ ਬਾਰੇ, ਕਿਸਾਨਾਂ ਨੇ ਕਿਹਾ ਕਿ ਉਨ੍ਹਾਂ ਨੇ ਪਹਿਲਾਂ ਵੀ ਹਿੱਸਾ ਲਿਆ ਸੀ, ਅਤੇ ਹੁਣ ਫਰੰਟ ਨੇ ਇੱਕ ਵਾਰ ਫਿਰ ਉਨ੍ਹਾਂ ਦਾ ਸਮਰਥਨ ਮੰਗਿਆ ਹੈ। ਰਾਜੇਵਾਲ ਨੇ ਕਿਹਾ ਕਿ ਸਾਂਝੇ ਫਰੰਟ ਦੀ ਨੀਤੀ ਤਹਿਤ, ਉਹ ਇਸ ਬਾਰੇ ਚਰਚਾ ਕਰਨਗੇ ਕਿ ਉਹ ਕਿੰਨੀ ਦੇਰ ਤੱਕ ਲੜਨਗੇ ਅਤੇ ਕਿੰਨੀ ਦੇਰ ਤੱਕ ਲੜਨਗੇ। ਜਿਸ ਤਰ੍ਹਾਂ ਕੇਂਦਰ ਸਰਕਾਰ ਅਤੇ ਸਹਿਕਾਰੀ ਯੂਨੀਅਨਾਂ ਆਪਣਾ



ਕਬਜ਼ਾ ਲੈ ਰਹੀਆਂ ਹਨ, ਉਸੇ ਤਰ੍ਹਾਂ ਉਹ ਪੰਜਾਬ ਯੂਨੀਵਰਸਿਟੀ ਨੂੰ ਵੀ ਆਪਣੇ ਕਬਜ਼ੇ ਵਿੱਚ ਲੈਣ ਜਾ ਰਹੇ ਹਨ, ਅਤੇ ਅਸੀਂ ਉਨ੍ਹਾਂ ਦਾ ਸਮਰਥਨ ਕਰਾਂਗੇ।

ਬੁਰਜਗਿੱਲ ਨੇ ਕਿਹਾ ਕਿ ਝੋਨੇ ਬਾਰੇ, ਪੰਜਾਬ ਸਰਕਸ ਨੇ ਪੂਰੀ ਫਸਲ ਦੀ ਕਟਾਈ ਦਾ ਵਾਅਦਾ ਕੀਤਾ ਸੀ, ਪਰ ਮੰਡੀਆਂ ਹੁਣ ਬੰਦ ਕਰ ਦਿੱਤੀਆਂ ਗਈਆਂ ਹਨ। ਹਾਲਾਂਕਿ, ਝੋਨਾ ਅਜੇ ਵੀ ਮੰਡੀਆਂ ਵਿੱਚ ਹੈ, ਜਿੱਥੇ ਖਰੀਦ ਬੰਦ ਹੋ ਗਈ ਹੈ। ਖਰੀਦ ਮੁੜ ਸ਼ੁਰੂ ਹੋਣੀ ਚਾਹੀਦੀ ਹੈ ਅਤੇ ਸਰਕਾਰ ਨੂੰ ਪੈਸੇ ਖਰੀਦਣੇ ਚਾਹੀਦੇ ਹਨ। ਜੇਕਰ ਝੋਨੇ ਦੀ ਕਟਾਈ ਨਹੀਂ ਹੁੰਦੀ ਤਾਂ ਕਿਸਾਨ ਵਿਰੋਧ ਕਰਨਗੇ। ਮੁੱਖ ਸਕੱਤਰ ਨੇ ਕਿਹਾ ਕਿ ਝੋਨੇ ਦੀ ਕਟਾਈ ਪੂਰੀ ਹੋ ਗਈ ਹੈ, ਪਰ ਝੋਨੇ ਨੂੰ ਨੁਕਸਾਨ ਪਹੁੰਚਿਆ ਹੈ ਅਤੇ ਝਾੜ ਘੱਟ ਹੈ। ਤਾਂ ਫਿਰ ਝੋਨਾ ਕਿੱਥੋਂ ਆਇਆ? ਪੰਜਾਬ ਸਰਕਸ ਨੇ ਬਾਹਰੋਂ ਝੋਨਾ ਖਰੀਦਿਆ ਹੈ, ਜਿਸ ਕਾਰਨ ਪੰਜਾਬ ਦੇ ਕਿਸਾਨਾਂ ਦਾ ਝੋਨਾ ਖਰਾਬ ਹੋ ਰਿਹਾ ਹੈ। ਪੰਜਾਬ ਵਿੱਚ ਝੋਨੇ ਦੀ ਪੈਦਾਵਾਰ ਘੱਟ ਹੋਣ ਕਾਰਨ, ਅਸੀਂ 500 ਰੁਪਏ ਦੇ ਬੋਨਸ ਦੀ ਮੰਗ ਕਰਦੇ ਹਾਂ। ਸ਼ਾਦੀਪੁਰ ਨੇ ਕਿਹਾ, "ਅਸੀਂ ਚਿੱਪ-ਅਧਾਰਤ ਸਮਾਰਟ ਮੀਟਰ ਲਗਾਉਣ ਦੀ ਇਜਾਜ਼ਤ ਨਹੀਂ ਦੇਵਾਂਗੇ। ਸਾਨੂੰ ਪਰਾਲੀ ਲਈ 200 ਰੁਪਏ ਵੀ ਦੇਣੇ ਚਾਹੀਦੇ ਹਨ, ਜਿਸ ਬਾਰੇ ਸੁਪਰੀਮ ਕੋਰਟ ਨੇ ਕਿਹਾ ਹੈ ਕਿ 7,000 ਰੁਪਏ ਪ੍ਰਤੀ ਏਕੜ ਦੀ ਦਰ ਨਾਲ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ।" ਝੋਨੇ ਨੂੰ ਪ੍ਰਭਾਵਿਤ ਕਰਨ ਵਾਲੀ ਹਲਦੀ ਦੀ ਬਿਮਾਰੀ ਅਤੇ ਬਿਜਾਈ ਦੀ ਬਿਮਾਰੀ ਬਾਰੇ, ਸਰਕਾਰ ਨੇ ਕੁਝ ਨਹੀਂ ਕੀਤਾ, ਜਿਸ ਨਾਲ ਕਿਸਾਨਾਂ ਨੂੰ ਕਾਫ਼ੀ ਨੁਕਸਾਨ ਹੋਇਆ ਹੈ। ਅਸੀਂ ਹਲਦੀ ਦੀ ਬਿਮਾਰੀ ਨਾਲ ਨੁਕਸਾਨੇ ਗਏ ਝੋਨੇ ਲਈ 500 ਰੁਪਏ ਬੋਨਸ ਦੇ ਨਾਲ 30,000 ਰੁਪਏ ਪ੍ਰਤੀ ਏਕੜ ਦੀ ਮੰਗ ਕੀਤੀ ਹੈ। ਸਰਕਾਰ ਸਰਕਾਰੀ ਜ਼ਮੀਨ ਵੇਚ ਰਹੀ ਹੈ, ਅਤੇ ਅਸੀਂ ਇਸਨੂੰ ਵੇਚਣ ਦੀ ਇਜਾਜ਼ਤ ਨਹੀਂ ਦੇਵਾਂਗੇ, ਅਤੇ ਇਸਦਾ ਵਿਰੋਧ ਕਰਾਂਗੇ, ਜਿਵੇਂ ਕਿ ਅਸੀਂ ਲੈਂਡ ਪੂਲਿੰਗ ਦੇ ਵਿਰੁੱਧ ਕੀਤਾ ਸੀ। ਕਿਸਾਨ ਆਗੂ ਸ਼ਾਦੀਪੁਰ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰਾਂ ਨੂੰ ਕਿਸਾਨਾਂ ਵਿਰੁੱਧ ਦਰਜ ਕੀਤੇ ਗਏ ਕੇਸਾਂ ਨੂੰ ਤੁਰੰਤ ਰੱਦ ਕਰਨਾ ਚਾਹੀਦਾ ਹੈ। ਜਗਵੀਰ ਚੌਹਾਨ ਨੇ ਕਿਹਾ ਕਿ 26 ਨਵੰਬਰ ਨੂੰ ਮਨਾਈ ਜਾਣ ਵਾਲੀ ਵਰ੍ਹੇਗੰਢ ਲਈ, ਬਲਬੀਰ ਰਾਜੇਵਾਲ, ਉਗਰਾਹ, ਰਮਿੰਦਰ ਸਿੰਘ ਰਵਨੀਤ ਬਰਾੜ ਅਤੇ ਰੁਲਦਾ ਸਿੰਘ ਮਾਨਸਾ ਦੀ ਇੱਕ ਕਮੇਟੀ ਬਣਾਈ ਗਈ ਹੈ ਜਿਸ ਵਿੱਚ ਵਿਰੋਧ ਪ੍ਰਦਰਸ਼ਨ ਦੀ ਇਜਾਜ਼ਤ ਲਈ ਜਾਵੇਗੀ।

# ਸਰਬਜੀਤ ਕੌਰ ਦੇ ਮਾਮਲੇ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਇਕੱਲੀ ਔਰਤ ਦੇ ਪਾਕਿਸਤਾਨ ਜਾਣ 'ਤੇ ਲਗਾਈ ਰੋਕ

ਮੋਹਾਲੀ: ਸਰਬਜੀਤ ਕੌਰ ਦੇ ਮਾਮਲੇ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਇਕੱਲੀ ਔਰਤ ਦੇ ਪਾਕਿਸਤਾਨ ਜਾਣ 'ਤੇ ਰੋਕ ਲਗਾ ਦਿੱਤੀ ਹੈ। ਇਸ ਮਾਮਲੇ 'ਤੇ ਗੱਲਬਾਤ ਕਰਦਿਆਂ ਬੀਬੀ ਹਰਸ਼ਿੰਦਰ ਕੌਰ ਨੇ ਕਿਹਾ ਕਿ ਇੱਕ ਜਣੇ ਦੀ ਸਜ਼ਾ ਸਾਰਿਆਂ ਨੂੰ ਕਿਉਂ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਬਜੀਤ ਕੌਰ ਨੇ ਜੋ ਕੀਤਾ, ਉਸ ਦੇ ਅਧਾਰ ਤੇ ਬੰਦਿਸ਼ ਨਹੀਂ ਲਗਾਈ ਜਾ ਸਕਦੀ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਵੱਲੋਂ ਇਕੱਲੀ ਔਰਤ ਦੇ ਪਾਕਿਸਤਾਨ ਜਾਣ 'ਤੇ ਲਗਾਈ ਰੋਕ ਦੇ ਮਾਮਲੇ 'ਤੇ DSGMC ਮੈਂਬਰ ਬੀਬੀ ਰਣਜੀਤ ਕੌਰ ਨੇ ਵੀ ਪ੍ਰਤੀਕ੍ਰਿਆ ਦਿੱਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਫ਼ੈਸਲਾ ਲੈਣ ਤੋਂ ਪਹਿਲਾਂ ਸੋਚਣਾ ਚਾਹੀਦਾ ਸੀ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਮੈਂਬਰ ਹਰਜਿੰਦਰ ਕੌਰ ਨੇ ਗੱਲਬਾਤ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਕੱਲੇ-ਇਕੱਲੇ ਨੂੰ ਪਰਸਨਲ ਸੁਰੱਖਿਆ ਮੁਹੱਈਆ ਨਹੀਂ ਕਰਵਾ ਸਕਦੀ। ਉਨ੍ਹਾਂ ਕਿਹਾ ਕਿ ਪਾਕਿਸਤਾਨ ਜਾਣ ਲਈ ਸ਼੍ਰੋਮਣੀ ਕਮੇਟੀ ਸ਼ਰਧਾਲੂਆਂ ਨੂੰ ਉਤਸ਼ਾਹਿਤ ਕਰੇਗੀ ਕਿ ਪਰਿਵਾਰ ਇਕੱਠੇ ਹੀ ਆਉਣ। ਜ਼ਿਕਰਯੋਗ ਹੈ ਕਿ ਕਪੂਰਥਲਾ ਦੀ ਸਰਬਜੀਤ ਕੌਰ, ਜੋ ਪ੍ਰਕਾਸ਼ ਪੁਰਬ 'ਤੇ ਸਿੱਖ ਜਥੇ ਨਾਲ ਧਾਰਮਿਕ ਯਾਤਰਾ ਲਈ ਪਾਕਿਸਤਾਨ ਗਈ ਸੀ, ਨੇ ਉੱਥੇ ਧਰਮ ਬਦਲ ਕੇ ਨਿਕਾਹ ਕਰ ਲਿਆ। ਇਸ ਘਟਨਾ ਨੇ ਪੰਜਾਬ ਵਿੱਚ ਵਿਵਾਦ ਖੜ੍ਹਾ ਕਰ ਦਿੱਤਾ ਹੈ। ਪਰਿਵਾਰ ਨੂੰ ਇਸ ਮਾਮਲੇ ਦੀ ਪਹਿਲਾਂ ਕੋਈ ਜਾਣਕਾਰੀ ਨਹੀਂ ਸੀ। ਜਦੋਂ ਮੀਡੀਆ ਰਾਹੀਂ ਇਹ ਮਾਮਲਾ ਸਾਹਮਣੇ ਆਇਆ, ਤਾਂ ਸਰਕਾਰ ਅਤੇ SGPC ਦੋਹਾਂ 'ਤੇ ਸਵਾਲ ਉਠੇ।

# ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਸੁਣਾਈ ਗਈ ਫਾਂਸੀ ਦੀ ਸਜ਼ਾ, ਜਾਣੋ ਕਿਹੜੇ-ਕਿਹੜੇ ਲੱਗੇ ਦੋਸ਼ ?



ਨਵੀ ਦਿੱਲੀ : ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ। ਢਾਕਾ ਦੇ ਅੰਤਰਰਾਸ਼ਟਰੀ ਅਪਰਾਧ ਟ੍ਰਿਬਿਊਨਲ ਨੇ ਉਨ੍ਹਾਂ ਨੂੰ ਮਨੁੱਖਤਾ ਵਿਰੁੱਧ ਅਪਰਾਧਾਂ ਦਾ ਦੋਸ਼ੀ ਠਹਿਰਾਇਆ ਹੈ ਅਤੇ ਉਨ੍ਹਾਂ ਨੂੰ ਕਤਲਾਂ ਦਾ ਮਾਸਟਰਮਾਈਂਡ ਕਰਾਰ ਦਿੱਤਾ ਹੈ। ਸ਼ੇਖ ਹਸੀਨਾ ਨੂੰ ਦੋ ਦੋਸ਼ਾਂ ਵਿੱਚ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ ਜਿਸ 'ਚ ਕਤਲ ਲਈ ਉਕਸਾਉਣਾ ਅਤੇ ਕਤਲ ਦਾ ਆਦੇਸ਼ ਦੇਣਾ ਹੈ। ਅਦਾਲਤ ਨੇ ਦੂਜੇ ਦੋਸ਼ੀ, ਸਾਬਕਾ ਗ੍ਰਹਿ ਮੰਤਰੀ ਅਸਦੁਜ਼ਮਾਨ ਖਾਨ ਨੂੰ 12 ਲੋਕਾਂ ਦੇ ਕਤਲ ਦਾ ਦੋਸ਼ੀ ਪਾਇਆ ਅਤੇ ਉਸਨੂੰ ਵੀ ਮੌਤ ਦੀ ਸਜ਼ਾ ਸੁਣਾਈ ਹੈ। ਤਿੰਨ ਜੱਜਾਂ ਦੇ ਟ੍ਰਿਬਿਊਨਲ ਨੇ ਇਸ ਮਾਮਲੇ ਵਿੱਚ ਸ਼ੇਖ ਹਸੀਨਾ ਨੂੰ ਸਜ਼ਾ ਸੁਣਾਈ ਹੈ। ਜਸਟਿਸ ਮੁਰਤਜ਼ਾ ਦੀ ਅਗਵਾਈ ਵਾਲੇ ਟ੍ਰਿਬਿਊਨਲ ਵਿੱਚ ਜਸਟਿਸ ਮੁਹੰਮਦ ਸ਼ਫੀਉਲ ਆਲਮ ਮਹਿਮੂਦ ਅਤੇ ਜਸਟਿਸ ਮੁਹੰਮਦ ਮੋਹਿਤੁਲ ਹੱਕ ਏਨਾਮ ਚੌਧਰੀ ਸ਼ਾਮਲ ਹਨ। ਤੀਜੇ ਦੋਸ਼ੀ ਸਾਬਕਾ ਆਈਜੀਪੀ ਅਬਦੁੱਲਾ ਅਲ-ਮਾਮੂਨ, ਨੂੰ 5 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਜ਼ਿਕਰਯੋਗ ਹੈ ਕਿ ਇਹ ਮੁਕੱਦਮਾ ਪਿਛਲੇ ਸਾਲ ਦੇ ਵਿਦਿਆਰਥੀ-ਅਗਵਾਈ ਵਾਲੇ ਅੰਦੋਲਨ ਦੌਰਾਨ ਕੀਤੇ ਗਏ ਮਨੁੱਖਤਾ ਵਿਰੁੱਧ ਕਥਿਤ ਅਪਰਾਧਾਂ ਲਈ ਹੈ ਜਿਸਨੇ ਸ਼ੇਖ ਹਸੀਨਾ ਦੀ ਸਰਕਾਰ ਨੂੰ ਡੇਗ ਦਿੱਤਾ ਸੀ। ਜਿਸ ਤੋਂ ਬਾਅਦ ਸ਼ੇਖ ਹਸੀਨਾ ਦੇਸ਼ ਛੱਡ ਕੇ ਭੱਜ ਗਈ ਸੀ। ਵਿਰੋਧ ਪ੍ਰਦਰਸ਼ਨਾਂ ਦੌਰਾਨ ਲਗਭਗ 1,400 ਲੋਕ ਮਾਰੇ ਗਏ ਸਨ ਟ੍ਰਿਬਿਊਨਲ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਵੱਡੀ ਗਿਣਤੀ ਵਿੱਚ ਪ੍ਰਦਰਸ਼ਨਕਾਰੀ ਮਾਰੇ ਗਏ ਹਨ। ਸ਼ੇਖ ਹਸੀਨਾ ਨੇ ਸ਼ਾਂਤੀਪੂਰਨ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ 'ਤੇ ਹੈਲੀਕਾਪਟਰਾਂ ਤੋਂ ਬੰਬਾਰੀ ਦਾ ਹੁਕਮ ਦਿੱਤਾ ਸੀ। ਦੱਸ ਦਈਏ ਕਿ ਹਸੀਨਾ ਦੇ ਫੈਸਲੇ ਨੂੰ ਲੈ ਕੇ ਦੇਸ਼ ਭਰ ਵਿੱਚ ਹਿੰਸਾ ਜਾਰੀ ਹੈ। ਸਰਕਾਰ ਨੇ ਹਾਈ ਅਲਰਟ ਦਾ ਐਲਾਨ ਕੀਤਾ ਹੈ। ਢਾਕਾ ਵਿੱਚ 15,000 ਪੁਲਿਸ ਤਾਇਨਾਤ ਕੀਤੀ ਗਈ ਹੈ ਅਤੇ ਹਿੰਸਕ ਪ੍ਰਦਰਸ਼ਨਕਾਰੀਆਂ 'ਤੇ ਗੋਲੀਬਾਰੀ ਕਰਨ ਦੇ ਆਦੇਸ਼ ਦਿੱਤੇ ਗਏ ਹਨ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਰਜ਼ ਲਈ ਵਧੀਆ ਕੁਆਲਿਟੀ ਦਾ ਅਜਵਾ ਪਾਊਡਰ ਕੈਨੇਡਾ ਵਿਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।
100% NATURAL PRODUCT
PRODUCT OF CANADA
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr. Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim
- Life Insurance
- Disability Insurance
- Visitor Insurance
- Save Tax R.R.S.P.
- Mortgage Insurance
- Income Tax Planning
- Drug & Dental Plan
- R.E.S.P.
Guaranteed Issued Critical Illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation 416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
✓ PURCHASES
✓ REFINANCES
✓ RENEWALS
✓ DEBT CONSOLIDATION
✓ SELF-EMPLOYED
✓ NEW TO CANADA
✓ HOME RENOVATIONS
✓ PRIVATE MORTGAGE
✓ INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™ THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ

**To Contact Us:**

**Editor:**
Simrat Grewal
905-673-7666

**Marketing Director:**
Lakhwinder Singh Sandhu
647-400-7314

**Senior Advisors:**
Harkirat Singh
Abnash Nijjor
Davinder Sandhu
Onkar Grewal

**Technical Director :**
Bobby Bhamra

**Accounts Advisor:**
Sandeep Assi (CGA)
905-450-8999

**Correspondant:**
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

**Registered Office:**
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

**Annual Subscription**
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿਚ ਛਪੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the claims are those of the advertisers. Please consult your lawyer before buying through the advertisements published in Punjab Star.

## ਬੁੱਧ ਚਿੰਤਨ

# ਸਾਡਾ ਲਹੂ ਪੀ ਗਈਆਂ ਲੋਕੋ, ਜੋਕਾਂ ਹਿੰਦੁਸਤਾਨ ਦੀਆਂ!

ਦੇਸ਼ ਦੇ ਲੋਕਾਂ ਨੂੰ ਲੱਗੀਆਂ ਜੋਕਾਂ, ਲੋਕਾਂ ਦਾ ਲਹੂ ਪੀ ਰਹੀਆਂ ਹਨ। ਦੇਸ਼ ਲੋਕਾਂ ਇਹਨਾਂ ਜੋਕਾਂ ਦੀ ਪਛਾਣ ਹੁੰਦਿਆਂ ਵੀ ਚੁੱਪ ਬਹੁਤ ਖ਼ਤਰਨਾਕ ਹੈ। ਦੇਸ਼ ਦੇ ਲੋਕ ਤਾਂ ਅਜੇ ਧਰਮ ਦੇ ਡਰ ਵਿਚੋਂ ਹੀ ਨਿਕਲ ਸਕੇ। ਗੋਦੀ ਮੀਡੀਆ ਕਹਿ ਰਿਹਾ ਦੇਸ਼ ਨੇ ਜਪਾਨ ਨੂੰ ਪਿਛਾੜ ਦਿੱਤਾ ਹੈ। ਦੇਸ਼ ਵਿਸ਼ਵ ਗੁਰੂ ਬਣ ਗਿਆ ਹੈ। ਵਿਸ਼ਵ ਗੁਰੂ ਵਲੋਂ ਧਰਮ ਦੇ ਨਾਮ ਹੇਠ ਲੁਕਿਆ ਏਜੰਡਾ ਲਾਗੂ ਕੀਤਾ ਜਾ ਰਿਹਾ ਹੈ। ਇਸ ਵਕਤ ਆਮ ਲੋਕਾਂ ਦੀ ਹਾਲਤ ਇਹ ਬਣ ਗਈ/ ਬਣਾ ਦਿੱਤੀ ਜਾਂ ਬਣਾ ਲਈ ਹੈ, ਕੁੱਝ ਵੀ ਸਮਝ ਲਵੋ। ਜਦੋਂ ਸਮਾਜ ਵਿੱਚ ਕੋਈ ਸੰਕਟ ਆਉਂਦਾ ਐ, ਸਿਆਸਤ ਨਾਲ ਹੀ ਆ ਵੜਦੀ ਐ। ਆਪਣੇ ਸਿਆਸੀ ਵਿਰੋਧੀ ਨੂੰ ਬਦਨਾਮ ਕਰਨ/ ਖਤਮ ਕਰਨ ਲਈ ਸਾਜਿਸ਼ ਸ਼ੁਰੂ ਹੋ ਜਾਂਦੀ ਹੈ। ਦੁਨੀਆ ਦੇ ਸਰਮਾਏਦਾਰੀ ਨੇ ਬਿਜਨਸ ਵਿੱਚ ਵਾਧਾ ਕਰਨ ਲਈ ਜਿਹੜੀ ਇਸ ਸਮੇਂ ਖੇਡ ਖੇਡੀ ਐ। ਉਸ ਦੀ ਲਪੇਟ ਆਪ ਵੀ ਆ ਗਏ।

ਸਾਡੇ ਦੇਸ਼ ਦੇ ਹਾਕਮਾਂ ਨੂੰ ਪਤਾ ਸੀ ਉਹਨਾਂ ਨੇ ਕੰਨ ਵਲੇਟੀਂ ਰੱਖੇ। ਹੁਣ ਜਦੋਂ ਸਥਿਤੀ ਦਿਨ ਬ ਦਿਨ ਗੰਭੀਰ ਹੋ ਰਹੀ ਐ ਤਾਂ ਬਚਾ ਦੇ ਨਾਲੋਂ ਸਿਆਸਤ ਵੱਲ ਧਿਆਨ ਵੱਧ ਹੋ ਗਿਆ। ਦੇਸ਼ ਵਿੱਚ ਰਾਜ ਕਰਦਾ ਸ਼੍ਰੇਣੀ ਨੇ ਇਸ ਬੀਮਾਰੀ ਨੂੰ ," ਹਿੰਦੂ ਮੁਸਲਮਾਨ " ਦੇ ਵਿੱਚ ਬਦਲਣ ਲਈ ਕੋਸ਼ਿਸ਼ ਸ਼ੁਰੂ ਕਰ ਦਿੱਤੀ ਹੈ। ਦੇਸ਼ ਵਿੱਚ ਅਕਲ ਤੋ ਬਿਨਾਂ ਕਿਸੇ ਚੀਜ਼ ਦਾ ਘਾਟਾ ਨਹੀਂ। ਪਰ ਲੋਕ ਇਕ ਦੂਜੇ ਦਾ ਸਹਾਰਾ ਬਣ ਰਹੇ ਹਨ।



ਲੋਕਾਂ ਦੇ ਟੈਕਸ ਉਤੇ 585000 ਹਜ਼ਾਰ ਦੇਸ਼ ਵਿੱਚ ਵੀ ਵੀ ਆਈ ਪੀ ਹਨ। ਅਰਬਾਂ ਰੁਪਏ ਤਨਖਾਹ/ਪੈਨਸ਼ਨ ਲੈਂਦੇ ਹਨ। ਦੇਸ਼ ਵਿੱਚ ਸਿਆਸਤ ਤੋਂ ਕੁੱਝ ਵੀ ਨਹੀਂ। ਮੈਡੀਕਲ ਸਹੂਲਤਾਂ ਨਹੀਂ। ਬਿਨਾ ਹਥਿਆਰ ਦੇ ਡਾਕਟਰੀ ਅਮਲਾ ਇਸ ਮਹਾਮਾਰੀ ਖਿਲਾਫ ਜੰਗ ਲੜਦਾ ਹੈ। ਹਵਨ / ਪੂਜਾ / ਗਊ ਮੂਤਰ/ ਗਊ ਗੋਬਰ ਦੀ ਸਿਆਸਤ ਚਲ ਰਹੀ ਐ। ਹਾਦਸੇ ਕਰਵਾਏ ਜਾ ਰਹੇ ਹਨ। ਆਪਣੇ ਵਿਰੋਧੀ ਖਤਮ ਕੀਤੇ ਜਾ ਰਹੇ ਹਨ। ਹਰ ਹਾਦਸੇ ਤੋਂ ਬਾਅਦ ਜੁੰਮੇਵਾਰ ਲੋਕ ਗ਼ਾਇਬ ਹੋ ਜਾਂਦੇ ਹਨ। ਗੋਦੀ ਮੀਡੀਆ ਨਵੇਂ ਬਿਰਤਾਂਤ ਸਿਰਜਣੇ ਸ਼ੁਰੂ ਕਰ ਦਿੰਦਾ ਹੈ। ਲੋਕਾਂ ਦਾ ਧਿਆਨ ਭਟਕਾਇਆ ਜਾਂਦਾ ਹੈ। ਤੇਰਾ ਭਾਣਾ ਮੀਠਾ ਲਾਗੇ ਦਾ ਪਾਠ ਪੜ੍ਹਾਇਆ ਜਾਂਦਾ ਹੈ।

ਲੋਕਾਂ ਨੂੰ ਭੁੱਖ ਨਾਲ ਲੜਨ ਲਈ ਹੁਕਮ ਜਾਰੀ ਹੋ ਰਹੇ ਹਨ ਤੇ ਲੋਕ ਨੰਗ ਭੁੱਖ ਨਾਲ ਲੜ ਰਹੇ ਹਨ। ਆਪਣੇ ਢਿੱਡ ਦੀ ਇਹ ਕੋਈ ਨਹੀਂ ਜਾਣਦਾ। ਜਿਹਨਾਂ ਪਤਾ ਸੀ ਇਸ ਦਾ ਉਹ ਵਿਦੇਸ਼ ਤੋਂ ਸਪੇਸ਼ਲ ਜਹਾਜ਼ ਰਾਹੀਂ ਸੁਰੱਖਿਆ ਘਰ ਲਿਆਂਦੇ। ਆਮ ਲੋਕਾਂ ਲਈ ਮਰਨ ਵਾਸਤੇ ਹੁਕਮ ਸੁਣਾ ਦਿੱਤਾ। ਪਰ ਜਿਹਨਾਂ ਲੋਕਾਂ ਦੇ ਦਿੱਤੇ ਟੈਕਸ ਜਿਹੜੇ ਸਿਆਸੀ ਲੋਕ ਪਲਦੇ ਹਨ, ਉਹਨਾਂ ਲਈ ਛੱਡ ਵੀ ਅਸਮਾਨ ਐ ਤੇ ਗੈਦ ਲਈ ਧਰਤੀ ਐ। ਇਹ ਸੱਚ ਹੈ ਕਿ ਬਹੁਗਿਣਤੀ ਅਵਾਮ ਨੂੰ ਪਤਾ ਨਹੀਂ ਕਿ ਉਹ ਟੈਕਸ ਦੇਦੇ ਹਨ..ਤੇ ਦੇਂਦੇ ਕਿਵੇ ਹਨ?

ਲੋਕ ਤਾਂ ਅਮਦਨ ਤੇ ਲੱਗਣ ਵਾਲਾ ਟੈਕਸ ਦੇਂਦੇ ਹਨ ਤੇ ਕਈ ਸੀ ਏ ਦੀ ਕਿਰਪਾ ਦੇ ਨਾਲ ਵਿੰਗੇ ਟੇਡੇ ਢੰਗ ਨਾਲ਼ ਰਾਹਤ ਵੀ ਲੈਂਦੇ ਹਨ. ਇਹ ਲੋਕ ਉਹ ਹਨ ਜਿਹਨਾਂ ਦੀ ਸਰਕਾਰੇ ਦਰਬਾਰੇ ਪਹੁੰਚ ਹੈ। ਵੱਡੀਆਂ ਫੈਕਟਰੀਆਂ ਤੇ ਕੰਪਨੀਆਂ ਦੇ ਮਾਲਕ ਹਨ.ਜੋ ਇੱਕ ਪਾਸੇ ਮਜ਼ਦੂਰਾਂ ਦਾ ਲਹੂ ਪੀਦੇ ਹਨ ਤੇ ਦੂਜੇ ਟੈਕਸ ਬਚਾਉਣ ਲਈ ਹਰ ਤਰ੍ਹਾਂ ਦੀ ਹੇਰਾਫੇਰੀ ਕਰਦੇ ਹਨ. ਜਦਕਿ ਦੂਜੇ ਪਾਸੇ ਦੇਸ਼ ਦੇ ਲੋਕ ਤਾਂ ਕੋਈ ਵੀ ਵਸਤੂ ਖਰੀਦਣ ਤੋਂ ਪਹਿਲਾਂ ਹੀ ਇਹ ਟੈਕਸ ਦੇ ਅਦਾ ਕਰਦੇ ਹਨ ਕਿਉਂਕਿ ਹਰ ਵਸਤੂ ਦੇ ਉਪਰ ਪਹਿਲਾਂ ਹੀ ਟੈਕਸ ਲੱਗਿਆ ਹੁੰਦੇ ਹੈ, ਤੁਸੀਂ ਸਵੇਰੇ ਤੋਂ ਟੈਕਸ ਭਰਦੇ ਚਾਹ ਦੁੱਧ, ਚੀਨੀ, ਗੈਸ, ਬਿਜਲੀ, ਪਾਣੀ, ਦਾਲਾਂ, ਕੱਪੜੇ. ਮੋਬਾਇਲ, ਤੇਲ, ਜ਼ਮੀਨ ਵੇਚਣ ਖਰੀਦਣ ਤੇ ਸਭ ਤੋਂ ਵੱਧ ਸ਼ਰਾਬ ਤੇ ਸਿਰਗਟ ਤੇ ਤਮਾਖੂ ਤੇ....ਲੋਕ ਟੈਕਸ ਦੇ ਵਸਤੂਆਂ ਖਰੀਦ ਦੇ ਹਨ। ਜਿਹੜੀਆਂ ਕੰਪਨੀਆਂ ਤੇ ਫੈਕਟਰੀਆਂ ਇਹ ਸਮਾਨ ਬਣਾਉਣਦੀਆਂ ਨੇ ਉਹਨਾਂ ਨੇ ਸਰਕਾਰਾਂ ਨੂੰ ਉਹ ਟੈਕਸ ਦੇਣਾ ਹੁੰਦੇ। ਸਰਕਾਰਾਂ ਨੇ ਇਸ ਦੇ ਨਾਲ ਦੇਸ਼ ਦਾ ਵਿਕਾਸ ਕਰਨਾ ਹੁੰਦੇ। ਸਰਕਾਰੀ ਮੁਲਾਜ਼ਮਾਂ ਤਨਖਾਹ ਤੇ ਪੈਨਸ਼ਨ ਦੇਣੀਆਂ ਹੁੰਦੀਆਂ ਹਨ।

ਸਰਕਾਰ ਲੋਕਾਂ ਦੇ ਦਿੱਤੇ ਟੈਕਸ ਦੇ ਨਾਲ਼ ਸੜਕਾਂ ਬਣਾਉਦੀ ਹੈ...ਫੇਰ ਲੋਕਾਂ ਤੋਂ ਟੋਲ ਟੈਕਸ ਵਸੂਲਦੀ ਹੈ..ਲੋਕ ਚੁੱਪਚਾਪ ਦੇਈ ਜਾਂਦੇ ਹਨ.ਕੋਈ ਉਜਰ ਨਹੀਂ ਕਰਦਾ...ਜੇ ਕੋਈ ਸਿਆਸੀ ਆਗੂ ਇਸ ਦਾ ਵਿਰੋਧ ਕਰਦਾ ਹੈ ਤਾਂ ਉਹ ਆਪਣਾ ਹਿੱਸੇ ਲਈ ਕਰਦੈ...

ਜਿਹੜੀ ਪੁਲਿਸ ਹੱਕਾਂ ਲਈ ਸੰਘਰਸ਼ ਕਰਦੇ ਲੋਕਾਂ ਨੂੰ ਕੁੱਟਦੀ ਹੈ..ਮਾਰਦੀ ਹੈ..ਉਹ ਵੀ ਲੋਕਾਂ ਦੇ ਦਿੱਤੇ ਟੈਕਸ ਦੇ ਵਿੱਚੋਂ ਤਨਖਾਹ ਲੈਂਦੀ ਹੈ.. ਚਪੜਾਸੀ ਤੋਂ ਮੁੱਖ ਸਕੱਤਰ ਤੱਕ, ਸਰਪੰਚ ਤੋ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਤੱਕ ਸਭ ਸੁੱਖ ਸਹੂਲਤਾਂ ਤੇ ਐਸ਼ ਲੋਕਾਂ ਦੇ ਸਿਰ ਤੇ ਕਰਦੇ ਹਨ। ਉਹਨਾਂ ਦੀ ਰਾਖੀ ਲਈ ਸੁਰੱਖਿਆ ਮੁਲਾਜ਼ਮ ਤਾਇਨਾਤ ਹਨ।

ਜਦੋ ਰੋਡ ਟੈਕਸ ਤਾਂ ਫੇਰ ਟੋਲ ਟੈਕਸ ਕਿਉਂ ?

ਲੋਕਾਂ ਦੀ ਦੂਹਰੀ ਲੁੱਟ ਹੁੰਦੀ ਹੈ ਤੇ ਲੋਕ ਕਰਵਾ ਰਹੇ ਹਨ। ਇਹ ਟੋਲ ਪਲਾਜ਼ਾ ਸਰਕਾਰੀ ਗੁੰਡਾ ਟੈਕਸ ਵਸੂਲਣ ਲਈ ਹਨ।

ਸਰਕਾਰਾਂ ਨੇ ਜਦੋਂ ਨੌਜਵਾਨਾਂ ਨੂੰ ਰੁਜ਼ਗਾਰ ਨਹੀਂ ਦੇਣਾ .ਸਿੱਖਿਆ ਨਹੀਂ ਦੇਣੀ.ਸਿਹਤ ਦੀ ਸੰਭਾਲ ਲਈ ਹਸਪਤਾਲ ਤੇ ਮੁਫ਼ਤ ਇਲਾਜ ਨਹੀਂ ਕਰਨਾ ਤੇ ਫੇਰ ਟੈਕਸ ਕਿਉਂ ਦੇਣਾ ਹੈ?

ਪਰ ਲੋਕਾਂ ਦੇ ਨਾਲ਼ ਦਿਨ ਵੇਲ਼ੇ ਠੱਗੀ ਮਾਰੀ ਜਾ ਰਹੀ ਹੈ। ਸਭ ਚੁੱਪ ਹਨ। ਆਪਾਂ ਕੀ ਲੈਣਾ ਹੈ, ਵਰਗੀ ਸੋਚ ਵਧਦੀ ਜਾ ਰਹੀ ਹੈ।

ਜਨਤਕ ਅਦਾਰਿਆਂ ਨੂੰ ਬਦਨਾਮ ਕਰਨ ਲਈ ਭ੍ਰਿਸ਼ਟਾਚਾਰ ਫੈਲਾਇਆ ਗਿਆ, ਮੁਲਾਜ਼ਮ ਵਰਗ ਦੀਆਂ ਤਨਖਾਹਾਂ ਵਧਾ ਕੇ ਉਹਨਾਂ ਦੇ ਚੰਗਲੇ ਸੁਆਦ ਬਣਾ ਦਿੱਤੇ । ਜਿਹੜੇ ਹੁਣ ਸਰਕਾਰੀ ਦਫ਼ਤਰਾਂ ਵਿੱਚ ਬਘਿਆੜ ਬਣ ਬਹਿ ਗਏ ਹਨ।

ਸਰਕਾਰੀ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਦੇ ਵਿੱਚ ਅਧਿਆਪਕ ਘੱਟ ਕੀਤੇ ..ਤਾਂ ਕਿ ਨਿੱਜੀਕਰਨ ਵੱਲ ਵਧਿਆ ਜਾ ਸਕੇ । 2020 ਦੀ ਸਿੱਖਿਆ ਨੀਤੀ ਬਹੁਤ ਖਤਰਨਾਕ ਹੈ। ਇਹ ਦੇਸ਼ ਦੇ ਹੇਠਲੇ ਵਰਗ ਨੂੰ ਅਨਪੜ੍ਹ ਬਣਾ ਕੇ ਉਹਨਾਂ ਨੂੰ ਗੁਲਾਮ ਬਣਾਏਗੀ।

ਸਿਹਤ, ਸਿਖਿਆ, ਰੁਜ਼ਗਾਰ ਤੇ ਸਮਾਜਿਕ ਸੁਰੱਖਿਆ ਦਾ ਬੁਨਿਆਦੀ ਤੇ ਸੰਵਿਧਾਨਕ ਹੱਕ ਖੋਹ ਕੇ...ਸਭ ਪਾਸੇ ਨਿੱਜੀ ਕੰਪਨੀਆਂ ਨੂੰ ਖੁੱਲ੍ਹ ਦਿੱਤੀ। ਸਿਹਤ ਦਾ ਇਲਾਜ ਮਹਿੰਗਾ ਹੋਇਆ ਹੈ ਤੁਸੀਂ ਆਪਣਾ ਇਲਾਜ ਨਹੀਂ ਕਰਵਾ ਸਕਦੇ। ਨਿੱਜੀ ਹਸਪਤਾਲ ਲੁੱਟ ਦੇ ਅੱਡੇ ਬਣ ਗਏ ਹਨ ਤੇ ਜਿਥੇ ਇਲਾਜ ਦੇ ਬਹਾਨੇ ਲੁੱਟਮਾਰ ਹੁੰਦੀ ਹੈ। ਨਕਲੀ ਦਵਾਈਆਂ ਤੇ ਨਕਲੀ ਖਾਣ ਵਾਲੀਆਂ ਵਸਤੂਆਂ ਨੇ ਲੋਕਾਂ ਨੂੰ ਮਰਨ ਲਈ ਮਜਬੂਰ ਕਰ ਦਿੱਤਾ। ਉਹ ਕੌਣ ਹਨ ਜੋ ਨਕਲੀ ਕਾਰੋਬਾਰ ਕਰਦੇ ਹਨ..ਸਾਡੇ ਹੀ ਭੈਣ ਭਰਾ ਤੇ ਦੋਸਤ ਮਿੱਤਰ ਹਨ। ਪੰਜਾਬੀ ਜਾ ਭਾਰਤੀ ਹੀ ਹਨ ! ਨਕਲੀ ਧੰਦੇ ਦਾ ਕੌਣ ਕਾਰੋਬਾਰ ਕਰਦਾ ਹੈ।



ਬੁੱਧ ਸਿੰਘ ਨੀਲੋਂ
94643 70823

ਸਭ ਦਾ ਸਭ ਨੂੰ ਪਤਾ ਹੈ...ਪਰ ਸਭ ਚੁੱਪ ਹਨ..ਆਪਾਂ ਕੀ ਲੈਣਾ .".ਜੋ ਕਰੂਗਾ ਤੇ ਭਰੂਗਾ" ਆਖਦੇ ਹਨ। ਇਹ ਸੋਚ ਸਾਨੂੰ ਘੁਣ ਵਾਂਗ ਖਾ ਰਹੀ ਹੈ।

ਜਦੋਂ ਅਸੀਂ ਹਰ ਤਰ੍ਹਾਂ ਦਾ ਟੈਕਸ ਅਦਾ ਕਰਦੇ ਹਾਂ। ਫਿਰ ਕਿਉਂ ਪਲ ਪਲ ਮਰਦੇ ਹਾਂ ..ਕਿਉਂ ਨਹੀਂ ਮੁਢਲੀ ਤੇ ਉਚੇਰੀ ਸਿਖਿਆ ਤੱਕ ਮੁਫ਼ਤ ਦਿੱਤੀ ਜਾਂਦੀ .? ਕਿਉਂ ਨਹੀਂ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਇਲਾਜ ਨਹੀਂ ਹੁੰਦੇ ? ਕਿਉਂ ਨਹੀਂ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾਦੀਆਂ ? ਸਰਕਾਰੀ ਮੁਲਾਜ਼ਮ ਤੇ ਮੰਤਰੀ ਦਾ ਇਲਾਜ ਕਿਉਂ ਸਰਕਾਰੀ ਖਰਚੇ ਉਤੇ ਹੁੰਦਾ ਹੈ ? ਕਿਰਤੀ ਭੁੱਖ ਨਾਲ ਮਰਦੇ ਹਨ, ਵਿਹਲੜ ਸਿਆਸਤਦਾਨ ਹਰ ਤਰ੍ਹਾਂ ਦੀਆਂ ਸੁਖ ਸਹੂਲਤਾਂ ਨਾਲ ਪਲਦੇ ਹਨ। ਕਈ 2 ਪੈਨਸ਼ਨਾਂ ਲੈਣ ਵਾਲੇ ਸਿਆਸੀ ਵਿਹਲੜ ਸਭ ਲਾਪਤਾ ਹਨ। ਉਹ ਮੌਜਾਂ ਕਰਦੇ ਹਨ । ਆਮ ਲੋਕ ਪਲ ਪਲ ਤੇ ਹਰ ਸਾਹ ਮਰਦੇ ਹਨ. ਲੋਕਾਂ ਨੂੰ ਇੱਕਠੇ ਹੋਣ ਤੋਂ ਰੋਕਣ ਲਈ ਜਾਤੀਆਂ ਤੇ ਧਰਮਾਂ ਵਿੱਚ ਵੰਡਿਆ ਹੋਇਆ ਹੈ। ਅਗਿਆਨ ਦੀ ਨ੍ਹੇਰੀ ਆਉਣ ਕਰਕੇ ਚਾਰੇ ਪਾਸੇ ਚੁੱਪ ਹੈ...ਨਾ ਬੋਲਣ ਦਾ ਹੀ ਦੁੱਖ ਹੈ..। 'ਜੋ ਬੋਲੇ ਉਹੀ ਗਦਾਰ" ਦੇਸ਼ ਧ੍ਰੋਹੀ ਹੈ। ਕਲਮਾਂ ਦੇ ਸਿਰ ਕਤਲ ਕੀਤੇ ਜਾ ਰਹੇ ਹਨ..ਮੀਡੀਆ ਨੂੰ ਰਖੇਲ ਬਣਾਇਆ ਹੈ...ਜੋ ਉਹ ਹੀ ਦਿਖਾਉਣ ਲਈ ਪੱਬਾਂ ਭਾਰ ਹੈ ਜੋ ਸਰਕਾਰ ਚਾਹੁੰਦੀ ਹੈ...ਉਹ ਪਰੋਸਿਆ ਜਾ ਰਿਹਾ ਹੈ। ਪੰਜਾਬ ਵਿੱਚ ਹਰ ਸਮੇਂ ਕੋਈ ਨਾ ਕੋਈ ਸਨਸਨੀ ਖੇਜ਼ ਖ਼ਬਰ ਫ਼ੈਲਾਈ ਜਾਂਦੀ। ਪੰਜਾਬ ਉਸਦੇ ਦੇ ਦੁਆਲੇ ਲੱਗਿਆ ਰਹਿੰਦਾ ਹੈ। ਧਰਮ ਦੇ ਬੁਰਕੇ ਹੇਠ ਛੁਪਿਆ ਹੋਇਆ ਪੰਜਾਬ ਵਿਰੋਧੀ ਕਿਰਦਾਰ ਨਜ਼ਰ ਆਉਂਦਾ ਹੈ। ਅਸੀਂ ਧਰਮ ਦੀ ਲੋਈ ਨੂੰ ਛੱਡਣ ਦੀ ਵਜਾਏ ਉਸਨੂੰ ਘੁੱਟ ਕੇ ਫੜ ਰਹੇ ਹਾਂ। ਲੋਕਾਂ ਨੂੰ ਧਰਮ ਦੇ ਨਾਂ ਤੇ ਲੁੱਟਿਆ ਤੇ ਮਾਰਿਆ ਜਾ ਰਿਹਾ ਹੈ। ਲੋਕਾਂ ਨੂੰ ਵੱਖ ਵੱਖ ਖੇਮਿਆਂ ਵਿੱਚ ਵੰਡਿਆਂ ਹੋਇਆ ਹੈ...ਲੋਕਾਂ ਦੇ ਹੱਕਾਂ ਦੀ ਗੱਲ ਕਰਨ ਵਾਲਿਆਂ ਨੂੰ ਕਾਨੂੰਨ ਦੇ ਹਥਿਆਰਾਂ ਨਾਲ ਦਬਾਇਆ ਜਾ ਰਿਹਾ ਹੈ। ਲੋਕਾਂ ਨੂੰ ਆਪਣੇ ਹੱਕਾਂ ਲਈ ਇੱਕ ਦਿਨ ਤਾਂ ਇਕੱਠਾ ਹੋਣਾ ਪੈਣਾ ਹੈ...ਹੁਣ ਵੀ ਜੇ ਲੋਕ ਨਾ ਜਾਗੇ ਤੇ ਇਕੱਠੇ ਹੋਏ ਤਾਂ ਫੇਰ, .ਅਗਲੀਆਂ ਨਸਲਾਂ ਨੂੰ ਕੀ ਦੱਸੋਗੇ....?..ਇਸ ਸਮੇਂ ਆਮ ਲੋਕਾਂ ਨੂੰ ਸਮਝ ਆਉਣੀ ਚਾਹੀਦੀ ਐ। ਉਹਨਾਂ ਨੂੰ ਆਪਣੇ ਤੇ ਪਰਾਏ ਦਾ ਫਰਕ ਪਤਾ ਲੱਗ ਗਿਆ ਹੈ। ਇਹ ਸੰਕਟ ਦੇਸ਼ ਨੂੰ ਬਦਲ ਵੀ ਸਕਦਾ ਤੇ ਤਬਾਹ ਵੀ ਕਰ ਸਕਦਾ। ਹੁਣ ਸੂਰਜ ਕਿਧਰ ਚੜ੍ਹਾਈ ਕਰਦਾ ? ਇਹ ਤਰ੍ਹਾਂ ਤਰ੍ਹਾਂ ਦੀਆਂ ਜੋਕਾਂ ਸਾਨੂੰ ਚੂਸ ਰਹੀਆਂ ਹਨ। ਅਸੀਂ ਆਪੋ ਆਪਣੀ ਡਫਲੀ ਵਜਾ ਕੇ ਚੁਲ੍ਹੇ ਬਾਲ ਰਹੇ ਹਾਂ। ਦੇਸ਼ ਦਾ ਪੰਜਾਬ ਨੂੰ ਅਰਬਨ ਅਸਟੇਟ ਵਿੱਚ ਬਦਲਣ ਲਈ ਯਤਨਸ਼ੀਲ ਹੈ। ਉਹ ਹੋਰਨਾਂ ਸੂਬਿਆਂ ਵਿੱਚ ਕਿਉਂ ਨਹੀਂ ਇਹ ਵਿਕਾਸ ਕਾਰਜਾਂ ਨੂੰ ਕਰ ਰਿਹਾ। ਪੰਜਾਬ ਦੇ ਲੋਕ ਉਸਨੂੰ ਰੜਕਦੇ ਹਨ। ਪੰਜਾਬ ਦੇ ਕੁੱਝ ਸੇਵਾਦਾਰ ਉਹਨਾਂ ਦੀ ਸੇਵਾ ਕਰਨ ਲਈ ਪੱਬਾਂ ਭਾਰ ਹਨ। ਸਿਆਸੀ ਪਾਰਟੀਆਂ ਨੂੰ ਆਪਣੇ ਹਿੱਸੇ ਦਾ ਫ਼ਿਕਰ ਹੈ। ਬਾਕੀ ਤੁਸੀਂ ਵੀ ਹਿੱਸੇ ਦੀ ਉਡੀਕ ਵਿੱਚ ਹੋ ? ਪਟਿਆਲਾ ਵਿੱਚ ਸਰਕਾਰ ਨੇ ਨੱਬੇ ਏਕੜ ਜ਼ਮੀਨ ਵੇਚ ਦਿੱਤੀ ਹੈ ਕਿਉਂਕਿ ਦਿੱਲੀ ਵਾਲੇ ਵਾਲੇ ਦਾ ਕੇਸ ਲੜਨ ਲਈ ਵਕੀਲਾਂ ਨੂੰ ਰੁਪਏ ਦੇਣੇ ਹਨ। ਪੰਜਾਬ ਦੇ ਲੋਕਾਂ ਨੂੰ ਅਜੇ ਤੱਕ ਸਮਝ ਨਹੀਂ ਆਈ ਕਿ ਉਹਨਾਂ ਨਾਲ ਧੱਕਾ ਹੋ ਰਿਹਾ ਹੈ। ਇਹ ਲਹੂ ਪੀਣੀਆਂ ਜੋਕਾਂ ਨੂੰ ਕਦੋਂ ਲੋਕ ਲੂਣ ਛਿੜਕ ਕੇ ਖ਼ਤਮ ਕਰਨਗੇ?

# ਡੂੰਘੀਆਂ ਜੜ੍ਹਾਂ ਵਾਲਾ ਦਰੱਖਤ ਝੱਖੜ ਤੋਂ ਨਹੀਂ ਡਰਦਾ



ਦਰੱਖਤ ਦੀ ਮਜ਼ਬੂਤੀ ਉਸ ਦੀਆਂ ਜੜ੍ਹਾਂ ਤੇ ਨਿਰਭਰ ਹੈ। ਝੱਖੜ ਤੂਫ਼ਾਨਾਂ ਵਿਚ ਉਹੀ ਦਰੱਖਤ ਮਜ਼ਬੂਤੀ ਨਾਲ ਖੜ੍ਹੇ ਰਹਿੰਦੇ ਹਨ ਜਿਨ੍ਹਾਂ ਦੀਆਂ ਜੜ੍ਹਾਂ ਡੂੰਘੀਆਂ ਹੁੰਦੀਆਂ ਹਨ। ਜਿਨ੍ਹਾਂ ਦੀਆਂ ਜੜ੍ਹਾਂ ਡੂੰਘੀਆਂ ਨਹੀਂ ਹੁੰਦੀਆਂ ਉਨ੍ਹਾਂ ਦੀ ਪਕੜ ਮਜ਼ਬੂਤ ਨਹੀਂ ਹੁੰਦੀ ਉਹ ਅਕਸਰ ਨ੍ਹੇਰੀ ਚ ਡਿੱਗ ਜਾਂਦੇ ਹਨ।

ਮਨੁੱਖ ਵੀ ਇਸੇ ਤਰ੍ਹਾਂ ਹੀ ਹੈ। ਜਿਨ੍ਹਾਂ ਗਹਿਰਾ ਹੋਏਗਾ ਓਨੀ ਉਸ ਦੀ ਪਕੜ ਮਜ਼ਬੂਤ ਹੋਏਗੀ। ਸੋਚ ਦੀ ਗਹਿਰਾਈ ਚੰਗੇ ਫਲਸਫੇ ਨਾਲ ਹੁੰਦੀ ਹੈ। ਜ਼ਿੰਦਗੀ ਦਾ ਆਧਾਰ 'ਚ ਚੰਗਾ ਫ਼ਲਸਫ਼ਾ ਹੋਏ ਤਾਂ ਮਨੁੱਖ ਦਾ ਕਿਰਦਾਰ ਮਜ਼ਬੂਤ ਹੋ ਜਾਂਦਾ ਹੈ। ਉਹ ਵੱਡੇ ਵੱਡੇ ਝੱਖੜਾਂ ਨੂੰ ਸਹਿ ਜਾਂਦਾ ਹੈ। ਉਸ ਨੂੰ ਮੁਸੀਬਤਾਂ ਵੀ ਇੱਕ ਅਵਸਰ ਦੀ ਤਰ੍ਹਾਂ ਲਗਦੀਆਂ ਹਨ। ਆਪਣੀ ਜੜ੍ਹ ਦੀ ਮਜ਼ਬੂਤੀ ਸਦਕਾ ਉਹ ਸਾਰੇ ਤੂਫ਼ਾਨਾਂ ਨੂੰ ਪਾਰ ਕਰ ਲੈਂਦਾ ਹੈ। ਉਸ ਦੇ ਵਿਚਾਰਾਂ ਦੀ ਗਹਿਰਾਈ ਉਸ ਨੂੰ ਮਜ਼ਬੂਤੀ ਦਾ ਆਧਾਰ ਬਣਦੀ ਹੈ।

ਹੋਛੇਪਣ ਵਿੱਚ ਜੀਣ ਵਾਲੇ ਮਨੁੱਖ ਥੋੜ੍ਹੀ ਜਿਹੀ ਹਨ੍ਹੇਰੀ ਵਿੱਚ ਹੀ ਢਹਿ ਢੇਰੀ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਦੀ ਜ਼ਿੰਦਗੀ ਵਿੱਚ ਵਿਚਾਰਾਂ ਦੀ ਜੜ੍ਹ ਮਜ਼ਬੂਤ ਨਹੀਂ ਹੁੰਦੀ। ਉਹ ਹਰੇਕ ਦੇ ਮਗਰ ਲੱਗ ਜਾਂਦੇ ਹਨ ਉੱਥੇ ਅਜਿਹੇ ਲੋਕ ਜ਼ਿੰਦਗੀ ਵਿੱਚ ਕਿਤੇ ਨਹੀਂ ਪਹੁੰਚਦੇ। ਜ਼ਰਾ ਜਿੰਨੀ ਮੁਸੀਬਤ ਉਨ੍ਹਾਂ ਦੇ ਕਿਰਦਾਰ ਨੂੰ ਗਲਤ ਰਾਹ ਤੇ ਲੈ ਜਾਂਦੀ ਹੈ। ਵਿਚਾਰਾਂ ਦੇ ਡੂੰਘੇ ਨਾ ਹੋਣ ਕਾਰਨ ਉਹ ਉਪਰਲੀ ਸਤ੍ਹਾ ਤੇ ਹੀ ਜੀਅ ਰਹੇ ਹੁੰਦੇ ਹਨ। ਅਜਿਹੇ ਵਿਚ ਉਨ੍ਹਾਂ ਨੂੰ ਢਹਿ ਢੇਰੀ ਕਰ ਦੇਣਾ ਕੋਈ ਔਖਾ ਕੰਮ ਨਹੀਂ।

ਜ਼ਿੰਦਗੀ ਵਿੱਚ ਮਨੁੱਖ ਨੂੰ ਵੱਡੇ ਵੱਡੇ ਝੱਖੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਵਾਰ ਅਜਿਹੀਆਂ ਸਮੱਸਿਆਵਾਂ ਆਉਂਦੀਆਂ ਹਨ ਜਿੱਥੇ ਮਨੁੱਖ ਪਹਿਲਾਂ ਹੀ ਹਾਰਿਆ ਹੋਇਆ ਮਹਿਸੂਸ ਕਰਦਾ ਹੈ। ਪਰ ਜੇਕਰ ਉਸ ਦੇ ਕਿਰਦਾਰ ਵਿੱਚ ਮਜ਼ਬੂਤੀ ਹੋਵੇ ਦ੍ਰਿੜ੍ਹਤਾ ਹੋਵੇ ਆਓ ਆਪਣੇ ਮਜ਼ਬੂਤ ਇਰਾਦੇ ਦੇ ਆਧਾਰ ਤੇ ਹਰ ਸਮੱਸਿਆ ਨੂੰ ਸਰ ਕਰ ਜਾਂਦਾ ਹੈ। ਵਿਚਾਰਾਂ ਦੀ ਇਹ ਮਜ਼ਬੂਤੀ ਬਚਪਨ ਤੋਂ ਹੀ ਸਿੱਖੀ ਜਾ ਸਕਦੀ ਹੈ। ਸਾਨੂੰ ਆਪਣੇ ਬੱਚਿਆਂ ਵਿਚ ਅਜਿਹੇ ਗੁਣ ਪੈਦਾ ਕਰਨੇ ਚਾਹੀਦੇ ਹਨ ਉਨ੍ਹਾਂ ਦੀ ਜ਼ਮੀਨ ਤੇ ਪਕੜ ਨੂੰ ਮਜ਼ਬੂਤ ਕਰਨ। ਬਹੁਤ ਜ਼ਰੂਰੀ ਹੈ ਕਿ ਬੱਚੇ ਨੂੰ ਦ੍ਰਿੜ੍ਹਤਾ, ਲਗਨ ਦੀ ਸਿੱਖਿਆ ਦੇ ਨਾਲ ਨਾਲ ਸੇਧ ਦਿੱਤੀ ਜਾਵੇ ਤਾਂ ਜੋ ਉਹ ਆਪਣੀ ਜ਼ਿੰਦਗੀ ਵਿੱਚ ਸਹੀ ਰਾਹ ਤੇ ਮਜ਼ਬੂਤੀ ਨਾਲ ਚਲ ਸਕੇ। ਆਪਣੇ ਕਿਰਦਾਰ ਵਿਚ ਅਜਿਹੇ ਗੁਣ ਪੈਦਾ ਕਰੋ ਕਿ ਕੋਈ ਹਨ੍ਹੇਰੀ ਤੁਹਾਨੂੰ ਹਿਲਾ ਨਾ ਸਕੇ। ਹਰ ਮੁਸੀਬਤ ਦਾ ਡਟ ਕੇ ਸਾਹਮਣਾ ਕਰੋ। ਇਹੀ ਦ੍ਰਿੜ੍ਹਤਾ ਇਹੀ ਮਜ਼ਬੂਤੀ ਤੁਹਾਡੀ ਲਗਨ ਦਾ ਆਧਾਰ ਬਣੇਗੀ। ਜ਼ਿੰਦਗੀ ਦੀਆਂ ਤਲਖ਼ ਰਾਹਾਂ ਤੇ ਤੁਸੀਂ ਆਪਣੀ ਮਜ਼ਬੂਤੀ ਦੇ ਸਿਰ ਤੇ ਹੀ ਅੱਗੇ ਵਧ ਸਕਦੇ ਹੋ।



ਹਰਪ੍ਰੀਤ ਕੌਰ ਸੰਧੂ

## (ਤੇਰੀ ਚੁੱਪ)

ਉਸਨੂੰ ਮੈਂ ਜੱਦ ਕਦੀ ਵੀ ਵੇਖਿਆ
ਉਹ ਅਕਸਰ ਖ਼ਾਮੋਸ਼ ਹੀ ਰਹਿੰਦੀ ਸੀ
ਮੈਥੋਂ ਉਸਦੀ ਇਹ ਖ਼ਾਮੋਸ਼ੀ ਦੇਖੀ ਨਹੀਂ ਜਾਂਦੀ
ਸੁੰਨੀਆਂ ਜਿਹੀਆਂ ਅੱਖਾਂ
ਕੁਝ ਕਹਿੰਦੀਆਂ ਹੋਈਆਂ
ਜਿਹਨਾਂ ਪਿੱਛੇ ਹਜ਼ਾਰਾਂ ਸੁਆਲ
ਛਿਪੇ ਹੋਏ ਸੀ
ਤੇਰੀ ਚੁੱਪ ਦੇਖ ਕੇ ਪੁੱਛਣ ਦਾ
ਹੀਆ ਨਹੀਂ ਸੀ ਪੈਂਦਾ
ਤੇਰੀ ਚੁੱਪ ਮੈਨੂੰ ਅੰਦਰ ਹੀ ਅੰਦਰ
ਖਾਈ ਜਾ ਰਹੀ ਸੀ
ਖੌਰੇ ਕਿਹੜਾ ਦਰਦ ਸੀ
ਜੋ ਤੂੰ ਦੱਸਣਾ ਨਹੀਂ ਸੀ ਚਾਹੁੰਦੀ
ਤੂੰ ਮੈਨੂੰ ਇਕ ਬੰਦ ਕਿਤਾਬ ਵਾਂਗ ਲਗਦੀ
ਜਿੰਨੇ ਮਰਜ਼ੀ ਪੰਨੇ ਪੜ੍ਹੀ ਜਾਓ
ਤੇਰੀ ਚੁੱਪ ਦੀ ਮੈਂ ਥਾਹ ਨਹੀਂ ਪਾ ਸਕਦਾ
ਉੱਠਦੇ ਬੈਠਦੇ ਸੌਂਦੇ ਜਾਗਦੇ
ਤੇਰੀ ਚੁੱਪ ਦੀ ਹੂਕ
ਮੇਰਾ ਕਲੇਜਾ ਛਲਣੀ ਕਰ ਦਿੰਦੀ ਹੈ
ਕਈ ਵਾਰ ਸੋਚਦਾ ਹਾਂ
ਕਹਾਂ ! ਤੂੰ ਆਪਣੀ ਚੁੱਪ ਤੋੜ ਤੇ ਸਹੀ
ਮੈਂ ਤੇਰੇ ਸਾਰੇ ਦਰਦ ਗ਼ਮ ਪੀ ਜਾਵਾਂ
ਤੇਰੀ ਚੁੱਪ ਕਿਤੇ ਮੈਨੂੰ ਤੇਰੇ ਤੋਂ
ਦੂਰ ਨਾ ਕਰ ਦੇਵੇ
ਮੈਂ ਤੈਨੂੰ ਖੋਣਾ ਨਹੀਂ ਚਾਹੁੰਦਾ
ਪਤਾ ਨਹੀਂ ਕੀ ਅਜੀਬ ਰਿਸ਼ਤਾ ਹੈ
ਤੇਰੇ ਤੇ ਮੇਰੇ ਵਿੱਚ
ਤੂੰ ਮੈਨੂੰ ਦੇਖ ਕੇ ਵੀ ਚੁੱਪ ਰਹਿੰਦੀ ਹੈ
ਤੇ ਮੈਂ ਤੇਰੀ ਚੁੱਪ ਤੋੜ ਕੇ
ਤੇਰਾ ਦਰਦ ਵੰਡਾਉਣਾ ਚਾਹੁੰਦਾ ਹਾਂ ।

(ਰਮਿੰਦਰ ਰੰਮੀ)

CANADIAN TRUCK TRAINING CENTRE






ਤਸੱਲੀਬਖਸ਼ ਸੇਵਾਵਾਂ ਲਈ

ਹਰਪਾਲ ਸਿੰਘ ਮਾਨ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662

UNIVERSAL MORTGAGES
CALL MUNISH TEGI
Mortgage Agent Level 1
LIC# M14000011
BROKERAGE LIC# 10039



416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# ਠੇਕੇ 'ਤੇ ਪੰਜਾਬ: ਕਿਸਾਨੀ ਖੇਤੀ ਚੋਂ ਹੋਈ ਆਊਟ..!



ਚਰਨਜੀਤ ਭੁੱਲਰ
ਦੀ ਵਿਸ਼ੇਸ਼ ਰਿਪੋਰਟ

ਚੰਡੀਗੜ੍ਹ : ਪੰਜਾਬ ਦੇ ਖੇਤੀ ਸੈਕਟਰ 'ਚ ਇਹ ਖ਼ਤਰਨਾਕ ਮੋੜ ਹੈ ਕਿ ਸੂਬੇ ਦੇ ਕੇਵਲ 39 ਫ਼ੀਸਦੀ ਕਿਸਾਨ ਹੀ ਨਿਰੋਲ ਰੂਪ 'ਚ ਇਕੱਲੀ ਆਪਣੀ ਜ਼ਮੀਨ 'ਤੇ ਖੇਤੀ ਕਰਦੇ ਹਨ ਜਦੋਂ ਕਿ ਬਾਕੀ ਕਿਸਾਨੀ ਦੀ ਨਿਰਭਰਤਾ ਬਿਗਾਨੇ ਖੇਤਾਂ 'ਤੇ ਵੀ ਹੈ। ਪਿਤਾ ਪੁਰਖੀ ਧੰਦੇ ਚੋਂ ਕਿਸਾਨੀ ਜਗਤ ਦੀ ਅਗਲੀ ਪੀੜ੍ਹੀ ਬਾਹਰ ਹੋ ਰਹੀ ਹੈ। ਦੂਸਰੇ ਸੂਬਿਆਂ 'ਚ ਅਜਿਹਾ ਰੁਝਾਨ ਨਹੀਂ ਹੈ। ਪੰਜਾਬ 'ਚ 41.31 ਫ਼ੀਸਦੀ ਕਿਸਾਨ ਠੇਕੇ 'ਤੇ ਜ਼ਮੀਨਾਂ ਲੈਂਦੇ ਹਨ। ਕੇਂਦਰੀ ਅਨਾਜ ਖ਼ਰੀਦ ਪੋਰਟਲ ਅਨੁਸਾਰ ਲੰਘੇ ਝੋਨੇ ਦੇ ਸੀਜ਼ਨ 'ਚ 12.83 ਲੱਖ ਕਿਸਾਨਾਂ ਦੇ ਕੀਤੇ ਮੁਲਾਂਕਣ 'ਚ ਤੱਥ ਉੱਭਰੇ ਹਨ ਕਿ ਪੰਜਾਬ ਦੇ 4.98 ਲੱਖ (38.83 ਫ਼ੀਸਦੀ) ਕਿਸਾਨਾਂ ਨੇ ਆਪਣੀ ਜ਼ਮੀਨ 'ਤੇ ਖੇਤੀ ਕਰਕੇ ਫ਼ਸਲ ਦੀ ਵੇਚ ਵੱਟਤ ਕੀਤੀ ਹੈ ਜਦੋਂ ਕਿ ਆਪਣੀ/ਠੇਕੇ 'ਤੇ ਜ਼ਮੀਨ ਲੈ ਕੇ 5.30 ਲੱਖ (41.31 ਫ਼ੀਸਦੀ) ਕਿਸਾਨ ਖੇਤੀ ਕਰਦੇ ਹਨ। ਇਸੇ ਤਰ੍ਹਾਂ ਲੀਜ਼ ਤੇ ਜ਼ਮੀਨ ਲੈ ਕੇ 2.55 ਫ਼ੀਸਦੀ ਅਤੇ ਸ਼ੇਅਰਡ ਕਾਸ਼ਤ ਕਰਨ ਵਾਲੇ ਕਿਸਾਨ 17.31 ਫ਼ੀਸਦੀ ਹਨ। ਹਰਿਆਣਾ 'ਚ 77.85 ਫ਼ੀਸਦੀ ਕਿਸਾਨ ਖ਼ੁਦ ਆਪਣੀ ਜ਼ਮੀਨ 'ਤੇ ਹੀ ਖੇਤੀ ਕਰਦੇ ਹਨ ਜਦੋਂ ਕਿ ਅਜਿਹੇ ਕਿਸਾਨ ਉੱਤਰ ਪ੍ਰਦੇਸ਼ 'ਚ 98.31 ਫ਼ੀਸਦੀ ਹਨ। ਝੋਨੇ ਦੀ ਕਾਸ਼ਤ ਵਾਲੇ ਸੂਬਿਆਂ ਦੀ ਕੌਮੀ ਔਸਤ ਦੇਖੀਏ ਤਾਂ 79.68 ਫ਼ੀਸਦੀ ਕਿਸਾਨ ਆਪਣੀ ਜ਼ਮੀਨ 'ਤੇ ਹੀ ਖੇਤੀ ਕਰਦੇ ਹਨ।



ਪੰਜਾਬ ਦੀ ਠੇਕਾ ਖੇਤੀ ਦਾ ਬਾਜ਼ਾਰ ਚੌੜਾ ਹੋਣ ਲੱਗਿਆ ਹੈ। ਮੌਜੂਦਾ ਰੁਝਾਨ ਤੋਂ ਜਾਪਦਾ ਹੈ ਕਿ ਜਿਵੇਂ ਠੇਕੇ ਦੀ ਖੇਤੀ ਨੇ ਹੀ ਪੰਜਾਬ ਨੂੰ ਵਾਹ ਦਿੱਤਾ ਹੋਵੇ। ਸਾਲ 2016-17 ਤੋਂ ਪੰਜਾਬੀ ਨੌਜਵਾਨ ਸਟੱਡੀ ਵੀਜ਼ੇ 'ਤੇ ਵਿਦੇਸ਼ ਉਡਾਰੀ ਮਾਰ ਰਹੇ ਹਨ ਜਿਸ ਨੇ ਠੇਕੇ ਦੀ ਖੇਤੀ ਦੇ ਰਾਹ ਨੂੰ ਹੋਰ ਮੋਕਲਾ ਕੀਤਾ ਹੈ। ਪੰਜਾਬ ਦੇ ਚਾਰ ਜ਼ਿਲ੍ਹਿਆਂ 'ਚ 50 ਫ਼ੀਸਦੀ ਤੋਂ ਜ਼ਿਆਦਾ ਕਿਸਾਨ ਠੇਕੇ 'ਤੇ ਖੇਤੀ ਕਰਦੇ ਹਨ। ਕੇਂਦਰੀ ਪੋਰਟਲ ਅਨੁਸਾਰ ਨਵਾਂ ਸ਼ਹਿਰ ਜ਼ਿਲ੍ਹੇ 'ਚ ਸਭ ਤੋਂ ਵੱਧ 56.12 ਫ਼ੀਸਦੀ ਕਿਸਾਨ ਠੇਕੇ 'ਤੇ ਜ਼ਮੀਨਾਂ ਲੈਂਦੇ ਹਨ ਅਤੇ ਸਿਰਫ਼ 35.61 ਫ਼ੀਸਦੀ ਕਿਸਾਨ ਹੀ ਖ਼ੁਦ ਕਾਸ਼ਤ ਕਰਦੇ ਹਨ। ਇਸੇ ਤਰ੍ਹਾਂ ਜ਼ਿਲ੍ਹਾ ਹੁਸ਼ਿਆਰਪੁਰ 'ਚ 50.81 ਫ਼ੀਸਦੀ, ਜਲੰਧਰ ਜ਼ਿਲ੍ਹੇ 'ਚ 50.19 ਫ਼ੀਸਦੀ, ਰੋਪੜ 'ਚ 50.46 ਕਿਸਾਨ ਠੇਕੇ ਦੀ ਜ਼ਮੀਨ 'ਤੇ ਖੇਤੀ ਕਰਦੇ ਹਨ। ਬਲਦਾਂ ਨਾਲ ਖੇਤੀ ਮੌਕੇ ਵੱਡੀ ਕਿਸਾਨੀ ਵੱਲੋਂ ਛੋਟੀ ਕਿਸਾਨੀ ਨੂੰ ਜ਼ਮੀਨਾਂ ਠੇਕੇ 'ਤੇ ਦਿੱਤੀਆਂ ਜਾਂਦੀਆਂ ਸਨ। ਹੁਣ ਛੋਟੀ ਕਿਸਾਨੀ ਨੂੰ ਛੋਟੇ ਖੇਤ ਵਾਰਾ ਨਹੀਂ ਖਾਂਦੇ ਅਤੇ ਵੱਡੇ ਕਿਸਾਨਾਂ ਨੇ ਠੇਕੇ 'ਤੇ ਜ਼ਮੀਨਾਂ ਲੈ ਕੇ ਖੇਤੀ ਵਧਾ ਲਈ ਹੈ। ਵਰ੍ਹਾ 2011 ਦੀ ਜਨਗਣਨਾ ਅਨੁਸਾਰ ਪੰਜਾਬ 'ਚ ਦੋ ਲੱਖ ਛੋਟੇ ਕਿਸਾਨ ਖੇਤੀ ਚੋਂ ਆਊਟ ਹੋਏ ਸਨ ਜਦੋਂ ਕਿ ਭਾਰਤ 'ਚ ਛੋਟੇ ਕਿਸਾਨਾਂ ਦੀ ਗਿਣਤੀ 11 ਕਰੋੜ ਤੋਂ ਵੱਧ ਕੇ 12 ਕਰੋੜ ਹੋਈ ਸੀ। ਪੰਜਾਬ ਦੀ ਛੋਟੀ ਤੇ ਦਰਮਿਆਨੀ ਕਿਸਾਨੀ ਨੂੰ ਉੱਪਰੋਂ ਕਰਜ਼ੇ ਦਾ ਵੀ ਨਾਗਵਲ ਹੈ।

ਪੰਜਾਬ ਸਟੇਟ ਬੈਂਕਰਜ਼ ਕਮੇਟੀ ਅਨੁਸਾਰ 30 ਜੂਨ 2025 ਤੱਕ ਪੰਜਾਬ ਦੇ ਕਿਸਾਨਾਂ ਸਿਰ ਇਕੱਲੇ ਬੈਂਕਾਂ ਦਾ 96,867 ਕਰੋੜ ਦਾ ਕਰਜ਼ਾ ਹੈ ਜੋ ਕਿ ਸਾਲ 2014 'ਚ 57,892 ਕਰੋੜ ਸੀ। ਲੰਘੇ ਗਿਆਰਾਂ ਸਾਲਾਂ 'ਚ ਕਿਸਾਨਾਂ 'ਤੇ 38,975 ਕਰੋੜ ਦਾ ਕਰਜ਼ਾ ਕਿਸਾਨੀ 'ਤੇ ਬੈਂਕਾਂ ਦਾ ਚੜ੍ਹਿਆ ਹੈ। ਕਰਜ਼ੇ ਦੀ ਬਦੌਲਤ ਖੇਤਾਂ ਦੇ ਹਜ਼ਾਰਾਂ ਸ਼ਹੀਦਾਂ ਦਾ ਅੰਕੜਾ ਵੱਖਰਾ ਹੈ। ਪੰਜਾਬ 'ਚ ਆਮ ਜ਼ਮੀਨਾਂ ਦਾ ਠੇਕਾ ਪ੍ਰਤੀ ਏਕੜ 50 ਹਜ਼ਾਰ ਤੋਂ ਸ਼ੁਰੂ ਹੋ ਕੇ ਕਈ ਖ਼ਿੱਤਿਆਂ 'ਚ 80 ਹਜ਼ਾਰ ਨੂੰ ਵੀ ਪਾਰ ਕਰ ਗਿਆ ਹੈ। ਸੂਬੇ 'ਚ ਦੋ ਲੱਖ ਏਕੜ ਪੰਚਾਇਤੀ ਜ਼ਮੀਨ ਹੈ ਜਿਸ ਤੋਂ ਐਤਕੀਂ 515 ਕਰੋੜ ਦੀ ਆਮਦਨ ਹੋਈ ਹੈ। ਪੰਚਾਇਤੀ ਜ਼ਮੀਨਾਂ ਦਾ ਔਸਤਨ ਠੇਕਾ ਪ੍ਰਤੀ ਏਕੜ 38,823 ਰੁਪਏ ਰਿਹਾ ਹੈ। ਮਾਲਵੇ ਦੇ ਰਾਮਪੁਰਾ ਫੂਲ ਖ਼ਿੱਤੇ 'ਚ ਆਲੂ ਦੀ ਕਾਸ਼ਤ ਕਰਨ ਵਾਲੇ ਵੱਡੇ ਕਿਸਾਨ ਵੱਡੀ ਪੱਧਰ 'ਤੇ ਜ਼ਮੀਨਾਂ ਠੇਕੇ 'ਤੇ ਲੈਂਦੇ ਹਨ। ਮਾਝੇ-ਦੁਆਬੇ ਦੇ ਮੁਕਾਬਲਤਨ ਮਾਲਵੇ ਦੇ ਕਈ ਹਿੱਸਿਆ 'ਚ ਜ਼ਮੀਨਾਂ ਦਾ ਠੇਕਾ ਪਹੁੰਚ ਤੋਂ ਬਾਹਰ ਹੋਣ ਕਰਕੇ ਛੋਟੀ ਕਿਸਾਨੀ ਪਿਸ ਰਹੀ ਹੈ। ਪੰਜਾਬ ਦੀ ਨਿਰਭਰਤਾ ਹੌਲੀ ਹੌਲੀ ਪਰਵਾਸੀ ਮਜ਼ਦੂਰਾਂ 'ਤੇ ਵਧਣ ਕਰਕੇ ਕਿਸਾਨਾਂ ਦੀ ਨਵੀਂ ਪੀੜ੍ਹੀ ਖੇਤਾਂ ਤੋਂ ਲਾਂਭੇ ਵੀ ਹੋਈ ਹੈ। ਅਰਥ ਸ਼ਾਸਤਰੀ ਡਾ. ਆਰ.ਐੱਸ. ਘੁੰਮਣ ਦੀ 2018 ਦੀ ਸਟੱਡੀ ਮੁਤਾਬਿਕ ਪੰਜਾਬ ਦੇ 80 ਫ਼ੀਸਦੀ ਕਿਸਾਨ ਆਪਣੇ ਬੱਚਿਆਂ ਨੂੰ ਖੇਤੀ ਦੇ ਕੰਮ ਤੋਂ ਬਾਹਰ ਰੱਖਣਾ ਚਾਹੁੰਦੇ ਹਨ ਕਿਉਂਕਿ ਖੇਤੀ ਲਾਹੇਵੰਦਾ ਧੰਦਾ ਨਹੀਂ ਰਹੀ।

ਬੇਜ਼ਮੀਨੇ ਕਿਸਾਨਾਂ ਦੇ ਸੰਕਟ ਵੱਖਰੇ ਹਨ। ਉਂਜ ਵੀ ਇਸ ਵੇਲੇ ਪੰਜਾਬ ਦੀ ਖੇਤੀ 'ਚ ਵੱਡੇ ਪੱਧਰ 'ਤੇ ਦਾਖ਼ਲ ਹੋਈ ਮਸ਼ੀਨਰੀ ਨੇ ਖੇਤਾਂ 'ਚ ਕੰਮ ਦੇ ਘੰਟੇ ਘਟਾ ਦਿੱਤੇ ਹਨ। ਪੰਜਾਬ ਖੇਤੀ ਵਰਸਿਟੀ ਦੀ ਸਟੱਡੀ ਅਨੁਸਾਰ ਇੱਕ ਏਕੜ ਕਣਕ ਦੀ ਫ਼ਸਲ ਦੀ ਕਾਸ਼ਤ ਲਈ 64 ਘੰਟੇ ਦਾ ਅਤੇ ਝੋਨੇ ਦੀ ਖੇਤੀ 'ਚ 160 ਘੰਟਿਆਂ ਦਾ ਮਨੁੱਖੀ ਕੰਮ ਰਹਿ ਗਿਆ ਹੈ ਜਿਸ ਨਾਲ ਮਾਨਵੀ ਸਰੋਤ ਆਊਟ ਹੋਏ ਹਨ। ਪੰਜਾਬ 'ਚ ਮੌਜੂਦ 6.47 ਲੱਖ ਟਰੈਕਟਰ ਸੂਬੇ ਦੇ ਬਦਲਦੇ ਖੇਤੀ ਮਾਡਲ ਦਾ ਪ੍ਰਮਾਣ ਹਨ। ਸੂਬੇ 'ਚ ਸਾਲ 2016 'ਚ ਪ੍ਰਤੀ ਦਿਨ ਔਸਤਨ 52 ਟਰੈਕਟਰ ਵਿਕਦੇ ਸਨ ਜੋ ਸਾਲ 2022 'ਚ ਵੱਧ ਕੇ ਪ੍ਰਤੀ ਦਿਨ ਔਸਤਨ 64 ਹੋ ਗਏ। ਇਹੋ ਔਸਤਨ ਸਾਲ 2024 'ਚ ਪ੍ਰਤੀ ਦਿਨ 82 ਟਰੈਕਟਰਾਂ ਦੀ ਅਤੇ ਚਾਲੂ ਸਾਲ ਦੌਰਾਨ ਪ੍ਰਤੀ ਦਿਨ ਔਸਤਨ 90 ਟਰੈਕਟਰਾਂ ਦੀ ਵਿੱਕਰੀ ਦੀ ਹੋ ਗਈ ਹੈ। ਸੂਬੇ 'ਚ 48,868 ਕੰਬਾਈਨਾਂ ਵੀ ਰਜਿਸਟਰਡ ਹਨ। ਕਿਸਾਨ ਫ਼ਸਲੀ ਗੇੜ ਚੋਂ ਫਸਿਆ ਹੈ ਤੇ ਸਰਕਾਰਾਂ ਸੁਹਿਰਦ ਨਹੀਂ। ਜ਼ਮੀਨੀ ਪਾਣੀ ਤੇ ਪੌਣ ਪਾਣੀ ਵੀ ਪਲੀਤ ਹੋਇਆ ਹੈ। ਪੰਜਾਬ ਸਰਕਾਰ ਹਾਲੇ ਤੱਕ ਖੇਤੀ ਨੀਤੀ ਵੀ ਜਾਰੀ ਨਹੀਂ ਸਕੀ। ਸੂਬੇ 'ਚ 42 ਲੱਖ ਹੈਕਟੇਅਰ ਰਕਬਾ ਖੇਤੀ ਹੇਠ ਹੈ। ਸ਼ਹਿਰੀਕਰਨ ਨੇ ਵੱਡਾ ਰਕਬਾ ਖੇਤੀ ਚੋਂ ਬਾਹਰ ਵੀ ਕੀਤਾ ਹੈ।

### ਨਵੀਂ ਪੀੜ੍ਹੀ ਦੀ ਖੇਤੀ 'ਚ ਰੁਚੀ ਘਟੀ : ਘੁੰਮਣ

ਅਰਥ ਸ਼ਾਸਤਰੀ ਡਾ.ਆਰ.ਐੱਸ.ਘੁੰਮਣ ਆਖਦੇ ਹਨ ਕਿ ਖੇਤੀ ਮਸ਼ੀਨਰੀ ਦੀ ਬਹੁਤਾਤ ਕਰਕੇ ਕਿਸਾਨ ਜ਼ਮੀਨਾਂ ਠੇਕੇ 'ਤੇ ਲੈ ਕੇ ਕਾਸ਼ਤ ਕਰਦੇ ਹਨ ਤਾਂ ਜੋ ਆਪਣੀ ਮਾਲਕੀ ਵਾਲੀ ਜ਼ਮੀਨ 'ਚ ਰਕਬਾ ਜੋੜ ਕੇ ਜ਼ਿਆਦਾ ਖੇਤੀ ਮਸ਼ੀਨਰੀ ਅਤੇ ਮਨੁੱਖੀ ਸ਼ਕਤੀ ਦੀ ਵਰਤੋਂ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਦੀ ਕਿਸਾਨੀ ਦੀ ਅਗਲੀ ਪੀੜ੍ਹੀ ਵੀ ਖੇਤੀ 'ਚ ਦਿਲਚਸਪੀ ਗੁਆ ਬੈਠੀ ਹੈ ਜਿਸ ਵਜੋਂ ਠੇਕੇ 'ਤੇ ਜ਼ਮੀਨਾਂ ਲੈਣ ਵਾਲੇ ਕਿਸਾਨ ਵਧੇ ਹਨ।

### ਖੇਤੀ ਮਸ਼ੀਨਰੀ ਦਾ ਅਕਾਰ ਵੱਡਾ : ਚੇਅਰਮੈਨ

ਕਿਸਾਨ ਤੇ ਖੇਤੀ ਕਾਮੇ ਕਮਿਸ਼ਨ ਦੇ ਚੇਅਰਮੈਨ ਪ੍ਰੋ. ਸੁਖਪਾਲ ਸਿੰਘ ਦਾ ਕਹਿਣਾ ਸੀ ਕਿ ਸੂਬੇ 'ਚ ਖੇਤੀ ਮਸ਼ੀਨਰੀ ਦਾ ਵੱਡਾ ਆਕਾਰ ਛੋਟੇ ਖੇਤਾਂ 'ਚ ਫਿਟ ਨਹੀਂ ਬੈਠਦਾ ਹੈ। ਛੋਟੀਆਂ ਜੋਤਾਂ ਲਈ ਟਰੈਕਟਰ ਵਾਰਾ ਨਹੀਂ ਖਾਂਦਾ। ਉਨ੍ਹਾਂ ਕਿਹਾ ਕਿ ਦੂਸਰੀ ਤਰਫ਼ ਛੋਟੇ ਕਿਸਾਨਾਂ ਦੀਆਂ ਜ਼ਮੀਨਾਂ ਵੱਡੇ ਕਿਸਾਨ ਠੇਕੇ 'ਤੇ ਲੈਂਦੇ ਹੈ ਕਿਉਂਕਿ ਵੱਡੇ ਕਿਸਾਨਾਂ ਦੀਆਂ ਬੱਝਵੀਆਂ ਲਾਗਤਾਂ 'ਚ ਕੋਈ ਵਾਧਾ ਨਹੀਂ ਹੁੰਦਾ।

### ਠੇਕੇ 'ਤੇ ਜ਼ਮੀਨਾਂ : ਇੱਕ ਝਾਤ

| ਜ਼ਿਲ੍ਹੇ ਦਾ ਨਾਮ | ਠੇਕਾ ਖੇਤੀ ਵਾਲੇ ਕਿਸਾਨ |
|---|---|
| ਨਵਾਂ ਸ਼ਹਿਰ | 56.12 ਫ਼ੀਸਦੀ |
| ਹੁਸ਼ਿਆਰਪੁਰ | 50.81 ਫ਼ੀਸਦੀ |
| ਰੂਪਨਗਰ | 50.46 ਫ਼ੀਸਦੀ |
| ਜਲੰਧਰ | 50.19 ਫ਼ੀਸਦੀ |
| ਕਪੂਰਥਲਾ | 48.66 ਫ਼ੀਸਦੀ |
| ਅੰਮ੍ਰਿਤਸਰ | 48.49 ਫ਼ੀਸਦੀ |
| ਲੁਧਿਆਣਾ | 46.51 ਫ਼ੀਸਦੀ |
| ਪਠਾਨਕੋਟ | 45.90 ਫ਼ੀਸਦੀ |

### ਵੱਧ ਖ਼ੁਦਕਾਸ਼ਤ ਵਾਲੇ ਜ਼ਿਲ੍ਹੇ

| ਜ਼ਿਲ੍ਹੇ ਦਾ ਨਾਮ | ਖ਼ੁਦਕਾਸ਼ਤ ਕਿਸਾਨ |
|---|---|
| ਮੁਕਤਸਰ | 44.85 ਫ਼ੀਸਦੀ |
| ਫ਼ਰੀਦਕੋਟ | 43.60 ਫ਼ੀਸਦੀ |
| ਪਟਿਆਲਾ | 42.47 ਫ਼ੀਸਦੀ |
| ਸੰਗਰੂਰ | 42.07 ਫ਼ੀਸਦੀ |
| ਬਰਨਾਲਾ | 41.63 ਫ਼ੀਸਦੀ |
| ਬਠਿੰਡਾ | 41.40 ਫ਼ੀਸਦੀ |
| ਫ਼ਾਜ਼ਿਲਕਾ | 41.01 ਫ਼ੀਸਦੀ |
| ਮਾਨਸਾ | 40.00 ਫ਼ੀਸਦੀ |

# ਅਹਿਮਦੀਆ ਜਮਾਤ ਨੇ ਧਰਮਾਂ 'ਚ ਅੰਤਰ ਵਿਸ਼ਵਾਸ਼, ਸਾਂਝ ਤੇ ਨੇੜਤਾ ਸਬੰਧੀ ਰਚਾਈ ਵਿਚਾਰ-ਗੋਸ਼ਟੀ

## ਈਸਾਈ, ਜਿਊਈ, ਹਿੰਦੂ, ਸਿੱਖ ਤੇ ਇਸਲਾਮ ਧਰਮਾਂ ਦੇ ਬੁਲਾਰਿਆਂ ਨੇ ਲਿਆ ਹਿੱਸਾ ਤੇ ਸਰੋਤਿਆਂ 'ਚੋਂ ਵੀ ਵਿਚਾਰ ਆਏ











ਵਾਅਨ, (ਡਾ.ਝੰਡ): ਲੰਘੇ ਸ਼ੁੱਕਰਵਾਰ 14 ਨਵੰਬਰ ਨੂੰ ਅਹਿਮਦੀਆ ਮੁਸਲਿਮ ਜਮਾਤ ਵੱਲੋਂ ਇਸ ਸਮੇਂ ਪ੍ਰਚੱਲਤ ਧਰਮਾਂ ਵਿਚ ਪ੍ਰਮਾਤਮਾ ਬਾਰੇ ਅੰਤਰ-ਵਿਸ਼ਵਾਸ, ਧਾਰਨਾਵਾਂ, ਨੇੜਤਾ ਅਤੇ ਵੱਖ-ਵੱਖ ਧਰਮਾਂ ਦੇ ਆਪਸੀ ਮੇਲਜੋਲ਼ ਬਾਰੇ 'ਜੀਟੀਏ' ਦੇ ਵਾਅਨ ਏਰੀਏ ਸਥਿਤ ਅਹਿਮਦੀਆ ਜਮਾਤ ਦੀ 'ਬੈਤੁਲ ਇਸਲਾਮ ਮਸਜਿਦ' ਦੇ ਸਾਹਮਣੇ ਤਾਰਿਕ ਕਮਿਊਨਿਟੀ ਸੈਂਟਰ ਦੇ ਵਿਸ਼ਾਲ ਹਾਲ ਵਿੱਚ ਵਿਚਾਰ-ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਇਸ ਗੋਸ਼ਟੀ ਵਿੱਚ ਈਸਾਈ, ਜਿਊਈ, ਹਿੰਦੂ, ਸਿੱਖ ਅਤੇ ਇਸਲਾਮ ਧਰਮ ਦੇ ਨੁਮਾਇੰਦਿਆਂ ਵੱਲੋਂ ਆਪਣੇ ਧਰਮਾਂ ਦੀਆਂ ਵਿਸ਼ੇਸ਼ਤਾਈਆਂ ਤੇ ਗਹਿਰਾਈਆਂ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਗਏ। ਇਸ ਦੌਰਾਨ ਸਿੱਖ ਧਰਮ ਦੇ ਬੁਲਾਰੇ ਵਜੋਂ ਬਰੈਂਪਟਨ ਦੇ ਉੱਘੇ-ਗਾਇਕ ਇਕਬਾਲ ਸਿੰਘ ਬਰਾੜ ਵੱਲੋਂ ਨੁਮਾਇੰਦਗੀ ਕੀਤੀ ਗਈ, ਜਦ ਕਿ ਸਰੋਤਿਆਂ ਵਿੱਚ ਹੋਰ ਕਮਿਊਨਿਟੀਆਂ ਦੇ ਨਾਲ ਸਿੱਖ ਕਮਿਊਨਿਟੀ ਦੇ ਕਈ ਮੈਂਬਰ ਸ਼ਾਮਲ ਸਨ, ਜਿਨ੍ਹਾਂ ਵਿੱਚ ਕਰਨ ਅਜਾਇਬ ਸਿੰਘ ਸੰਘਾ, ਮਲੂਕ ਸਿੰਘ ਕਾਹਲੋਂ, ਡਾ. ਸੁਖਦੇਵ ਸਿੰਘ ਝੰਡ ਅਤੇ ਹਰਜੀਤ ਸਿੰਘ ਬਾਜਵਾ ਪ੍ਰਮੁੱਖ ਸਨ। ਸਮਾਗਮ ਦੀ ਸ਼ੁਰੂਆਤ ਕਰਦਿਆਂ ਅਹਿਮਦੀਆ ਜਮਾਤ ਦੇ ਅਹਿਮ ਲੀਡਰ ਜਨਾਬ ਰਿਆਜ਼ ਬਾਜਵਾ ਨੇ ਆਏ ਮਹਿਮਾਨਾਂ ਤੇ ਜਮਾਤ ਦੇ ਮੈਂਬਰਾਂ ਦਾ ਸੁਆਗ਼ਤ ਕਰਦਿਆਂ ਕਿਹਾ ਕਿ ਸੰਸਾਰ ਦੇ ਸਾਰੇ ਹੀ ਧਰਮ ਮਾਨਵਤਾ, ਆਪਸੀ ਏਕਤਾ ਅਤੇ ਭਰਾਤਰੀ-ਭਾਵ ਦਾ ਸੁਨੇਹਾ ਦਿੰਦੇ ਹਨ। ਉਹ ਕਹਿੰਦੇ ਹਨ ਕਿ ਸਾਨੂੰ ਸਾਰਿਆਂ ਨੂੰ ਆਪਸ ਵਿੱਚ ਮਿਲ਼-ਜੁਲ਼ ਕੇ ਪ੍ਰੇਮ ਪਿਆਰ ਨਾਲ ਰਹਿਣਾ ਚਾਹੀਦਾ ਹੈ ਅਤੇ ਕਿਸੇ ਨਾਲ ਨਫ਼ਰਤ ਨਹੀਂ ਕਰਨੀ ਚਾਹੀਦੀ, ਪਰ ਫਿਰ ਵੀ ਅੱਜਕੱਲ੍ਹ ਬਹੁਤ ਸਾਰੇ ਧਾਰਮਿਕ ਤੇ ਸਮਾਜਿਕ ਵਖਰੇਵੇਂ ਅਤੇ ਲੜਾਈ-ਝਗੜੇ ਸਾਹਮਣੇ ਆ ਰਹੇ ਹਨ ਅਤੇ ਧਾਰਮਿਕ ਸਹਿਣਸ਼ੀਲਤਾ ਦੀ ਘਾਟ ਨਜ਼ਰ ਆ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਗੋਸ਼ਟੀ ਵਿੱਚ ਅਸੀਂ ਵੱਖ-ਵੱਖ ਧਰਮਾਂ ਦੇ ਨੁਮਾਇੰਦਿਆਂ ਨੂੰ ਆਪੋ ਆਪਣੇ ਧਰਮਾਂ ਬਾਰੇ ਜਾਣਕਾਰੀ ਸ਼ਾਂਝੀ ਕਰਨ ਲਈ ਇੱਥੇ ਆਉਣ ਦਾ ਸੱਦਾ ਦਿੱਤਾ ਹੈ ਤਾਂ ਜੋ ਅਸੀਂ ਧਰਮਾਂ 'ਚ ਅੰਤਰ ਵਿਸ਼ਵਾਸ ਬਾਰੇ ਉਨ੍ਹਾਂ ਦੇ ਵਿਚਾਰ ਸੁਣ ਸਕੀਏ ਅਤੇ ਉਨ੍ਹਾਂ 'ਤੇ ਅਮਲ ਕਰ ਸਕੀਏ। ਮੰਚ-ਸੰਚਾਲਕ ਉਮੇਰ ਅਹਿਮਦ ਖ਼ਾਨ ਸਰੋਤਿਆਂ ਵੱਲੋਂ ਅਹਿਮਦੀਆ ਮੁਸਲਿਮ ਜਮਾਤ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਇਸ ਦੇ ਨਾਲ ਹੀ ਸੱਭ ਤੋਂ ਪਹਿਲਾਂ ਈਸਾਈ ਧਰਮ ਦੇ ਨੁਮਾਇੰਦੇ ਪਾਸਟਰ ਰਿਚਰਡ ਗਾਰਡਨਰ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਗਿਆ ਜਿਨ੍ਹਾਂ ਨੇ 2025 ਸਾਲ ਪਹਿਲਾਂ ਹੋਏ ਜੀਸਸ ਕਰਾਈਸਟ ਦੇ ਜੀਵਨ ਅਤੇ ਸਿੱਖਿਆਵਾਂ ਦੇ ਅਧਾਰਿਤ ਇਸ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਦੇ ਲੋਕਾਂ ਵੱਲੋਂ ਮੰਨਿਆਂ ਜਾਂਦੇ ਸੱਭ ਤੋਂ ਵੱਡੇ ਧਰਮ ਹੈ ਅਤੇ ਇਸ ਦੇ ਤਿੰਨ ਵੱਡੇ ਗਰੁੱਪ 'ਰੋਮਨ ਕੈਥੋਲਿਕ ਚਰਚ', 'ਈਸਟਰਨ ਆਰਥੋਡੌਕਸ ਚਰਚ' ਅਤੇ 'ਪ੍ਰੋਟੈਸਟੈਂਟ ਚਰਚ' ਬਬਾਰੇ ਚਰਚਾ ਕੀਤੀ।

ਉਨ੍ਹਾਂ ਕਿਹਾ ਕਿ ਸ਼ੁਰੂ-ਸ਼ੁਰੂ ਵਿਚ ਅਜਿਹੇ ਬਹੁਤ ਸਾਰੇ ਲੋਕ ਸਨ ਜਿਨ੍ਹਾਂ ਨੇ ਈਸਾ ਮਸੀਹ ਨੂੰ ਵੇਖਿਆ ਨਹੀਂ ਸੀ ਅਤੇ ਉਹ ਉਸ ਨੂੰ 'ਪ੍ਰਮਾਤਮਾ ਦੇ ਦੂਤ' ਵਜੋਂ ਨਹੀਂ ਜਾਣਦੇ ਸਨ। ਏਸੇ ਲਈ ਉਨ੍ਹਾਂ ਲੋਕਾਂ ਦੀ ਵਿਰੋਧਤਾ ਕਾਰਨ ਈਸਾ ਮਸੀਹ ਨੂੰ ਸੂਲ਼ੀ 'ਤੇ ਚੜ੍ਹਨਾ ਪਿਆ। ਜਿਊਇਸ਼ ਧਰਮ ਦੀ ਨੁਮਾਇੰਦਾ ਰਾਬੀ ਟੀਨਾ ਗਰਿਮਬਰਗ ਨੇ ਕਿਹਾ ਕਿ ਜੀਸਸ ਕਰਾਈਸਟ ਅਤੇ ਉਸਦੇ ਕ੍ਰਿਸਚਨ ਧਰਮ ਨੂੰ ਮੰਨਣ ਵਾਲੇ ਬਹੁਤ ਸਾਰੇ ਹੇਬਰਿਊ ਲੋਕ ਇਜ਼ਰਾਈਲ ਅਤੇ ਇਸ ਦੇ ਆਸ-ਪਾਸ ਦੇ ਦੇਸ਼ਾਂ ਤੋਂ ਸਨ। 'ਜੁਡਾਇਜ਼ਮ' ਦੇ ਨਾਂ ਤੇ ਪ੍ਰਚੱਲਤ ਹੋਇਆ ਇਹ ਧਰਮ ਪ੍ਰਮਾਤਮਾ ਅਤੇ ਜਿਊਇਸ਼ ਲੋਕਾਂ ਵਿਚ ਸਿੱਧੇ ਸੰਪਰਕ ਵਿੱਚ ਰੂਪਮਾਨ ਹੈ। ਉਨ੍ਹਾਂ ਦੱਸਿਆ ਕਿ 'ਟੋਰਾਹ' (ਠੋਰਓਹ) ਨਾਂ ਦੀ ਪੁਰਾਤਨ 'ਬਿਬਲੀਕਲ ਹੇਬਰਿਊ' ਅਤੇ 'ਮਾਡਰਨ ਹੇਬਰਿਊ' ਜਿਸ ਨੂੰ 'ਟਨਖ਼' ਜਾਂ 'ਟਨਕ' ਕਿਹਾ ਜਾਂਦਾ ਹੈ, ਇਸ ਧਰਮ ਦੇ ਦੋ ਮੁੱਖ ਗ੍ਰੰਥ (ਟੈਕਸਟ) ਹਨ। ਇਨ੍ਹਾਂ ਤੋਂ ਇਲਾਵਾ 'ਓਰਲ ਟੋਰਾਹ' ਵੀ ਇੱਕ ਹੋਰ ਮਹੱਤਵਪੂਰਨ ਟੈਕਸਟ ਹੈ। ਉਨ੍ਹਾਂ ਦੱਸਿਆ ਕਿ 'ਟੋਰਾਹ' ਜਿਊਇਸ਼ ਟੈਕਸਟਾਂ ਲਈ ਵਰਤੀ ਜਾਣ ਦੀ ਆਮ ਸ਼ਬਦਾਵਲੀ ਹੈ ਅਤੇ ਇਨ੍ਹਾਂ ਵਿੱਚ ਲੋਕਾਂ ਲਈ ਵਧੀਆ ਜੀਵਨ-ਜਾਚ ਦੀਆਂ ਸਿੱਖਿਆਵਾਂ ਮੌਜੂਦ ਹਨ।

ਹਿੰਦੂ ਧਰਮ ਦੇ ਪ੍ਰਤੀਨਿਧ ਵਜੋਂ ਇਸ ਧਰਮ ਦੀ ਪੁਰਾਤਨਤਾ ਦੀ ਗੱਲ ਕਰਦਿਆਂ ਸੁਰਿੰਦਰ ਰਾਠੀ ਨੇ ਕਿਹਾ ਕਿ ਹਿੰਦੂ ਧਰਮ ਚਾਰ ਹਜ਼ਾਰ ਸਾਲ ਪੁਰਾਣਾ ਹੈ ਅਤੇ ਇਸ ਵਿੱਚ ਮਨੁੱਖੀ ਜੀਵਨ ਨੂੰ ਚਾਰ ਭਾਗਾਂ- ਧਰਮ, ਅਰਥ, ਕਾਮ ਤੇ ਮੋਕਸ਼-'ਚ ਵੰਡ ਕੇ ਮਨੁੱਖ ਨੂੰ ਆਪਣਾ ਜੀਵਨ ਸਫ਼ਲਤਾ ਪੂਰਵਕ ਜਿਊਣ ਦੀ ਸਿੱਖਿਆ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਹਿੰਦੂ ਧਰਮ ਅਨੁਸਾਰ 'ਬ੍ਰਹਮਾ' ਜੀਵਨਦਾਤਾ ਹੈ, 'ਵਿਸ਼ਨੂੰ' ਸੱਭਨਾਂ ਦਾ ਪਾਲਕ ਹੈ ਅਤੇ 'ਮਹੇਸ਼' ਜੀਵਨ ਦੇ ਅੰਤਲੇ ਸਮੇਂ 'ਮੌਤ' ਦੇ ਸੰਕਲਪ ਨੂੰ ਯਾਦ ਕਰਵਾਉਂਦਾ ਹੈ। ਉਨ੍ਹਾਂ ਹੋਰ ਕਿਹਾ ਕਿ 'ਥੀਓਲੌਜੀ' ਅਤੇ 'ਮਾਈਥੋਲੌਜੀ' ਹਿੰਦੂ ਧਰਮ ਦੇ ਗ੍ਰੰਥਾਂ 'ਰਮਾਇਣ', 'ਮਹਾਂਭਾਰਤ', 'ਭਗਵਦ ਗੀਤਾ', 'ਵੇਦਾਂ', 'ਪੁਰਾਣਾਂ' ਅਤੇ 'ਸਿਮਰਤੀਆਂ' ਦੇ ਮੁੱਖ ਅੰਗ ਹਨ। ਉਨ੍ਹਾਂ ਕਿਹਾ ਕਿ ਹਿੰਦੂ ਲੋਕ ਭਗਤੀ, ਪੂਜਾ ਅਤੇ ਯੋਗਾ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਂਦੇ ਹਨ। ਸਿੱਖ ਧਰਮ ਦੇ ਬੁਲਾਰੇ ਵਜੋਂ ਇਕਬਾਲ ਸਿੰਘ ਬਰਾੜ ਨੇ ਕਿਹਾ ਕਿ ਸਿੱਖ ਧਰਮ ਵਿੱਚ "ਇੱਕ ਓਂਕਾਰ" ਦਾ ਸੰਕਲਪ ਪ੍ਰਮਾਤਮਾ ਦੇ 'ਇੱਕ' ਹੋਣ ਨੂੰ ਦਰਸਾਉਂਦਾ ਹੈ ਅਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਆਰੰਭ ਵਿੱਚ ਦਰਜ 'ਮੂਲ-ਮੰਤਰ' 'ਚ ਗੁਰੂ ਨਾਨਕ ਦੇਵ ਜੀ ਵੱਲੋਂ ਇਸ ਦੀ ਭਰਪੂਰ ਵਿਆਖਿਆ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਿੱਖ ਧਰਮ ਗੁਰੂ ਨਾਨਕ ਦੇਵ ਜੀ ਵੱਲੋਂ ਦਿੱਤੇ ਗਏ ਤਿੰਨ ਮੂਲ ਸਿਧਾਂਤਾਂ "ਕਿਰਤ ਕਰੋ, ਵੰਡ ਕੇ ਛਕੋ ਅਤੇ ਨਾਮ ਜਪੋ" ਦੇ ਆਧਾਰਿਤ ਹੈ। ਸ਼੍ਰੋਮਣੀ ਭਗਤ ਕਬੀਰ ਜੀ ਦੇ ਸ਼ਬਦ "ਅਵਲ ਅਲਹ ਨੂਰ ਉਪਾਇਆ ਕੁਦਰਤ ਕੇ ਸੱਭ ਬੰਦੇ, ਏਕ ਨੂਰ 'ਤੇ ਸੱਭ ਜੱਗ ਉਪਜਿਆ ਕੌਣ ਭਲੇ ਕੋ ਮੰਦੇ" ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦ "ਮਾਨਸ ਕੀ ਜਾਤ ਸਭੈ ਏਕੋ ਪਹਿਚਾਨ ਬੋ" ਦੀਆਂ ਉਦਾਹਰਣਾਂ ਦਿੰਦਿਆਂ ਹੋਇਆਂ ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿਚ ਗੁਰੂ ਸਾਹਿਬਾਨ ਅਤੇ ਭਗਤਾਂ ਵੱਲੋਂ ਪ੍ਰੇਮ, ਪਿਆਰ, ਭਗਤੀਭਾਵ ਅਤੇ ਸਾਂਝੀਵਾਲਤਾ ਦੀਆਂ ਭਾਵਨਾਵਾਂ ਤਹਿਤ ਸਫ਼ਲ ਜੀਵਨ ਜਿਊਣ ਦੀ ਸਿੱਖਿਆ ਦਿੱਤੀ ਗਈ ਹੈ।

ਇਸਲਾਮ ਧਰਮ ਦੀ ਨੁਮਾਇੰਦਗੀ ਕਰਦਿਆਂ ਇਮਾਮ ਫ਼ਰਹਾਨ ਇਕਬਾਲ ਦਾ ਕਹਿਣਾ ਸੀ ਕਿ ਇਸਲਾਮ ਧਰਮ ਪ੍ਰਮਾਤਮਾ ਦੇ 'ਇੱਕ' ਹੋਣ ਵਿੱਚ ਯਕੀਨ ਰੱਖਦਾ ਹੈ ਅਤੇ ਇਸ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਵੱਲੋਂ ਉਸ ਨੂੰ 'ਅੱਲਾ' ਦਾ ਨਾਂ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁਕੱਦਸ 'ਕੁਰਾਨ ਸ਼ਰੀਫ਼' ਇਸਲਾਮ ਧਰਮ ਦਾ ਇੱਕੋ ਇੱਕ-ਗ੍ਰੰਥ ਹੈ, ਜਿਸ ਨੂੰ ਸਾਰੇ ਮੁਸਲਮਾਨ ਮੰਨਦੇ ਹਨ ਅਤੇ ਇਸ ਵਿੱਚ ਦਰਜ ਸਿੱਖਿਆਵਾਂ 'ਤੇ ਚੱਲਦੇ ਹਨ। ਇਸਲਾਮ ਧਰਮ ਵਿੱਚ ਹਰੇਕ ਨੂੰ ਆਪਣੇ ਵਿਚਾਰ ਪੇਸ਼ ਕਰਨ ਦੀ ਖੁੱਲ੍ਹ ਹੈ ਤੇ ਇਸ ਵਿੱਚ ਕਿਸੇ ਕਿਸਮ ਦੀ ਕੋਈ ਕੱਟੜਤਾ ਜਾਂ ਮਜਬੂਰੀ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸਲਾਮ ਵਿੱਚ ਮਾਨਵਤਾ, ਨੇਕੀ ਅਤੇ ਬਰਾਬਰੀ ਨੂੰ ਪੂਰੀ-ਪੂਰੀ ਥਾਂ ਦਿੱਤੀ ਗਈ ਹੈ। ਇਸ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਵੱਲੋਂ ਮੁਸਲਮਾਨਾਂ ਨੂੰ ਆਪਣੀ ਨੇਕ ਕਮਾਈ ਵਿੱਚੋਂ 'ਜ਼ਕਾਤ' (ਆਪਣੀ ਨੇਕ ਕਮਾਈ ਵਿੱਚੋਂ ਕੁਝ ਹਿੱਸਾ) ਕੱਢਣ ਅਤੇ ਇਸ ਨੂੰ ਮਨੁੱਖਤਾ ਦੀ ਭਲਾਈ ਲਈ ਨੇਕ ਕੰਮਾਂ ਲਈ ਵਰਤਣ ਦੀ ਹਦਾਇਤ ਕੀਤੀ ਗਈ ਹੈ।

ਗੋਸ਼ਟੀ ਦੇ ਅਖ਼ੀਰ ਵੱਲ ਵੱਧਦਿਆਂ ਸਰੋਤਿਆਂ ਵਿੱਚੋਂ ਡਾ. ਸੁਖਦੇਵ ਸਿੰਘ ਝੰਡ ਨੇ ਬੁਲਾਰਿਆਂ ਨੂੰ ਸੁਆਲ ਕਰਦਿਆਂ ਕਿਹਾ ਕਿ ਸਾਰੇ ਹੀ ਧਰਮ ਕਹਿੰਦੇ ਹਨ ਕਿ 'ਪ੍ਰਮਾਤਮਾ ਇੱਕ ਹੈ'। ਉਸ ਨੇ ਇਹ ਕਾਇਨਾਤ ਪੈਦਾ ਕੀਤੀ ਹੈ ਅਤੇ ਅਸੀਂ ਸਾਰੇ ਮਨੁੱਖ ਉਸ ਦੀ ਸੰਤਾਨ ਹਾਂ ਤੇ ਇਸ ਨਾਤੇ ਅਸੀਂ ਸਾਰੇ ਮਨੁੱਖ ਭੈਣ-ਭਰਾ ਹਾਂ। ਫਿਰ ਸਾਰੀ ਦੁਨੀਆਂ 'ਚ ਇਹ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਲੜਾਈਆਂ ਕਿਉਂ ਲਗਾਤਾਰ ਚੱਲ ਰਹੀਆਂ ਹਨ? ਇਸ ਦੇ ਜੁਆਬ ਵਿੱਚ ਦੁਨਿਆਵੀ ਉਦਾਹਰਣ ਦਿੰਦਿਆਂ ਸੁਰਿੰਦਰ ਰਾਠੀ ਨੇ ਕਿਹਾ ਕਿ ਮਾਪਿਆਂ ਦੇ ਜਾਏ ਪੁੱਤਰ-ਧੀਆਂ ਜੋ ਆਪਸ ਵਿੱਚ ਸਕੇ ਭੈਣ-ਭਰਾ ਹੁੰਦੇ ਹਨ, ਦਾ ਵੀ ਕਈ ਵਾਰ ਆਪਸ ਵਿੱਚ 'ਮਨ-ਮੁਟਾਵ' ਤੇ 'ਲੜਾਈ-ਝਗੜਾ' ਹੋ ਜਾਂਦਾ ਹੈ। ਬੱਸ, ਏਹੀ ਕੁਝ ਵੱਡੇ ਪੱਧਰ 'ਤੇ ਹੋ ਰਿਹਾ ਹੈ, ਜਦਕਿ ਇਕਬਾਲ ਬਰਾੜ ਹੋਰਾਂ ਦਾ ਇਸ ਦੇ ਬਾਰੇ ਕਹਿਣਾ ਸੀ ਕਿ ਵੱਖ-ਵੱਖ ਲੋਕਾਂ ਵੱਲੋਂ ਕੀਤੀ ਜਾਂਦੀ ਧਰਮਾਂ ਦੀ ਵਿਆਖਿਆ ਵਿੱਚੋਂ ਕਈ ਬਖੇੜੇ ਅਤੇ ਲੜਾਈ-ਝਗੜੇ ਪੈਦਾ ਹੁੰਦੇ ਹਨ, ਧਰਮ ਤਾਂ ਏਕੇ ਦੀ ਗੱਲ ਕਰਦੇ ਹਨ। ਉਨ੍ਹਾਂ ਕਿਹਾ ਕਿ ਡਾ. ਅਲਾਮਾ ਇਕਬਾਲ ਨੇ ਇਸ ਸਬੰਧੀ ਬਹੁਤ ਵਧੀਆ ਕਿਹਾ ਹੈ, "ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਬੈਰ ਰਖਨਾ, ਹਿੰਦੀ ਹੈ ਹਮ ਵਤਨ ਹੈ ਹਿੰਦੋਸਤਾਂ ਹਮਾਰਾ।" ਗੋਸ਼ਟੀ ਦੇ ਮਾਡਰੇਟਰ ਉਮੇਰ ਅਹਿਮਦ ਖ਼ਾਨ ਵੱਲੋਂ ਇਸ ਗੋਸ਼ਟੀ ਨੂੰ 'ਸਮ-ਅੱਪ' ਕਰਦਿਆਂ ਹੋਇਆਂ ਸਮੂਹ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ। ਉਪਰੰਤ, ਸਾਰਿਆਂ ਨੇ ਮਿਲ਼ ਕੇ ਰਾਤ ਦੇ ਖਾਣੇ ਦਾ ਅਨੰਦ ਮਾਣਿਆ ਅਤੇ ਘਰੋ-ਘਰੀਂ ਰਵਾਨਾ ਹੋਏ।

# ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਰਾਭਾ ਪਿੰਡ ਲਈ 45.84 ਕਰੋੜ ਰੁਪਏ ਦੇ ਵਿਕਾਸ ਪ੍ਰਾਜੈਕਟਾਂ ਦਾ ਐਲਾਨ



ਸਰਾਭਾ (ਲੁਧਿਆਣਾ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਜ਼ਾਦੀ ਸੰਘਰਸ਼ ਦੇ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ 'ਤੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸ਼ਹੀਦ ਦੇ ਜੱਦੀ ਪਿੰਡ ਸਰਾਭਾ ਲਈ 45.84 ਕਰੋੜ ਰੁਪਏ ਦੇ ਵਿਕਾਸ ਪ੍ਰਾਜੈਕਟਾਂ ਦਾ ਐਲਾਨ ਕੀਤਾ। ਅੱਜ ਇੱਥੇ ਰਾਜ ਪੱਧਰੀ ਸਮਾਗਮ ਦੌਰਾਨ ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਸ਼ਹੀਦ ਦੇ ਸਤਿਕਾਰ ਵਿੱਚ ਪਿੰਡ ਸਰਾਭਾ ਲਈ 45 ਕਰੋੜ 84 ਲੱਖ ਰੁਪਏ ਦੀ ਲਾਗਤ ਨਾਲ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਰਾਹੀਂ ਪਿੰਡ ਦੇ ਬੁਨਿਆਦੀ ਢਾਂਚੇ, ਪੀਣ ਵਾਲਾ ਸਾਫ ਪਾਣੀ, ਖੇਡਾਂ, ਰੱਖਿਆ ਸਿਖਲਾਈ ਸਮੇਤ ਹੋਰ ਸਹੂਲਤਾਂ ਦਿੱਤੀਆਂ ਜਾਣਗੀਆਂ ਜੋ ਸਹੀ ਮਾਅਨਿਆਂ ਵਿੱਚ ਸ਼ਹੀਦ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਸ ਮਹਾਨ ਸ਼ਹੀਦ ਦੇ ਜੱਦੀ ਪਿੰਡ ਨੂੰ ਮਾਡਲ ਪਿੰਡ ਵਜੋਂ ਵਿਕਸਤ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ।

ਇਸ ਮੌਕੇ ਮੁੱਖ ਮੰਤਰੀ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸ਼ਰਧਾਂਜਲੀ ਦਿੰਦਿਆਂ ਉਸ ਦੇ ਸਾਥੀਆਂ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ, ਬਖਸ਼ੀਸ਼ ਸਿੰਘ, ਜਗਤ ਸਿੰਘ, ਸੁਰੈਣ ਸਿੰਘ (ਵੱਡਾ), ਸ਼ਹੀਦ ਹਰਨਾਮ ਸਿੰਘ ਸਿਆਲਕੋਟੀ ਅਤੇ ਸੁਰੈਣ ਸਿੰਘ (ਛੋਟੇ) ਨੂੰ ਵੀ ਯਾਦ ਕੀਤਾ, ਜਿਨ੍ਹਾਂ ਨੂੰ ਵੀ ਉਸੇ ਦਿਨ ਫਾਂਸੀ ਦਿੱਤੀ ਗਈ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਭਾਰਤ ਦੇ ਸਭ ਤੋਂ ਨੌਜਵਾਨ ਕ੍ਰਾਂਤੀਕਾਰੀ ਸਨ, ਜਿਨ੍ਹਾਂ ਨੇ ਮਹਿਜ਼ 19 ਸਾਲ ਦੀ ਉਮਰ ਵਿੱਚ ਆਪਣੀ ਜਾਨ ਕੁਰਬਾਨ ਕਰ ਦਿੱਤੀ। ਉਨ੍ਹਾਂ ਕਿਹਾ ਕਿ ਇੰਨੀ ਛੋਟੀ ਉਮਰ ਵਿੱਚ ਸ਼ਹੀਦ ਹੋਣ ਵਾਲੇ ਕਰਤਾਰ ਸਿੰਘ ਸਰਾਭਾ ਆਪਣੇ ਦੇਸ਼ ਲਈ ਨਿਰਸਵਾਰਥ ਸੇਵਾ ਨਿਭਾਉਣ ਵਾਸਤੇ ਨੌਜਵਾਨ ਪੀੜ੍ਹੀਆਂ ਲਈ ਸਦੀਆਂ ਤੋਂ ਪ੍ਰੇਰਨਾ ਦਾ ਸਰੋਤ ਬਣੇ ਹੋਏ ਹਨ। ਉਨ੍ਹਾਂ ਕਿਹਾ ਕਿ ਇਸ ਮਹਾਨ ਸ਼ਹੀਦ ਨੇ ਦੇਸ਼ ਨੂੰ ਵਿਦੇਸ਼ੀ ਸਾਮਰਾਜਵਾਦ ਦੇ ਚੁੰਗਲ ਤੋਂ ਮੁਕਤ ਕਰਵਾਉਣ ਲਈ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਕਿਹਾ ਕਿ ਗ਼ਦਰ ਪਾਰਟੀ ਦੇ ਸਰਗਰਮ ਆਗੂ ਵਜੋਂ ਉਨ੍ਹਾਂ ਨੇ ਪਹਿਲਾਂ ਵਿਦੇਸ਼ਾਂ ਵਿੱਚ ਅਤੇ ਫਿਰ ਦੇਸ਼ ਦੀ ਆਜ਼ਾਦੀ ਲਈ ਅਣਥੱਕ ਮਿਹਨਤ ਕੀਤੀ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਸਹੁੰ ਚੁੱਕ ਕੇ ਸੂਬੇ ਦੀ ਕਮਾਨ ਸੰਭਾਲੀ ਸੀ ਅਤੇ ਉਨ੍ਹਾਂ ਦੀ ਸਰਕਾਰ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਦੌਰਾਨ ਮੁੱਖ ਮੰਤਰੀ ਨੇ ਪੰਜਾਬੀਆਂ ਨੂੰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ 23 ਤੋਂ 25 ਨਵੰਬਰ ਤੱਕ ਕਰਵਾਏ ਜਾ ਰਹੇ ਸਮਾਗਮਾਂ ਵਿੱਚ ਵਧ-ਚੜ੍ਹ ਕੇ ਸ਼ਾਮਲ ਹੋਣ ਦਾ ਸੱਦਾ। ਉਨ੍ਹਾਂ ਕਿਹਾ ਕਿ ਇਸ ਇਤਿਹਾਸਕ ਮੌਕੇ ਪੰਜਾਬ ਸਰਕਾਰ ਵੱਲੋਂ ਲਾਈਟ ਐਂਡ ਸਾਊਂਡ ਸ਼ੋਅ, ਨਗਰ ਕੀਰਤਨ, ਡਰੋਨ ਸ਼ੋਅ, ਕੀਰਤਨ ਦਰਬਾਰ ਅਤੇ ਹੋਰ ਸਮਾਗਮ ਕਰਵਾਏ ਜਾ ਰਹੇ ਹਨ ਤਾਂ ਕਿ ਗੁਰੂ ਸਾਹਿਬ ਜੀ ਦੇ ਮਹਾਨ ਜੀਵਨ ਅਤੇ ਸਿੱਖਿਆਵਾਂ ਦਾ ਸੰਦੇਸ਼ ਘਰ-ਘਰ ਪਹੁੰਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਭਾਗਾਂ ਵਾਲੇ ਹਾਂ ਜਿਨ੍ਹਾਂ ਨੂੰ ਇਹ ਇਤਿਹਾਸਕ ਮੌਕਾ ਮਨਾਉਣ ਦਾ ਸੁਭਾਗ ਹਾਸਲ ਹੋਇਆ ਹੈ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੱਦੀ ਘਰ ਜਾ ਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਵੀ ਭੇਟ ਕੀਤੇ।

ਮੁੱਖ ਮੰਤਰੀ ਵੱਲੋਂ ਐਲਾਨੇ ਗਏ 45.84 ਕਰੋੜ ਰੁਪਏ ਦੇ ਵਿਕਾਸ ਪ੍ਰਾਜੈਕਟਾਂ ਵਿੱਚ ਪਿੰਡ ਲਲਤੋਂ ਕਲਾਂ ਤੋਂ ਸਰਾਭਾ ਰਾਹੀਂ ਰਾਏਕੋਟ ਅਤੇ ਹਲਵਾਰਾ ਤੱਕ ਮੌਜੂਦਾ ਦੋ-ਮਾਰਗੀ ਤੋਂ ਚਾਰ-ਮਾਰਗੀ ਸੜਕ ਨੂੰ ਚੌੜਾ ਕਰਨ ਲਈ 40 ਕਰੋੜ ਰੁਪਏ ਦੀ ਲਾਗਤ ਆਵੇਗੀ। ਇਹ ਸੜਕ ਹਲਵਾਰਾ ਏਅਰਪੋਰਟ ਤੱਕ ਜਾਏਗੀ। ਇਸੇ ਤਰ੍ਹਾਂ 2 ਕਰੋੜ 82 ਲੱਖ ਰੁਪਏ ਦੀ ਲਾਗਤ ਨਾਲ ਸਤਹੀ ਪਾਣੀ ਯੋਜਨਾ, 2 ਕਰੋੜ ਰੁਪਏ ਦੀ ਟਾਰਗੇਟ ਸੇਫਟੀ ਸੈੱਟਅੱਪ ਵਾਲੀ 10 ਐਮ.ਐਮ. ਇਨਡੋਰ ਸ਼ੂਟਿੰਗ ਰੇਂਜ, 10 ਲੱਖ ਰੁਪਏ ਦੀ ਲਾਗਤ ਬਾਸਕਟਬਾਲ ਗਰਾਊਂਡ ਦੀ ਮੁਰੰਮਤ ਅਤੇ 3 ਲੱਖ ਰੁਪਏ ਨਾਲ ਵਾਲੀਬਾਲ ਕੋਰਟ ਤੇ ਛੇ ਕੰਕਰੀਟ ਬੈਂਚਾਂ ਵਾਲੇ ਖੇਡ ਮੈਦਾਨ ਦਾ ਵਿਕਾਸ ਸ਼ਾਮਲ ਹੈ। ਇਸ ਤੋਂ ਇਲਾਵਾ 89 ਲੱਖ ਰੁਪਏ ਦੀ ਲਾਗਤ ਨਾਲ ਜੰਗਲਾਤ ਨਰਸਰੀ ਨੂੰ ਨਵੀਨਤਮ ਤਕਨਾਲੋਜੀ ਨਾਲ ਅਪਗ੍ਰੇਡ ਕੀਤਾ ਜਾਵੇਗਾ।

ਸੁਰੱਖਿਆ ਤੇ ਪੁਲਿਸ ਬਲਾਂ ਲਈ ਸਿਖਲਾਈ ਅਕੈਡਮੀ ਸਥਾਪਤ ਕੀਤੀ ਜਾਵੇਗੀ ਜਿਸ ਵਿੱਚ ਪਾਇਲਟ ਅਤੇ ਡਰੋਨ ਸਿਖਲਾਈ ਲਈ ਏਅਰ ਫੋਰਸ ਅਕੈਡਮੀ ਤੋਂ ਛੱਡੇ ਹੋਏ ਮਿਗ-21 ਜਹਾਜ਼ ਦੀ ਵਿਵਸਥਾ ਸ਼ਾਮਲ ਹੈ।

GTA Plumbing & Electrical Supplies

GTA Plumbling & Electrical Supplies



ONE STOP SHOP FOR ALL PLUMBING & ELECTRICAL SUPPLIES

* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250

* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more

Moen, American Standard Pfister, Faucets, ABS, Copper and all type of fitting

905-792-0036

18 Strathearn Ave South A, Unit#25-27
Brampton (Steeles & Dixie)

ASK Mortgage Ltd.

Business Loan
Credit Line
Truck/Taxi Loan
New Immigrant Package

416-366-1234



Jaswinder Khosa
416-894-9400

1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ

ਹਰਬਲ ਵਿਆਗਰਾ:-ਮਰਦਾਨਾ ਤਾਕਤ
ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ






ਨਸ਼ਾ ਛੁਡਾਓ
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ

ਔਰਤਾਂ ਤੇ ਮਰਦਾਂ ਦੇ
ਗੁਪਤ ਰੋਗਾਂ ਦਾ ਇਲਾਜ

ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।

ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ



ਚਮੜੀ ਦੇ ਰੋਗਾਂ ਦਾ ਸਫਲ ਇਲਾਜ

ਚੰਬਲ, ਦਦਰੀ, ਸ਼ਪਾਕੀ, ਐਲਰਜੀ, ਵਾਲ ਝਵਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫਲ ਇਲਾਜ ਕੀਤਾ ਜਾਂਦਾ ਹੈ

PH: 416-425-0138
514-632-0138

ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗ੍ਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ

ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ

ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ

Solve Your Life Problems with Easy Opay & Lucky Stone, Book and Appointment Today!

# ਆਧੁਨਿਕ ਸਮਾਜ 'ਚ ਸਵੈ ਅਧਿਐਨ ਦੀ ਭੂਮਿਕਾ



ਸਵੈ ਅਧਿਐਨ ਅਜੋਕੇ ਸਮੇਂ ਵਿੱਚ ਵਿੱਦਿਅਕ ਵਿਕਾਸ ਦਾ ਅਨਿੱਖੜਵਾਂ ਅੰਗ ਬਣ ਗਿਆ ਹੈ, ਜੋ ਫਾਰਮਲ ਸਿਖਿਆ ਨੂੰ ਪੂਰਕ ਕਰਦਾ ਹੈ, ਜਦੋਂ ਕਿ ਆਤਮਨਿਰਭਰਤਾ, ਤਰਕ ਸਮਰੱਥਾ,ਸੋਚ ਅਤੇ ਗਹਿਰੇ ਸਾਂਝੇ ਦਿਮਾਗੀ ਲਗਨ ਨੂੰ ਪਾਲਣ ਕਰਦਾ ਹੈ। ਸਿੱਖਿਆ ਦੇ ਵਿਭਾਗਾਂ ਵਿੱਚ ਖੋਜਕਾਰਾਂ ਨੇ ਲਗਾਤਾਰ ਇਹ ਦਰਸਾਇਆ ਹੈ ਕਿ ਜਿਨ੍ਹਾਂ ਵਿਦਿਆਰਥੀਆਂ ਨੇ ਸੁਤੰਤਰ ਅਧਿਐਨ ਦੀਆਂ ਆਦਤਾਂ ਵਿਕਸਿਤ ਕੀਤੀਆਂ ਹਨ ਉਹ ਸਮੱਸਿਆ-ਹੱਲ ਕਰਨ ਦੀਆਂ ਯੋਗਤਾਵਾਂ, ਗਿਆਨ ਨੂੰ ਦ੍ਰਿੜ੍ਹ ਰੱਖਣ ਅਤੇ ਲੰਮੇਂ ਲੰਬੇ ਸਮੇਂ ਦੇ ਅਕਾਦਮਿਕ ਨਤੀਜੇ ਦਰਸਾਉਂਦੇ ਹਨ। ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਜ਼ਿਆਦਾਤਰ ਪੈਡਾਗੋਜੀਕਲ ਢਾਂਚੇ ਵਿਦਿਆਰਥੀ-ਕੇਂਦ੍ਰਿਤ ਮਾਡਲਾਂ ਵੱਲ ਵੱਧ ਰਹੇ ਹਨ ਸਵੈਂ ਅਧਿਐਨ ਦੇ ਵਿਗਿਆਨਕ ਆਧਾਰ, ਢਾਂਚੇ ਅਤੇ ਤਕਨੀਕੀ ਵਿਕਾਸ ਨੂੰ ਸਮਝਣਾ ਅਹਿਮ ਹੋ ਗਿਆ ਹੈ।

**ਸਵੈਂ ਅਧਿਐਨ ਦਾ ਵਿਗਿਆਨਕ ਆਧਾਰ**

ਸਿੱਖਿਆ ਮਨੋਵਿਗਿਆਨ ਇੱਕ ਪ੍ਰਭਾਵਸ਼ਾਲੀ ਸਬੂਤ ਦੇ ਸੰਗ੍ਰਹਿ ਨੂੰ ਪੇਸ਼ ਕਰਦਾ ਹੈ ਜੋ ਸਵੈਂ ਅਧਿਐਨ ਦੀ ਪ੍ਰਭਾਵਸ਼ਾਲਤਾ ਨੂੰ ਸਮਰਥਿਤ ਕਰਦਾ ਹੈ। ਕੋਗਨੀਟਿਵ ਲੋਡ ਥਿਊਰੀ ਦਰਸਾਉਂਦੀ ਹੈ ਕਿ ਸਿੱਖਣਾ ਉਸ ਵੇਲੇ ਸਭ ਤੋਂ ਵਧੀਆ ਹੁੰਦਾ ਹੈ ਜਦੋਂ ਵਿਦਿਆਰਥੀ ਸਰਗਰਮੀ ਨਾਲ ਮਤਲਬ ਬਣਾਉਂਦੇ ਹਨ ਨਾ ਕਿ ਨਿਸ਼ਕ੍ਰਿਯ ਤੌਰ 'ਤੇ ਜਾਣਕਾਰੀ ਪ੍ਰਾਪਤ ਕਰਦੇ ਹਨ। ਸਵੈ ਅਧਿਐਨ ਦੇ ਵਾਤਾਵਰਨ ਸਪੇਸਡ ਰਿਪਟੀਸ਼ਨ, ਵਿਸਥਾਰਕ ਰਿਹਰਸਲ ਅਤੇ ਮੈਟਾਕਗਨੀਟਿਵ ਪਰਿਭਾਸ਼ਾ ਲਈ ਮੌਕੇ ਪ੍ਰਦਾਨ ਕਰਦੇ ਹਨ—ਇਹ ਮਕੈਨਿਜ਼ਮ ਦਿਮਾਗੀ ਰਾਹਾਂ ਨੂੰ ਮਜ਼ਬੂਤ ਕਰਨ ਅਤੇ ਲੰਬੇ ਸਮੇਂ ਦੀ ਯਾਦ ਨੂੰ ਸੰਕਲਿਤ ਕਰਨ ਲਈ ਜਾਣੇ ਜਾਂਦੇ ਹਨ।

ਨਿਊਰੋਸਾਇੰਟਿਫਿਕ ਅਧਿਐਨਾਂ ਨੇ ਹੋਰ ਦਰਸਾਇਆ ਹੈ ਕਿ ਸੁਤੰਤਰਤਾ ਨਾਲ ਸਿੱਖਣਾ ਡੋਪਾਮਿਨਰਜਿਕ ਇਨਾਮ ਪ੍ਰਣਾਲੀ ਨੂੰ ਸਰਗਰਮ ਕਰਦਾ ਹੈ, ਜਿਸ ਨਾਲ ਪ੍ਰੇਰਨਾ ਵੱਧਦੀ ਹੈ ਅਤੇ ਮਿਹਨਤ-ਆਧਾਰਿਤ ਗਿਆਨ ਪ੍ਰਾਪਤੀ ਨੂੰ ਮਜ਼ਬੂਤੀ ਮਿਲਦੀ ਹੈ। ਜਦੋਂ ਵਿਦਿਆਰਥੀ ਸੁਤੰਤਰਤਾ ਨਾਲ ਧਾਰਣਾਵਾਂ ਦੀ ਖੋਜ ਕਰਦੇ ਹਨ, ਉਹ ਨਵੀ ਜਾਣਕਾਰੀ ਨੂੰ ਪੁਰਾਣੀਆਂ ਸਕੀਮਾਂ ਨਾਲ ਜ਼ਿਆਦਾ ਪ੍ਰਭਾਵਸ਼ਾਲੀ ਤਰੀਕੇ ਨਾਲ ਜੋੜਦੇ ਹਨ, ਜਿਸ ਨਾਲ ਗਹਿਰੀ ਧਾਰਣਾਤਮਕ ਸਮਝ ਬਣਦੀ ਹੈ।

**ਅਸਰਦਾਰ ਸਵੈ ਅਧਿਐਨ ਦੀ ਯੋਜਨਾ**

ਸਵੈ ਅਧਿਐਨ ਦੇ ਮਾਪਣਯੋਗ ਅਕਾਦਮਿਕ ਫ਼ਾਇਦੇ ਪ੍ਰਾਪਤ ਕਰਨ ਲਈ, ਇਸਦੀ ਯੋਜਨਾ ਬਹੁਤ ਜ਼ਰੂਰੀ ਹੈ। ਸਬੂਤ-ਆਧਾਰਿਤ ਰਣਨੀਤੀਆਂ ਸਿੱਖਣ ਦੀ ਕੁਸ਼ਲਤਾ ਨੂੰ ਬਹੁਤ ਵਧਾ ਸਕਦੀਆਂ ਹਨ:

**ਟੀਚੇ ਅਤੇ ਸਿੱਖਣ ਦੇ ਨਤੀਜੇ**

ਵਿਦਿਆਰਥੀਆਂ ਨੂੰ ਵਿਸ਼ੇਸ਼, ਮਾਪਣਯੋਗ, ਪ੍ਰਾਪਤੀਯੋਗ, ਸੰਬੰਧਿਤ ਅਤੇ ਸਮੇਂ-ਬੱਧ (ਸ਼ੰਅੂਠ) ਟੀਚੇ ਬਣਾਉਣ ਵਿੱਚ ਫ਼ਾਇਦਾ ਹੁੰਦਾ ਹੈ। ਸਾਫ਼ ਉਦੇਸ਼ਾਂ ਨਾਲ ਕੋਗਨੀਟਿਵ ਡ੍ਰਿਫਟ ਨੂੰ ਰੋਕਣ ਅਤੇ ਜ਼ਿੰਮੇਵਾਰੀ ਵੱਧਾਉਣ ਵਿੱਚ ਮਦਦ ਮਿਲਦੀ ਹੈ।

**ਵਾਸਤਵਿਕ ਅਧਿਐਨ ਦਾ ਸਮਾਂ ਬਣਾਉਣਾ**

ਸਰਕੈਡੀਅਨ ਰਿਥਮ ਅਤੇ ਧਿਆਨ 'ਤੇ ਖੋਜ ਦਰਸਾਉਂਦੀ ਹੈ ਕਿ ਉਹ ਅਧਿਐਨ ਦੇ ਸੈਸ਼ਨ ਜੋ ਕੁਦਰਤੀ ਧਿਆਨ ਦੇ ਨਾਲ ਮਿਲਦੇ ਹਨ—ਆਮ ਤੌਰ 'ਤੇ ਮੱਧ-ਸਵੇਰੇ ਜਾਂ ਸ਼ਾਮ ਦੇ ਸਮੇਂ—ਉਹ ਲੰਬੇ, ਨਿਸ਼ਕ੍ਰਿਯ ਸੈਸ਼ਨਾਂ ਨਾਲੋਂ ਵਧੀਆ ਨਤੀਜ਼ੇ ਪ੍ਰਾਪਤ ਕਰਦੇ ਹਨ।

**ਸਰਗਰਮੀ ਵਾਲੀਆਂ ਸਿੱਖਣ ਦੀਆਂ ਤਕਨੀਕਾਂ**

ਅਸਰਦਾਰ ਸਵੈ ਅਧਿਐਨ ਵਿੱਚ ਅਜਿਹੀਆਂ ਪ੍ਰਥਾਵਾਂ ਸ਼ਾਮਲ ਹਨ:

- ਆਪਣੇ ਆਪ ਦਾ ਟੈਸਟ ਲੈਣਾ, ਜੋ ਯਾਦ ਨੂੰ ਮੁੜ ਪ੍ਰਾਪਤ ਕਰਨ ਦੇ ਰਾਹੀਂ ਵਧਾਉਂਦਾ ਹੈ
- ਸੰਖੇਪ ਅਤੇ ਧਾਰਣਾਤਮਕ ਨਕਸ਼ਾ ਬਣਾਉਣਾ, ਜੋ ਧਾਰਣਾਤਮਿਕ ਸੰਪਰਕਾਂ ਨੂੰ ਮਜ਼ਬੂਤ ਕਰਦਾ ਹੈ
- ਸਿਖਾਉਣ ਦੇ ਤਰੀਕੇ, ਜਿੱਥੇ ਵਿਦਿਆਰਥੀ ਕੋਸ਼ਿਸ਼ ਕਰਦੇ ਹਨ ਕਿ ਉਹ ਵਿਸ਼ਿਆਂ ਨੂੰ ਹੋਰਾਂ ਨੂੰ ਸਿਖਾਉਣ ਵਾਂਗ ਸਮਝਾਉਣ

**ਅਧਿਐਨ ਦੇ ਵਾਤਾਵਰਨ ਦਾ ਪ੍ਰਬੰਧਨ**

ਵਿਘਟਨਾਂ ਨੂੰ ਘੱਟ ਕਰਨ, ਡਿਜ਼ੀਟਲ ਰੁਕਾਵਟਾਂ ਨੂੰ ਕੰਟਰੋਲ ਕਰਨ ਅਤੇ ਵਿਵਸਥਿਤ ਸਮੱਗਰੀ ਨੂੰ ਬਰਕਰਾਰ ਰੱਖਣਾ ਸਭ ਧਿਆਨ ਦੇ ਟਿਕਾਊਤਾ ਅਤੇ ਕੋਗਨੀਟਿਵ ਥਕਾਵਟ ਨੂੰ ਘੱਟ ਕਰਨ ਵਿੱਚ ਯੋਗਦਾਨ ਦਿੰਦਾ ਹੈ।

**ਨਿਯਮਿਤ ਪਰਿਭਾਸ਼ਾ ਅਤੇ ਆਪਣੇ ਆਪ ਦਾ ਮੁਲਾਂਕਣ**

ਮੈਟਾਕਗਨੀਸ਼ਨ—ਆਪਣੇ ਸੋਚ ਬਾਰੇ ਸੋਚਣਾ—ਵਿਦਿਆਰਥੀਆਂ ਨੂੰ ਆਪਣੀ ਪ੍ਰਗਤੀ ਦਾ ਮੁਲਾਂਕਣ ਕਰਨ, ਖਾਮੀਆਂ ਦੀ ਪਛਾਣ ਕਰਨ ਅਤੇ ਅਧਿਐਨ ਦੀ ਯੋਜਨਾ ਨੂੰ ਦੁਬਾਰਾ ਸੁਧਾਰ ਕਰਨ ਦੀ ਆਗਿਆ ਦਿੰਦਾ ਹੈ।

**ਸਵੈ ਅਧਿਐਨ ਦੇ ਫ਼ਾਇਦੇ ਅਤੇ ਨੁਕਸਾਨ**

**ਫ਼ਾਇਦੇ**

**ਵਧੀਕ ਸੁਤੰਤਰਤਾ ਅਤੇ ਅਨੁਸ਼ਾਸਨ:**

ਸਵੈ ਅਧਿਐਨ ਸੁਤੰਤਰਤਾ ਨੂੰ ਵੱਧਾਉਂਦਾ ਹੈ, ਵਿਦਿਆਰਥੀਆਂ ਨੂੰ ਆਪਣੇ ਸਮੇਂ ਅਤੇ ਸਿੱਖਣ ਦੀ ਪ੍ਰਕਿਰਿਆ ਨੂੰ ਨਿਯੰਤਰਿਤ ਕਰਨਾ ਸਿਖਾਉਂਦਾ ਹੈ—ਇਹ ਹੁਨਰ ਉੱਚ ਸਿੱਖਿਆ ਅਤੇ ਪੇਸ਼ੇਵਰ ਜੀਵਨ ਵਿੱਚ ਬੇਹਦ ਮਹੱਤਵਪੂਰਨ ਹਨ।

**ਗਹਿਰਾ ਕੋਗਨੀਟਿਵ ਪ੍ਰਕਿਰਿਆ:**

ਵਿਦਿਆਰਥੀ ਆਪਣੇ ਗਤੀ ਨਾਲ ਅੱਗੇ ਵੱਧ ਸਕਦੇ ਹਨ, ਮੁਸ਼ਕਲ ਵਿਸ਼ਿਆਂ ਨੂੰ ਮੁੜ-ਮੁੜ ਦੁਹਰਾ ਕੇ ਉਹ ਮਾਹਿਰ ਹੋ ਸਕਦੇ ਹਨ।

**ਲਚਕਦਾਰਤਾ:**

ਠੋਸ ਕਲਾਸਰੂਮ ਦੇ ਸਮਿਆਂ ਤੋਂ ਬਿਨਾਂ, ਵਿਦਿਆਰਥੀ ਆਪਣੇ ਸਭ ਤੋਂ ਉਤਪਾਦਕ ਘੰਟਿਆਂ ਦੌਰਾਨ ਅਧਿਐਨ ਕਰ ਸਕਦੇ ਹਨ।

**ਵਿਅਕਤੀਗਤ ਬਣਾਉਣ:**

ਸਵੈ ਅਧਿਐਨ ਵਿਦਿਆਰਥੀਆਂ ਨੂੰ ਆਪਣੀਆਂ ਯੋਗਤਾਵਾਂ ਅਤੇ ਪਸੰਦਾਂ ਦੇ ਅਨੁਸਾਰ ਸਿੱਖਣ ਦੇ ਸਰੋਤ ਅਤੇ ਰਣਨੀਤੀਆਂ ਚੁਣਨ ਦੀ ਆਗਿਆ ਦਿੰਦਾ ਹੈ।

**ਚੁਣੌਤੀਆਂ**

**ਗਲਤਫਹਮੀਆਂ ਦਾ ਖ਼ਤਰਾ:**

ਗਾਈਡੈਂਸ ਦੇ ਬਿਨਾਂ, ਵਿਦਿਆਰਥੀ ਜਟਿਲ ਧਾਰਣਾਵਾਂ ਦੀ ਗਲਤ ਵਿਆਖਿਆ ਕਰ ਸਕਦੇ ਹਨ।

**ਉਤਸ਼ਾਹ ਜਾਂ ਸੰਰਚਨਾ ਦੀ ਕਮੀ:**

ਕਈ ਵਿਦਿਆਰਥੀ ਬਾਹਰੀ ਜ਼ਿੰਮੇਵਾਰੀ ਦੇ ਬਿਨਾਂ ਅਨੁਸ਼ਾਸਨ ਬਣਾਈ ਰੱਖਣ ਵਿੱਚ ਮੁਸ਼ਕਲ ਮਹਿਸੂਸ ਕਰਦੇ ਹਨ।

**ਕੋਗਨੀਟਿਵ ਓਵਰਲੋਡ:**

ਉਚਿਤ ਸਰੋਤਾਂ ਦੀ ਚੋਣ ਕਰਨ ਜਾਂ ਬਹੁਤ ਸਾਰੇ ਸਮੱਗਰੀ ਦਾ ਪ੍ਰਬੰਧਨ ਕਰਨ ਨਾਲ ਵਿਦਿਆਰਥੀਆਂ ਮਾਨਸਿਕ ਅਸਹਿਜਤਾ ਮਹਿਸੂਸ ਕਰ ਸਕਦੇ ਹਨ।

**ਸਿੱਧਾ ਫੀਡਬੈਕ ਦੀ ਕਮੀ:**

ਸੰਦੇਹਾਂ ਦੀ ਸਪੱਸ਼ਟੀਕਰਨ ਵਿੱਚ ਦੇਰੀ ਸਿੱਖਣ ਦੀ ਗਤੀ ਨੂੰ ਰੋਕ ਸਕਦੀ ਹੈ।ਸਵੈ ਅਧਿਐਨ ਨੂੰ ਮਾਰਗਦਰਸ਼ਿਤ ਸਿੱਖਣ ਨਾਲ ਸੰਤੁਲਿਤ ਕਰਨ ਨਾਲ ਇਹ ਸੀਮਾਵਾਂ ਘੱਟ ਕੀਤੀ ਜਾ ਸਕਦੀਆਂ ਹਨ, ਜਿਸ ਨਾਲ ਇੱਕ ਹਾਈਬ੍ਰਿਡ ਮਾਡਲ ਬਣਦਾ ਹੈ ਜੋ ਦੋਹਾਂ ਦੇ ਫਾਇਦਿਆਂ ਨੂੰ ਲਾਭ ਦਿੰਦਾ ਹੈ।

**ਆਧੁਨਿਕ ਸਵੈ ਅਧਿਐਨ 'ਤੇ ਤਕਨੀਕੀ ਪ੍ਰਭਾਵ**

ਤਕਨੀਕੀ ਨੇ ਸਵੈ ਅਧਿਐਨ ਦੀਆਂ ਪ੍ਰਥਾਵਾਂ ਨੂੰ ਬੁਨਿਆਦੀ ਤੌਰ 'ਤੇ ਬਦਲ ਦਿੱਤਾ ਹੈ, ਜਾਣਕਾਰੀ ਤੱਕ ਪਹੁੰਚ, ਪ੍ਰਕਿਰਿਆ ਕਰਨ ਅਤੇ ਲਾਗੂ ਕਰਨ ਦੇ ਤਰੀਕੇ ਨੂੰ ਦੁਬਾਰਾ ਆਕਾਰ ਦਿੱਤਾ ਹੈ।

**ਡਿਜੀਟਲ ਸਿੱਖਣ ਦੇ ਪਲੇਟਫਾਰਮ**

ਮੈਸਿਵ ਓਪਨ ਆਨਲਾਈਨ ਕੋਰਸ (MOOCs), ਅਕਾਦਮਿਕ ਵੀਡੀਓ ਲਾਇਬ੍ਰੇਰੀਆਂ ਅਤੇ ਇੰਟਰਐਕਟਿਵ ਸਿਮੂਲੇਸ਼ਨਾਂ ਨੇ ਉੱਚ ਗੁਣਵੱਤਾ ਵਾਲੀ ਸਮੱਗਰੀ ਨੂੰ ਕਿਸੇ ਵੀ ਸਮੇਂ, ਕਿਸੇ ਵੀ ਥਾਂ ਉਪਲਬਧ ਕਰਕੇ ਸਿੱਖਿਆ ਨੂੰ ਲੋਕਤੰਤ੍ਰਿਕ ਬਣਾਇਆ ਹੈ।

**ਅਡਾਪਟਿਵ ਲਰਨਿੰਗ ਸਿਸਟਮ**

ਏ ਆਈ ਅੀ-ਚਾਲਿਤ ਪਲੇਟਫਾਰਮ ਸਿੱਖਣ ਦੇ ਪੈਟਰਨਾਂ ਦਾ ਵਿਸ਼ਲੇਸ਼ਣ ਕਰਕੇ ਸਮੱਗਰੀ ਦੀ ਮੁਸ਼ਕਲਤਾ ਨੂੰ ਵਿਅਕਤੀਗਤ ਰੂਪ ਵਿੱਚ ਸਹੀ ਬਣਾਉਂਦੇ ਹਨ, ਜੋ ਰੁਚੀ ਅਤੇ ਰੱਖ-ਰਖਾਅ ਨੂੰ ਵੱਧਾਉਂਦੇ ਹਨ।

**ਵਧੀਆ ਖੋਜ ਦੀ ਯੋਗਤਾ**

ਆਨਲਾਈਨ ਡੇਟਾਬੇਸ, ਡਿਜ਼ੀਟਲ ਲਾਇਬ੍ਰੇਰੀਆਂ ਅਤੇ ਵਿਦਵਾਨ ਖੋਜ ਇੰਜਣ ਵਿਦਿਆਰਥੀਆਂ ਨੂੰ ਕੁਝ ਸਕਿੰਟਾਂ ਵਿੱਚ ਸਾਥੀ-ਸਮੀਖਿਆ ਕੀਤੀ ਗਈ ਸਾਹਿਤ ਤੱਕ ਪਹੁੰਚ ਪ੍ਰਦਾਨ ਕਰਦੇ ਹਨ, ਜੋ ਗਹਿਰੇ ਅਕਾਦਮਿਕ ਖੋਜ ਨੂੰ ਸਮਰਥਿਤ ਕਰਦਾ ਹੈ।

**ਉਤਪਾਦਕਤਾ ਅਤੇ ਆਯੋਜਨ ਦੇ ਟੂਲ**

ਨੋਟ-ਲੈਣ, ਸਮੇਂ ਦੀ ਟ੍ਰੈਕਿੰਗ, ਕਾਰਜ ਪ੍ਰਬੰਧਨ ਅਤੇ ਸਪੇਸਡ-ਰਿਪਟੀਸ਼ਨ ਅਲਗੋਰਿਦਮ ਲਈ ਐਪਲੀਕੇਸ਼ਨਾਂ ਨੇ ਅਧਿਐਨ ਦੀਆਂ ਰੁਟੀਨਾਂ ਨੂੰ ਸੰਰਚਿਤ ਅਤੇ ਸੁਧਾਰਿਤ ਕਰਨ ਵਿੱਚ ਮਦਦ ਕੀਤੀ ਹੈ।

**ਤਕਨੀਕ ਦੁਆਰਾ ਪੇਸ਼ ਕੀਤੇ ਖ਼ਤਰੇ**

ਤਕਨੀਕ ਦੇ ਫਾਇਦਿਆਂ ਦੇ ਬਾਵਜੂਦ, ਇਹ ਨਵੀਆਂ ਚੁਣੌਤੀਆਂ ਪੈਦਾ ਕਰ ਸਕਦੀ ਹੈ:

ਡਿਜ਼ੀਟਲ ਉਤਸਾਹਾਂ ਦੇ ਵੱਧ ਅਨੁਭਵ ਨਾਲ ਲੰਬੇ ਸਮੇਂ ਤੱਕ ਧਿਆਨ ਕੇਂਦਰਿਤ ਕਰਨ ਵਿੱਚ ਰੁਕਾਵਟ ਆ ਸਕਦੀ ਹੈ।

ਅਲਗੋਰਿਦਮ-ਚਲਿਤ ਸਮੱਗਰੀ ਦੀ ਸਿਫਾਰਸ਼ਾਂ ਅਕਾਦਮਿਕ ਖੋਜ ਨੂੰ ਅਣਜਾਣੇ ਤੌਰ 'ਤੇ ਸੀਮਿਤ ਕਰ ਸਕਦੀ ਹੈ।

ਜਲਦੀ ਉੱਤਰਾਂ ਤੱਕ ਆਸਾਨ ਪਹੁੰਚ ਡੂੰਘੀ ਕੋਗਨੀਟਿਵ ਸ਼ਾਮਿਲਤਾ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਇਸ ਲਈ, ਡਿਜ਼ੀਟਲ ਲਿਟਰੇਸੀ ਅਤੇ ਤਕਨੀਕ ਦੇ ਚਿੰਤਨਸ਼ੀਲ ਉਪਯੋਗ ਲਈ ਮਹੱਤਵਪੂਰਣ ਹਨ, ਤਾਂ ਜੋ ਤਕਨੀਕੀ ਸਹਾਇਤਾ ਵਾਲਾ ਸਵੈ ਅਧਿਐਨ ਪ੍ਰਭਾਵਸ਼ਾਲੀ ਅਤੇ ਬੁੱਧੀਮਾਨ ਬਣਿਆ ਰਹੇ।

ਸਵੈ ਅਧਿਐਨ ਕੋਗਨੀਟਿਵ ਵਿਗਿਆਨ, ਸਿੱਖਿਆ ਮਨੋਵਿਗਿਆਨ ਅਤੇ ਆਧੁਨਿਕ ਤਕਨੀਕ ਦੇ ਚੌਂਕਤੇ 'ਤੇ ਖੜਾ ਹੈ। ਜਦੋਂ ਅਕਾਦਮਿਕ ਪ੍ਰਣਾਲੀਆਂ ਲਚਕੀਲੇ ਅਤੇ ਵਿਦਿਆਰਥੀ-ਕੇਂਦ੍ਰਿਤ ਮਾਡਲਾਂ ਵੱਲ ਵੱਧ ਰਹੀਆਂ ਹਨ, ਤਾਂ ਸੁਤੰਤਰਤਾ ਨਾਲ ਪੜ੍ਹਨ ਦੀ ਸਮਰਥਾ ਵੀਹਵੀਂ ਸਦੀ ਦੇ ਵਿਦਿਆਰਥੀਆਂ ਲਈ ਇੱਕ ਨਿਰਧਾਰਕ ਹੁਨਰ ਬਣ ਗਈ ਹੈ। ਜਦੋਂ ਇਹ ਸੋਚ ਸਮਝ ਕੇ ਬਣਾਇਆ ਜਾਂਦਾ ਹੈ—ਸਾਫ਼ ਟੀਚੇ, ਸਰਗਰਮ ਸਿੱਖਣ ਦੀਆਂ ਰਣਨੀਤੀਆਂ ਅਤੇ ਤਕਨੀਕੀ ਸੰਦਾਂ ਦੇ ਸੰਤੁਲਿਤ ਉਪਯੋਗ ਨਾਲ ਸਵੈ ਅਧਿਐਨ ਸਿੱਖਣ ਦੀ ਕੁਸ਼ਲਤਾ ਨੂੰ ਵੱਧਾਉਂਦਾ ਹੈ ਅਤੇ ਜੀਵਨ ਭਰ ਦੀ ਬੁੱਧੀਮਾਨ ਦਿਲਚਸਪੀ ਨੂੰ ਪੈਦਾ ਕਰਦਾ ਹੈ। ਇਸ ਦੀਆਂ ਚੁਣੌਤੀਆਂ, ਜਦੋਂ ਕਿ ਮਹੱਤਵਪੂਰਣ ਹਨ, ਗਾਈਡੈਂਸ ਅਤੇ ਸਬੂਤ-ਅਧਾਰਿਤ ਰਣਨੀਤੀਆਂ ਦੁਆਰਾ ਸੰਭਾਲੀਆਂ ਜਾ ਸਕਦੀਆਂ ਹਨ। ਅੰਤ ਵਿੱਚ ਸਵੈ ਅਧਿਐਨ ਸਿਰਫ ਇੱਕ ਅਕਾਦਮਿਕ ਤਕਨੀਕ ਨਹੀਂ ਹੈ; ਇਹ ਇੱਕ ਮੁੱਖ ਮਕੈਨਿਜ਼ਮ ਹੈ ਜਿਸ ਦੁਆਰਾ ਵਿਦਿਆਰਥੀ ਆਪਣੇ ਸਿੱਖਿਆ ਯਾਤਰਾ ਨੂੰ ਆਕਾਰ ਦਿੰਦੇ ਹਨ ਅਤੇ ਇੱਕ ਵੱਧ ਰਹੀ ਗਿਆਨ-ਚਾਲਿਤ ਦੁਨੀਆ ਲਈ ਤਿਆਰ ਹੁੰਦੇ ਹਨ।



ਸੁਰਿੰਦਰਪਾਲ ਸਿੰਘ ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ ਪੰਜਾਬ।

# ਬੱਚਿਆਂ 'ਚ ਵੱਧ ਰਹੀ ਹੈ High BP ਦੀ ਸਮੱਸਿਆ

## ਡਾਕਟਰ ਤੋਂ ਜਾਣੋ ਇਸਦੇ ਕਾਰਨ ਤੇ ਰੋਕਥਾਮ ਦੇ ਤਰੀਕੇ



ਇਸ ਸਦੀ ਦੀ ਸ਼ੁਰੂਆਤ ਤੋਂ ਬੱਚਿਆਂ ਵਿੱਚ ਹਾਈ ਬਲੱਡ ਪ੍ਰੈਸ਼ਰ ਦਾ ਪ੍ਰਚਲਨ ਦੁੱਗਣਾ ਹੋ ਗਿਆ ਹੈ। ਬਹੁਤ ਸਾਰੇ ਬੱਚੇ ਸਪੱਸ਼ਟ ਲੱਛਣ ਨਹੀਂ ਦਿਖਾਉਂਦੇ ਜਿਸ ਨਾਲ ਸਥਿਤੀ ਹੌਲੀ-ਹੌਲੀ ਵਿਗੜਦੀ ਜਾਂਦੀ ਹੈ। ਕਿਸ਼ੋਰ ਅਵਸਥਾ ਵਿੱਚ ਦਾਖਲ ਹੋਣ ਤੋਂ ਪਹਿਲਾਂ ਹੀ ਉਹ ਦਿਲ, ਗੁਰਦੇ ਤੇ ਸਟ੍ਰੋਕ ਵਰਗੀਆਂ ਗੰਭੀਰ ਬਿਮਾਰੀਆਂ ਦੇ ਸੰਭਾਵੀ ਸ਼ਿਕਾਰ ਹੋ ਜਾਂਦੇ ਹਨ। ਮਾੜੀ ਖੁਰਾਕ ਬੈਠਣ ਵਾਲੀ ਜੀਵਨ ਸ਼ੈਲੀ ਤੇ ਵਧਦਾ ਮੋਟਾਪਾ ਬੱਚਿਆਂ ਨੂੰ ਹਾਈ ਬਲੱਡ ਪ੍ਰੈਸ਼ਰ ਦੀ ਸਮੱਸਿਆ ਵੱਲ ਧੱਕ ਰਿਹਾ ਹੈ। ਲੈਂਸੇਟ ਦੀ ਇੱਕ ਤਾਜ਼ਾ ਰਿਪੋਰਟ ਦੇ ਅਨੁਸਾਰ ਦੁਨੀਆ ਭਰ ਵਿੱਚ 114 ਮਿਲੀਅਨ ਬੱਚੇ ਹਾਈ ਬਲੱਡ ਪ੍ਰੈਸ਼ਰ ਤੋਂ ਪੀੜਤ ਹਨ। ਬੱਚਿਆਂ ਵਿੱਚ ਹਾਈ ਬਲੱਡ ਪ੍ਰੈਸ਼ਰ ਵਿੱਚ ਤੇਜ਼ੀ ਨਾਲ ਵਾਧੇ ਲਈ ਮਾਪਿਆਂ ਤੇ ਸਿਹਤ ਸੰਭਾਲ ਪ੍ਰਣਾਲੀ ਲਈ ਤੁਰੰਤ ਸੁਚੇਤ ਰਹਿਣ ਦੀ ਲੋੜ ਹੁੰਦੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਕੁਝ ਬੱਚਿਆਂ ਵਿੱਚ ਬਲੱਡ ਪ੍ਰੈਸ਼ਰ ਦਾ ਪੱਧਰ ਸ਼ੁਰੂ ਵਿੱਚ ਤੇਜ਼ੀ ਨਾਲ ਵਧਦਾ ਹੈ, ਜੋ 14 ਸਾਲ ਦੀ ਉਮਰ ਦੇ ਆਸਪਾਸ ਸਿਖਰ 'ਤੇ ਪਹੁੰਚ ਜਾਂਦਾ ਹੈ ਖਾਸ ਕਰਕੇ ਮੁੰਡਿਆਂ ਵਿੱਚ।

ਇਸ ਸਮੇਂ ਦੌਰਾਨ ਨਿਯਮਤ ਜਾਂਚ ਜ਼ਰੂਰੀ ਹੈ। ਇਸ ਸਮੱਸਿਆ ਦਾ ਮੁੱਖ ਕਾਰਨ ਬਚਪਨ ਵਿੱਚ ਵਧਦਾ ਮੋਟਾਪਾ ਹੈ ਜਿਸ ਨੂੰ ਥੋੜ੍ਹੀ ਜਿਹੀ ਕੋਸ਼ਿਸ਼ ਨਾਲ ਰੋਕਿਆ ਜਾ ਸਕਦਾ ਹੈ। ਰਿਪੋਰਟਾਂ ਦੇ ਅਨੁਸਾਰ ਮੋਟਾਪੇ ਤੇ ਟਾਈਪ 2 ਸ਼ੂਗਰ ਦੇ ਨਾਲ ਇਸ ਉਮਰ ਵਿੱਚ ਦਮਾ ਅਤੇ ਮਾਨਸਿਕ ਸਿਹਤ ਸਮੱਸਿਆਵਾਂ ਦਾ ਖ਼ਤਰਾ ਵੀ ਵੱਧ ਰਿਹਾ ਹੈ। ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਸਿਰਫ਼ ਸਿਹਤਮੰਦ ਬੱਚੇ ਹੀ ਸਿਹਤਮੰਦ ਬਾਲਗ ਬਣਨਗੇ ਇਸ ਲਈ ਬਚਪਨ ਵਿੱਚ ਖੁਰਾਕ ਤੇ ਕਸਰਤ ਵਰਗੀਆਂ ਆਦਤਾਂ ਵਿਕਸਤ ਕਰਨ ਦੀ ਲੋੜ ਹੈ। ਹਾਈਪਰਟੈਨਸ਼ਨ ਦੇ ਇਤਿਹਾਸ ਵਾਲੇ ਪਰਿਵਾਰਾਂ ਨੂੰ ਆਪਣੇ ਬੱਚਿਆਂ ਦੀ ਸਿਹਤ ਬਾਰੇ ਖਾਸ ਤੌਰ 'ਤੇ ਚਿੰਤਤ ਹੋਣ ਦੀ ਲੋੜ ਹੈ।

**ਆਪਣੇ ਬੱਚੇ ਦਾ ਬਲੱਡ ਪ੍ਰੈਸ਼ਰ ਤੇ ਭੀ ਚੈੱਕ ਕਰਵਾਓ**

2000 ਤੱਕ ਹਾਈ ਬਲੱਡ ਪ੍ਰੈਸ਼ਰ ਨੂੰ ਬਜ਼ੁਰਗਾਂ ਦੀ ਬਿਮਾਰੀ ਮੰਨਿਆ ਜਾਂਦਾ ਸੀ ਪਰ ਪਿਛਲੇ ਦੋ ਦਹਾਕਿਆਂ ਵਿੱਚ ਬੱਚੇ ਤੇ ਕਿਸ਼ੋਰ ਵੀ ਇਸਦਾ ਸ਼ਿਕਾਰ ਹੋ ਗਏ ਹਨ। ਜੇ ਸਮੇਂ ਸਿਰ ਇਸਦਾ ਹੱਲ ਨਾ ਕੀਤਾ ਗਿਆ ਤਾਂ ਬੱਚੇ ਆਪਣੀ ਜਵਾਨੀ ਵਿੱਚ ਹਾਈ ਬਲੱਡ ਪ੍ਰੈਸ਼ਰ ਕਾਰਨ ਦਿਲ ਤੇ ਗੁਰਦੇ ਦੀ ਬਿਮਾਰੀ ਦਾ ਸ਼ਿਕਾਰ ਹੋ ਜਾਣਗੇ। ਇਸ ਦੇ ਪਿੱਛੇ ਕਈ ਕਾਰਨ ਹੋ ਸਕਦੇ ਹਨ, ਪਰ ਮੋਟਾਪਾ ਅਤੇ ਜੈਨੇਟਿਕਸ ਮੁੱਖ ਹਨ। ਲਗਪਗ ਹਰ ਪੰਜ ਵਿੱਚੋਂ ਇੱਕ ਮੋਟਾਪਾ ਬੱਚਾ ਹਾਈ ਬਲੱਡ ਪ੍ਰੈਸ਼ਰ ਤੋਂ ਪੀੜਤ ਹੈ। ਇਹਨਾਂ ਵਿੱਚੋਂ 50 ਪ੍ਰਤੀਸ਼ਤ ਨੂੰ ਇਸ ਗੱਲ ਦਾ ਪਤਾ ਨਹੀਂ ਹੈ ਕਿ ਉਨ੍ਹਾਂ ਨੂੰ ਹਾਈ ਬਲੱਡ ਪ੍ਰੈਸ਼ਰ ਹੈ।

**ਕਾਰਨ ਕੀ ਹਨ?**

ਮੋਬਾਈਲ ਟੀਵੀ ਦੇਖਣ ਵਿੱਚ ਲੰਬੇ ਸਮੇਂ ਤੱਕ ਬਿਤਾਉਣਾ, ਪੜ੍ਹਾਈ ਦਾ ਵਾਧੂ ਦਬਾਅ, ਨੀਂਦ ਦੀ ਘਾਟ, ਘੱਟ ਫਲ ਅਤੇ ਸਬਜ਼ੀਆਂ, ਮਿਠਾਈਆਂ ਖਾਣਾ, ਖੇਡਾਂ ਤੋਂ ਪਰਹੇਜ਼ ਕਰਨਾ, ਅਤੇ ਫਾਸਟ ਫੂਡ ਦਾ ਜ਼ਿਆਦਾ ਸੇਵਨ ਬੱਚਿਆਂ ਵਿੱਚ ਇਨਸੁਲਿਨ ਪ੍ਰਤੀਰੋਧ ਅਤੇ ਚਰਬੀ ਲਿਵਰ ਵਿੱਚ ਯੋਗਦਾਨ ਪਾਉਂਦਾ ਹੈ। ਪੁਰਾਣੀ ਗੁਰਦੇ ਦੀ ਬਿਮਾਰੀ, ਰਿਫਲਕਸ ਨੈਫਰੋਪੈਥੀ, ਪੋਲੀਸਿਸਟਿਕ ਗੁਰਦੇ ਦੀ ਬਿਮਾਰੀ, ਹਾਈਪਰਥਾਇਰਾਇਡਿਜ਼ਮ, ਕੁਸ਼ਿੰਗ ਸਿੰਡਰੋਮ ਅਤੇ ਜਮਾਂਦਰੂ ਐਡਰੀਨਲ ਹਾਈਪਰਪਲਸੀਆ ਵੀ ਬੱਚਿਆਂ ਵਿੱਚ ਹਾਈ ਬਲੱਡ ਪ੍ਰੈਸ਼ਰ ਦੇ ਜੋਖਮ ਨੂੰ ਵਧਾਉਂਦੇ ਹਨ। ਦਿਲ ਦੀਆਂ ਬਿਮਾਰੀਆਂ ਜਿਵੇਂ ਕਿ ਆਰਟੀਰੀਓਲਜ਼ ਦੇ ਆਰਥਰੋਸਿਸ, ਸਟੀਰੋਇਡ, ਗਰਭ ਨਿਰੋਧਕ ਗੋਲੀਆਂ, ਨਸ਼ੀਲੇ ਪਦਾਰਥਾਂ ਅਤੇ ਸਲੀਪ ਐਪਨੀਆ ਵੀ ਬੱਚਿਆਂ ਵਿੱਚ ਹਾਈ ਬਲੱਡ ਪ੍ਰੈਸ਼ਰ ਦੇ ਜੋਖਮ ਵਿੱਚ ਯੋਗਦਾਨ ਪਾਉਂਦੇ ਹਨ।

- ਕਾਰਨ ਕੀ ਹੋ ਸਕਦੇ ਹਨ
- ਮੋਟਾਪਾ ਤੇ ਜ਼ਿਆਦਾ ਭਾਰ
- ਮਾੜੀ ਜੀਵਨ ਸ਼ੈਲੀ, ਮਾੜੀ ਖੁਰਾਕ, ਬਹੁਤ ਜ਼ਿਆਦਾ ਨਮਕ ਦਾ ਸੇਵਨ
- ਕਿਸ਼ੋਰ ਅਵਸਥਾ ਦੌਰਾਨ ਬਦਲਾਅ ਤੇ ਸਕ੍ਰੀਨਿੰਗ ਦੀ ਘਾਟ

**ਕਿਵੇਂ ਰੋਕਿਆ ਜਾਵੇ**

ਹਰ ਸਾਲ ਬੱਚਿਆਂ ਦੇ ਬਲੱਡ ਪ੍ਰੈਸ਼ਰ ਤੇ ਭੀ ਦੀ ਜਾਂਚ ਕਰਨਾ ਜ਼ਰੂਰੀ ਹੈ। ਉਨ੍ਹਾਂ ਨੂੰ ਸੰਤੁਲਿਤ ਤੇ ਪੌਸ਼ਟਿਕ ਖੁਰਾਕ ਪ੍ਰਦਾਨ ਕਰੋ। ਉਨ੍ਹਾਂ ਨੂੰ ਬਾਹਰੀ ਗਤੀਵਿਧੀਆਂ ਵਿੱਚ ਸ਼ਾਮਲ ਕਰੋ। ਤਣਾਅ ਨੂੰ ਰੋਕਣ ਲਈ ਸਲਾਹ ਤੇ ਧਿਆਨ ਨੂੰ ਉਤਸ਼ਾਹਿਤ ਕਰੋ। ਉਨ੍ਹਾਂ ਨੂੰ ਜੰਕ ਫੂਡ ਤੇ ਮਿੱਠੇ ਭੋਜਨ ਤੋਂ ਦੂਰ ਰੱਖੋ। ਪੜ੍ਹਾਈ ਲਈ ਜ਼ਿਆਦਾ ਦਬਾਅ ਤੋਂ ਬਚੋ। ਸਕ੍ਰੀਨ ਟਾਈਮ ਨੂੰ ਇੱਕ ਘੰਟੇ ਤੱਕ ਸੀਮਤ ਕਰੋ। ਭੋਜਨ ਵਿੱਚ ਨਮਕ ਘਟਾਓ, ਉਨ੍ਹਾਂ ਨੂੰ ਤਾਜ਼ੇ ਫਲ ਅਤੇ ਸਬਜ਼ੀਆਂ ਖੁਆਓ ਅਤੇ ਅੱਠ ਘੰਟੇ ਦੀ ਨੀਂਦ ਲਓ। ਯਾਦ ਰੱਖੋ ਕਿ ਜੇਕਰ ਤੁਹਾਡਾ ਬੱਚਾ ਮੋਟਾ ਹੈ ਤਾਂ ਉਨ੍ਹਾਂ ਨੂੰ ਜਵਾਨੀ ਵਿੱਚ ਹਾਈਪਰਟੈਨਸ਼ਨ, ਟਾਈਪ 2 ਸ਼ੂਗਰ, ਦਿਲ ਦਾ ਦੌਰਾ, ਸਟ੍ਰੋਕ, ਖਰਾਬ ਕੋਲੈਸਟ੍ਰੋਲ, ਫੈਟੀ ਲਿਵਰ, ਸਲੀਪ ਐਪਨੀਆ, ਗੁਰਦੇ ਦੀ ਬਿਮਾਰੀ ਅਤੇ ਕੁਝ ਕਿਸਮਾਂ ਦੇ ਕੈਂਸਰ ਹੋਣ ਦੀ ਸੰਭਾਵਨਾ ਤਿੰਨ ਤੋਂ ਚਾਰ ਗੁਣਾ ਵੱਧ ਹੁੰਦੀ ਹੈ।

# ਵਿਟਾਮਿਨ-ਬੀ12 ਦੀ ਘਾਟ ਦੂਰ ਕਰਨ 'ਚ ਮਦਦ ਕਰੇਗੀ ਇਹ ਪੀਲੀ ਦਾਲ

ਵਿਟਾਮਿਨ-ਬੀ12 ਇਕ ਅਜਿਹਾ ਪੋਸ਼ਕ ਤੱਤ ਹੈ ਜਿਸਦੀ ਘਾਟ ਹੋਣ 'ਤੇ ਸਰੀਰ 'ਚ ਕਈ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਇਸਦੀ ਘਾਟ ਨਾਲ ਨਰਵ ਡੈਮੇਜ, ਐਨੀਮੀਆ, ਥਕਾਵਟ, ਕਮਜ਼ੋਰੀ ਤੇ ਮੂੰਹ 'ਚ ਛਾਲੇ ਵਰਗੇ ਲੱਛਣ ਸਾਹਮਣੇ ਆਉਂਦੇ ਹਨ ਪਰ ਚਿੰਤਾ ਕਰਨ ਦੀ ਗੱਲ ਨਹੀਂ ਹੈ। ਇਸਦੀ ਘਾਟ ਨੂੰ ਸਹੀ ਖੁਰਾਕ ਦੀ ਮਦਦ ਨਾਲ ਪੂਰਾ ਕੀਤਾ ਜਾ ਸਕਦਾ ਹੈ। ਵਿਟਾਮਿਨ-ਬੀ12 ਇਕ ਅਜਿਹਾ ਪੋਸ਼ਕ ਤੱਤ ਹੈ ਜਿਸਦੀ ਘਾਟ ਹੋਣ 'ਤੇ ਸਰੀਰ 'ਚ ਕਈ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਇਸਦੀ ਘਾਟ ਨਾਲ ਨਰਵ ਡੈਮੇਜ, ਐਨੀਮੀਆ, ਥਕਾਵਟ, ਕਮਜ਼ੋਰੀ ਤੇ ਮੂੰਹ 'ਚ ਛਾਲੇ ਵਰਗੇ ਲੱਛਣ ਸਾਹਮਣੇ ਆਉਂਦੇ ਹਨ ਪਰ ਚਿੰਤਾ ਕਰਨ ਦੀ ਗੱਲ ਨਹੀਂ ਹੈ। ਇਸਦੀ ਘਾਟ ਨੂੰ ਸਹੀ ਖੁਰਾਕ ਦੀ ਮਦਦ ਨਾਲ ਪੂਰਾ ਕੀਤਾ ਜਾ ਸਕਦਾ ਹੈ।

**ਮੂੰਗ ਦਾਲ ਤੇ ਵਿਟਾਮਿਨ-ਬੀ12 ਦਾ ਸੰਬੰਧ**

ਇਹ ਸਮਝਣਾ ਜ਼ਰੂਰੀ ਹੈ ਕਿ ਸਿੱਧੇ ਤੌਰ 'ਤੇ ਮੂੰਗ ਦਾਲ 'ਚ ਵਿਟਾਮਿਨ-ਬੀ12 ਨਹੀਂ ਹੁੰਦਾ, ਪਰ ਇਹ ਸਰੀਰ 'ਚ ਵਿਟਾਮਿਨ-ਬੀ12 ਦੇ ਅਬਜ਼ਾਰਪਸ਼ਨ ਅਤੇ ਇਸਤੇਮਾਲ ਨੂੰ ਵਧਾਉਣ 'ਚ ਸਹਾਇਕ ਹੁੰਦੀ ਹੈ। ਮੂੰਗ ਦਾਲ ਫੋਲੇਟ (ਵਿਟਾਮਿਨ-ਬੀ9) ਨਾਲ ਭਰਪੂਰ ਹੁੰਦੀ ਹੈ, ਜੋ ਵਿਟਾਮਿਨ-ਬੀ12 ਦੇ ਨਾਲ ਮਿਲ ਕੇ ਕੰਮ ਕਰਦੇ ਹਨ। ਫੋਲੇਟ ਅਤੇ ਵਿਟਾਮਿਨ-ਬੀ12 ਦਾ ਸਹੀ ਸੰਤੁਲਨ ਸਰੀਰ 'ਚ ਰੈੱਡ ਬਲੱਡ ਸੈੱਲਜ਼ ਦੀ ਬਣਤਰ ਅਤੇ ਹੋਮੋਸਿਸਟੀਨ ਦੇ ਪੱਧਰ ਨੂੰ ਕੰਟਰੋਲ ਕਰਨ ਲਈ ਜ਼ਰੂਰੀ ਹੈ। ਮੂੰਗ ਦਾਲ ਫੋਲੇਟ ਦੀ ਘਾਟ ਪੂਰੀ ਕਰ ਕੇ ਵਿਟਾਮਿਨ-ਬੀ12 ਦੇ ਫੰਕਸ਼ਨ ਨੂੰ ਬਿਹਤਰ ਬਣਾਉਣ 'ਚ ਮਦਦ ਕਰਦੀ ਹੈ।

**ਮੂੰਗ ਦਾਲ ਦੇ ਹੋਰ ਫਾਇਦੇ**

ਮੂੰਗ ਦਾਲ ਪੋਸ਼ਕ ਤੱਤਾਂ ਦਾ ਇਕ ਪਾਵਰਹਾਊਸ ਹੈ। ਇਹ ਪ੍ਰੋਟੀਨ, ਫਾਈਬਰ, ਆਇਰਨ, ਪੋਟਾਸ਼ੀਅਮ, ਮੈਗਨੀਸ਼ੀਅਮ ਤੇ ਵਿਟਾਮਿਨ-ਬੀ ਕੰਪਲੈਕਸ ਨਾਲ ਭਰਪੂਰ ਹੁੰਦੀ ਹੈ। ਨਾਲ ਹੀ, ਇਸ ਵਿਚ ਐਂਟੀ-ਆਕਸੀਡੈਂਟ ਗੁਣ ਵੀ ਹੁੰਦੇ ਹਨ ਜੋ ਸਰੀਰ ਨੂੰ ਸੋਜ਼ਿਸ਼ ਤੇ ਆਕਸੀਡੇਟਿਵ ਸਟ੍ਰੈੱਸ ਤੋਂ ਬਚਾਉਂਦੇ ਹਨ। ਮੂੰਗ ਦਾਲ ਪਚਾਉਣ 'ਚ ਆਸਾਨ ਹੁੰਦੀ ਹੈ ਅਤੇ ਪਾਚਣ ਤੰਤਰ ਲਈ ਵੀ ਲਾਭਦਾਇਕ ਮੰਨੀ ਜਾਂਦੀ ਹੈ।

**ਵਿਟਾਮਿਨ-ਬੀ12 ਦੇ ਅਬਜ਼ਾਰਪਸ਼ਨ 'ਚ ਮੂੰਗ ਦਾਲ ਦੀ ਭੂਮਿਕਾ**

ਮੂੰਗ ਦਾਲ 'ਚ ਮੌਜੂਦ ਫਾਈਬਰ ਤੇ ਹੋਰ ਪੋਸ਼ਕ ਤੱਤ ਅੰਤੜੀਆਂ ਦੀ ਸਿਹਤ ਨੂੰ ਬਿਹਤਰ ਬਣਾਉਂਦੇ ਹਨ। ਇਕ ਸਿਹਤਮੰਦ ਅੰਤੜੀ ਵਿਟਾਮਿਨ-ਬੀ12 ਦੀ ਅਬਜ਼ਾਰਪਸ਼ਨ ਲਈ ਜ਼ਰੂਰੀ ਹੈ। ਇਸਦੇ ਨਾਲ ਹੀ ਮੂੰਗ ਦਾਲ 'ਚ ਮੌਜੂਦ ਆਇਰਨ ਤੇ ਫੋਲੇਟ ਸਰੀਰ 'ਚ ਵਿਟਾਮਿਨ-ਬੀ12 ਦੀ ਘਾਟ ਨਾਲ ਹੋਣ ਵਾਲੇ ਅਨੀਮੀਆ ਦੇ ਖਤਰੇ ਨੂੰ ਘਟਾਉਣ 'ਚ ਮਦਦਗਾਰ ਹੁੰਦੇ ਹਨ।

TOPLINK LOAN & LEASING INC.
TOPLINK LOAN & LEASING INC.
Services: Truck Finance, Trailer Finance, Heavy Equipment Finance, Pre-Owned Inventory
LOCATIONS:
#14 - 6965 Davand Drive, Mississauga, ON L5T1Y6, Tel: (905) 565-866, Email: info@toplinkloanandleasing.com
#205 - 31549 South Fraser Way, Abbotsford, BC V2T 4A3, Tel: (778) 716-8667
2040 Logan Avenue, Winnipeg, MB R2R 0H9, Tel: (204) 480-9600

AZ DRIVERS & OWNER OPERATORS NEEDED
ਅਮਰੀਕਾ ਲਈ ਏ ਜ਼ੈਡ ਡਰਾਈਵਰ ਅਤੇ ਓਨਰ ਔਪਰੇਟਰ ਚਾਹੀਦੇ ਹਨ
Call: Balkar, Harry 905-791-3090
Hunter Express Ltd
1940 Steeles Ave., E.
Brampton, ON
Toll Free: 1-866-659-2300
www.hunterexpress.ca
* Competitive Pay Rates
* Steady Work
* Dedicated Run
* Satellite Dispatch
* Safety Bonus

RESIDENTIAL OR COMMERCIAL REAL ESTATE NEEDS
ਕਿਸੇ ਤਰ੍ਹਾਂ ਦੀ ਵੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਾਵੇਂ ਘਰ ਹੋਵੇ, ਵਿਓਪਾਰ ਹੋਵੇ ਜਾਂ ਇਨਵੈਸਟਮੈਂਟ ਹੋਵੇ, ਕੁਲਵਿੰਦਰ ਨਿੱਜਰ ਨਾਲ ਸੰਪਰਕ ਕਰੋ
KULWINDER NIJJAR
Sales Representative
Dir#: 416-508-1340
Homelife Miracle Realty Ltd. Brokerage,
Independently owned & operated
Ph: 905-454-4000
HOMELIFE HIGHER STANDARDS

BRAMPTON TV & APPLIANCES
Ph.: (905) 450-2828
6 Months Financing Available
All collections : Audio Systems and Radios, Beverage Centers, Computer Monitors, Cooktops, Dishwashers, Dryers, Freezers, Home Audio, Home Speakers, Home Theater Projectors, Kitchen, Kitchen Sets, Laundry, Laundry Centers, Laundry Pedestals, LED TV, Microwave Ovens, Wall Ovens, Portable Speakers, Rangehoods, Ranges, Refrigerators, Small Home Appliances, Sound Bars, Warming Drawers, Washers, Wine Storage.
801 BOVAIRD DR W, BRAMPTON, ON L6X 0T9

# ਰਾਸ਼ੀਫਲ

**ਮੇਖ :** ਬਜ਼ੁਰਗ ਲੋਕਾਂ ਨੂੰ ਆਪਣੀ ਸਿਹਤ ਦਾ ਖਿਆਲ ਰੱਖਣ ਦੀ ਖਾਸ ਲੋੜ ਹੈ। ਪੈਸਿਆਂ ਦੀ ਘਾਟ ਅੱਜ ਘਰ ਵਿਚ ਲੜਾਈ ਦੀ ਵਜਾਹ ਬਣ ਸਕਦੀ ਹੈ ਅਜਿਹੀ ਸਥਿਤੀ ਵਿਚ ਆਪਣੇ ਘਰ ਦੇ ਲੋਕਾਂ ਨਾਲ ਸੋਚ ਸਮਝ ਕੇ ਗੱਲ ਕਰੋ ਅਤੇ ਉਸ ਤੋਂ ਸਲਾਹ ਲਵੋ। ਆਪਣੇ ਪਰਿਵਾਰ ਦੇ ਮੈਂਬਰਾਂ ਦੀਆਂ ਲੋੜਾਂ ਦਾ ਧਿਆਨ ਰੱਖੋ ਅੱਜ ਤੁਹਾਡੀ ਪ੍ਰਾਥਮਿਕਤਾ ਹੋਣੀ ਚਾਹੀਦੀ ਹੈ। ਪੂਰੇ ਸੰਸਾਰ ਦੀ ਖੁਸ਼ੀ ਦੋਵਾਂ ਦੇ ਵਿਚ ਆਯੋਜਨ ਕੀਤੀ ਜਾਵੇਗੀ ਜੋ ਪਿਆਰ ਵਿਚ ਹਨ ਹਾਂ ਤੁਸੀ ਕਿਸਮਤ ਵਾਲੇ ਹੋ। ਲੇਖਕ ਅਤੇ ਮੀਡੀਆ ਵਿਅਕਤੀ ਪ੍ਰਮੁੱਖ ਮਾਨਤਾ ਦੀ ਉਮੀਦ ਕਰ ਸਕਦੇ ਹਨ। ਤੁਸੀ ਆਪਣੇ ਸੀਨੀਅਰ ਨੂੰ ਅਨੇਕਾਂ ਅਧੂਰੇ ਕਾਰਜਾਂ ਨੂੰ ਸਹਿਣ ਕਰ ਸਕਦੇ ਹੋ ਜਿਸ ਦਾ ਤੁਹਾਡੇ ਦੁਆਰਾ ਪਿਛਲੇ ਸਮੇਂ ਵਿਚ ਕੋਈ ਧਿਆਨ ਨਹੀਂ ਦਿੱਤਾ ਗਿਆ ਸੀ ਅੱਜ ਤੁਹਾਡਾ ਖਾਲੀ ਸਮਾਂ ਤੁਹਾਡੇ ਦਫਤਰ ਦੇ ਕੰਮ ਕਰਨ ਵਿਚ ਬਤੀਤ ਕਰੇਗਾ। ਜਦੋਂ ਤੁਸੀ ਆਪਣੇ ਜੀਵਨਸਾਥੀ ਨਾਲ ਭਾਵਨਾਤਮਕ ਤੋਰ ਤੇ ਜੁੜਦੇ ਹੋ ਤਾਂ ਨਜ਼ਦੀਕੀ ਆਪਣੇ ਆਪ ਮਹਿਸੂਸ ਕੀਤੀ ਜਾ ਸਕਦੀ ਹੈ।

**ਬ੍ਰਿਸ਼ਭ:** ਗੱਡੀ ਚਲਾਉਂਦੇ ਸਮੇਂ ਸਾਵਧਾਨ ਰਹੋ ਖਾਸ ਤੋਰ ਤੇ ਮੋੜ ਤੇ। ਨਹੀਂ ਤਾਂ ਕਿਸੇ ਹੋਰ ਦੀ ਗਲਤੀ ਦਾ ਹਰਜ਼ਾਨਾ ਤੁਹਾਨੂੰ ਭੁਗਤਣਾ ਪੈ ਸਕਦਾ ਹੈ। ਅੱਜ ਵਪਾਰ ਵਿਚ ਚੰਗਾ ਖਾਸਾ ਲਾਭ ਹੋਣ ਦੀ ਸੰਭਾਵਨਾ ਹੈ ਅੱਜ ਦੇ ਦਿਨ ਆਪਣੇ ਵਪਾਰ ਨੂੰ ਕੋਈਂ ਉਚਾਈਆਂ ਦੇ ਸਕਦਾ ਹੈ। ਰਿਸ਼ਤੇਦਾਰਾਂ ਦੇ ਜਾਣਾ ਉਸ ਤੋਂ ਕਾਫੀ ਵਧੀਆ ਰਹੇਗਾ ਜਿੰਨਾਂ ਤੁਸੀ ਸੋਚ ਸਕਦੇ ਹੋ। ਆਪ ਨੂੰ ਪਿਆਰ ਵਿਚ ਸਫਲ ਹੋਣ ਦੀ ਕਲਪਨਾ ਲਈ ਕਿਸੇ ਦੀ ਸਹਾਇਤਾ ਕਰੋ। ਕੰਮਕਾਰ ਦੇ ਨਜ਼ਰੀਏ ਤੋਂ ਅੱਜ ਦਾ ਦਿਨ ਵਾਕਾਈ ਸੁਚਾਰੂ ਰੂਪ ਨਾਲ ਚੱਲੇਗਾ। ਤੁਹਾਡਾ ਹਸਣ ਹਸਾਉਣ ਦਾ ਅੰਦਾਜ਼ ਤੁਹਾਡੀ ਸਭ ਤੋਂ ਵੱਡੀ ਪੂੰਜੀ ਸਾਬਿਤ ਹੋਵੇਗੀ। ਦਿਨ ਸੱਚਮੁਚ ਰੋਮਾਂਟਿਕ ਹੈ ਨਾਲ ਵਧੀਆ ਖਾਣਾ, ਖੁਸ਼ਬੂ, ਖੁਸ਼ੀਆਂ ਤੁਸੀ ਆਪਣੇ ਹਮਦਮ ਦੇ ਨਾਲ ਬੇਹਤਰੀਨ ਸਮਾਂ ਬਿਤਾ ਸਕਦੇ ਹੋ।

**ਮਿਥੁਨ:** ਗਰਦਨ ਲੱਕ ਵਿਚ ਲਗਾਤਾਰ ਦਰਦ ਪਰੇਸ਼ਾਨ ਕਰ ਸਕਦਾ ਹੈ ਇਸ ਨੂੰ ਨਜ਼ਰ ਅੰਦਾਜ਼ ਨਾ ਕਰੋ ਖਾਸ ਤੋਰ ਤੇ ਜਦੋਂ ਇਸ ਨਾਲ ਕਮਜ਼ੋਰੀ ਵੀ ਮਹਿਸੂਸ ਹੋ ਰਹੀ ਹੈ ਅੱਜ ਦੇ ਦਿਨ ਆਰਾਮ ਕਰਨਾ ਬਹੁਤ ਜ਼ਰੂਰੀ ਹੈ। ਬਿਨਾਂ ਵਿਚਾਰ ਕੀਤੇ ਤੁਹਾਨੂੰ ਕਿਸੇ ਨੂੰ ਵੀ ਆਪਣਾ ਪੈਸਾ ਨਹੀਂ ਦੇਣਾ ਚਾਹੀਦਾ ਨਹੀਂ ਤਾਂ ਤੁਹਾਨੂੰ ਭਵਿੱਖ ਵਿਚ ਵੱਡੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਦਿਨ ਦੇ ਦੂਜੇ ਹਿੱਸੇ ਵਿਚ ਤੁਸੀ ਆਰਾਮ ਕਰਨਾ ਅਤੇ ਆਪਣੇ ਪਰਿਵਾਰ ਦੇ ਨਾਲ ਸਮਾਂ ਬਿਤਾਉਣਾ ਪਸੰਦ ਕਰੋਂਗੇ। ਤੁਹਾਡੇ ਸਮਰਪਿਤ ਅਤੇ ਨਿਰਸੰਦੇਹ ਪਿਆਰ ਵਿਚ ਜਾਦੂ ਕਰਨ ਦੀ ਤਾਕਤ ਹੈ। ਜੇਕਰ ਤੁਸੀ ਕੰਮਕਾਰ ਦੇ ਲਈ ਜਿਆਦਾ ਦਬਾਅ ਬਣਾਉਂਗੇ ਤਾਂ ਲੋਕ ਭੜਕ ਸਕਦੇ ਹਨ ਕੋਈ ਵੀ ਫੈਂਸਲਾ ਲੈਣ ਤੋਂ ਪਹਿਲਾਂ ਦੂਜਿਆਂ ਦੀਆਂ ਲੋੜਾਂ ਨੂੰ ਸਮਝਣ ਦੀ ਕੋਸ਼ਿਸ਼ ਕਰੋ। ਇਸ ਰਾਸ਼ੀ ਦੇ ਲੋਕਾਂ ਨੂੰ ਅੱਜ ਆਪਣੇ ਆਪ ਨੂੰ ਸਮਝਣ ਦੀ ਲੋੜ ਹੈ ਜੇਕਰ ਤੁਹਾਨੂੰ ਲਗਦਾ ਹੈ ਕਿ ਤੁਸੀ ਦੁਨੀਆਂ ਦੀ ਭੀੜ ਵਿਚ ਕਿਤੇ ਖੋ ਗਏ ਹੋ ਤਾਂ ਆਪਣੇ ਲਈ ਸਮਾਂ ਕੱਢੋ ਅਤੇ ਆਪਣੇ ਵਿਅਕਤਿਤਵ ਦਾ ਆਂਕਲਣ ਕਰੋ। ਤੁਹਾਡਾ ਜੀਵਨ ਸਾਥੀ ਅੱਜ ਤੁਹਾਨੂੰ ਖੁਸ਼ਹਾਲ ਬਣਾਉਣ ਲਈ ਅੱਜ ਬਹੁਤ ਸਾਰੀਆਂ ਕੋਸ਼ਿਸ਼ਾਂ ਕਰੇਗਾ।

**ਕਰਕ :** ਬਹੁਤ ਜ਼ਿਆਦਾ ਚਿੰਤਾ ਅਤੇ ਤਨਾਵ ਦੀ ਆਦਤ ਤੁਹਾਡੀ ਸਿਹਤ ਖਰਾਬ ਕਰ ਸਕਦੀ ਹੈ ਮਾਨਸਿਕ ਸਪਸ਼ਟਤਾ ਬਣਾਈ ਰੱਖਣ ਲਈ ਸ਼ੰਕਾ ਅਤੇ ਚਿੜਚਿੜੇਪਨ ਤੋਂ ਛੁੱਟਕਾਰਾ ਪਾਉ। ਜੋ ਲੋਕ ਪੈਸੇ ਨੂੰ ਬੇਵਜਾਹ ਖਰਚ ਕਰ ਰਹੇ ਹਨ ਅੱਜ ਉਨਾਂ ਨੂੰ ਸਮਝ ਆ ਸਕਦਾ ਹੈ ਕਿ ਪੈਸੇ ਦੀ ਜੀਵਨ ਵਿਚ ਕੀ ਕੀਮਤ ਹੈ ਕਿਉਂ ਕਿ ਅੱਜ ਅਚਾਨਕ ਤੁਹਾਨੂੰ ਪੈਸੇ ਦੀ ਲੋੜ ਪਵੇਗੀ ਅਤੇ ਤੁਹਾਡੇ ਕੋਲ ਜਿਆਦਾ ਪੈਸਾ ਨਹੀਂ ਹੋਵੇਗਾ। ਘਰ ਵਿਚ ਅਤੇ ਆਸ ਪਾਸ ਛੋਟੇ ਮੋਟੇ ਬਦਲਾਅ ਘਰ ਦੀ ਸਜਾਵਟ ਵਿਚ ਚਾਰ ਚੰਨ ਲਗਾ ਦੇਣਗੇ। ਅੱਜ ਤੁਸੀ ਪਿਆਰ ਦੇ ਮੂਡ ਵਿਚ ਹੋਵੋਂਗੇ ਅਤੇ ਤੁਹਾਡੇ ਕੋਲ ਕਾਫੀ ਮੌਕੇ ਵੀ ਹੋਣਗੇ। ਪਾਰਟਨਰ ਤੁਹਾਡੀਆਂ ਨਵੀਆਂ ਯੋਜਨਾਵਾਂ ਅਤੇ ਉੱਦਮਾਂ ਪ੍ਰਤੀ ਉਤਸ਼ਾਹਿਤ ਹੋਣਗੇ। ਰਸਮਾਂ, ਹਵਨ, ਪੂਜਾ ਪਾਠ ਆਦਿ ਦਾ ਆਯੋਜਨ ਘਰ ਵਿਚ ਹੋਵੇਗਾ। ਜੇਕਰ ਤੁਸੀ ਇਹ ਸਮਝਦੇ ਹੋ ਕਿ ਵਿਆਹ ਸਿਰਫ ਸੈਕਸ ਦੇ ਲਈ ਹੁੰਦਾ ਹੈ ਇਹ ਝੂਠ ਹੈ ਕਿਉਂ ਕਿ ਅੱਜ ਤੁਹਾਨੂੰ ਸੱਚੇ ਪਿਆਰ ਦਾ ਅਹਿਸਾਸ ਹੋਵੇਗਾ।

**ਸਿੰਘ:** ਅੱਜ ਤੁਸੀ ਥਕਾਵਟ ਮਹਿਸੂਸ ਕਰੋਂਗੇ ਅਤੇ ਛੋਟੀ ਛੋਟੀ ਗੱਲਾਂ ਤੇ ਨਾਰਾਜ਼ ਵੀ ਹੋ ਸਕਦੇ ਹੋ। ਘਰ ਦੀਆਂ ਛੋਟੀ ਛੋਟੀ ਚੀਜਾਂ ਤੇ ਅੱਜ ਤੁਹਾਡਾ ਕਾਫੀ ਪੈਸਾ ਖਰਾਬ ਹੋ ਸਕਦਾ ਹੈ ਜਿਸਦੀ ਵਜਾਹ ਨਾਲ ਤੁਸੀ ਮਾਨਸਿਕ ਤਨਾਅ ਵਿਚ ਆ ਸਕਦੇ ਹੋ। ਦਫਤਰ ਦੇ ਕੰਮਕਾਜ ਵਿਚ ਜ਼ਿਆਦਾ ਵਿਅਸਤ ਦੇ ਚਲਦੇ ਆਪਣੇ ਜੀਵਨਸਾਥੀ ਦੇ ਨਾਲ ਤੁਹਾਡਾ ਰਿਸ਼ਤਾ ਤਣਾਅਪੂਰਨ ਹੋ ਸਕਦਾ ਹੈ। ਅਚਾਨਕ ਮਿਲਿਆ ਕੋਈ ਸੁਖਦ ਸੰਦੇਸ਼ ਨੀਂਦ ਵਿਚ ਤੁਹਾਨੂੰ ਮਿੱਠੇ ਸੁਪਨੇ ਦੇਵੇਗਾ। ਉਦੋਂ ਤੱਕ ਕੋਈ ਵਾਧਾ ਨਾ ਕਰੋ ਜਦੋਂ ਤੱਕ ਤੁਸੀ ਪੂਰੀ ਤਰਾਂ ਉਸ ਨੂੰ ਪੂਰਾ ਕਰਨ ਵਿਚ ਸਮਰਥ ਨਾ ਹੋਵੋ। ਖਾਲੀ ਸਮੇਂ ਦਾ ਸਦਉਪਯੋਗ ਹੋਣਾ ਚਾਹੀਦਾ ਹੈ ਪਰੰਤੂ ਅੱਜ ਤੁਸੀ ਇਸ ਸਮੇਂ ਦਾ ਦੁਰਉਪਯੋਗ ਕਰੋਂਗੇ ਇਸ ਨਾਲ ਤੁਹਾਡਾ ਮੂਡ ਵੀ ਖਰਾਬ ਰਹੇਗਾ। ਤੁਸੀ ਅੱਜ ਵਿਆਹਕ ਜੀਵਨ ਦਾ ਭਰਪੂਰ ਅਨੰਦ ਲਉ।

**ਕੰਨਿਆ:** ਬਹੁਤ ਜ਼ਿਆਦਾ ਤਣਾਅ ਅਤੇ ਚਿੰਤਾ ਕਰਨ ਦੀ ਆਦਤ ਸਿਹਤ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਅੱਜ ਕਾਰੋਬਾਰ ਦੀ ਮਜ਼ਬੂਤੀ ਲਈ ਤੁਹਾਨੂੰ ਕਈਂ ਮਹੱਤਵਪੂਰਨ ਫੈਂਸਲੇ ਲੈਣੇ ਪੈ ਸਕਦੇ ਹਨ ਜਿਸਦੇ ਲਈ ਤੁਹਾਡਾ ਕੋਈ ਕਰੀਬੀ ਤੁਹਾਡੀ ਮਦਦ ਕਰ ਸਕਦਾ ਹੈ। ਅਜਿਹੇ ਕੰਮਾਂ ਨੂੰ ਸ਼ੁਰੂ ਕਰਨ ਲਈ ਵਧੀਆ ਦਿਨ ਹੈ ਜਿਸ ਨਾਲ ਨੌਜਵਾਨ ਲੋਕ ਜੁੜੇ ਹੋਣ। ਤੁਹਾਡਾ ਰੂਹ ਦਾ ਦੋਸਤ ਸਾਰਾ ਦਿਨ ਤੁਹਾਡੇ ਬਾਰੇ ਸੋਚਦਾ ਰਹੇਗਾ। ਤੁਹਾਡੇ ਬੌਸ ਕਿਸੇ ਵੀ ਬਹਾਨੇ ਵਿਚ ਦਿਲਚਸਪੀ ਜ਼ਾਹਿਰ ਨਹੀਂ ਕਰਨਗੇ ਇਸ ਲਈ ਅੱਖਾਂ ਵਿਚ ਬਣੇ ਰਹਿਣ ਦੇ ਲਈ ਆਪਣਾ ਕੰਮ ਚੰਗੀ ਤਰਾਂ ਨਾਲ ਕਰੋ। ਅੱਜ ਅਨੁਕੂਲ ਗ੍ਰਹਿ ਤੁਹਾਨੂੰ ਖੁਸ਼ ਮਹਿਸੂਸ ਕਰਨ ਦੇ ਬਹੁਤ ਸਾਰੇ ਕਾਰਨ ਲੈ ਕੇ ਆਉਣਗੇ। ਤੁਹਾਡੇ ਅਤੇ ਤੁਹਾਡੇ ਜੀਵਨਸਾਥੀ ਦੇ ਵਿਚਕਾਰ ਵਿਸ਼ਵਾਸ਼ ਦੀ ਘਾਟ ਰਹਿ ਸਕਦੀ ਹੈ ਇਸ ਨਾਲ ਵਿਆਹ ਵਿਚ ਤਣਾਅ ਆਵੇਗਾ।

**ਤੁਲਾ:** ਤਨਾਵ ਅਤੇ ਘਬਰਾਹਟ ਤੋਂ ਬਚੋ ਕਿਉਂ ਕਿ ਇਹ ਤੁਹਾਡੀ ਸਿਹਤ ਤੇ ਅਸਰ ਪਾ ਸਕਦੀ ਹੈ। ਅੱਜ ਤੁਸੀ ਚੰਗਾ ਪੈਸਾ ਕਮਾਉਗੇ ਪਰੰਤੂ ਖਰਚ ਵਿਚ ਵਾਧਾ ਤੁਹਾਡੇ ਲਈ ਬਚਟ ਨੂੰ ਹੋਰ ਜ਼ਿਆਦਾ ਮੁਸ਼ਕਿਲ ਬਣ ਦੇਵੇਗਾ। ਤੁਹਾਡਾ ਜੀਵਨਸਾਥੀ ਤੁਹਾਡੀ ਸਹਾਇਤਾ ਕਰੇਗਾ ਅਤੇ ਮਦਦਗਾਰ ਸਾਬਿਤ ਹੋਵੇਗਾ। ਤੁਹਾਨੂੰ ਆਪਣੀ ਹਾਰ ਤੋਂ ਕੁਝ ਸਬਕ ਸਿੱਖਣ ਦੀ ਲੋੜ ਹੈ ਕਿਉਂ ਕਿ ਅੱਜ ਤੁਹਾਨੂੰ ਦਿਲ ਦੀ ਗੱਲ ਕਹਿਣ ਲੱਗਿਆਂ ਨੁਕਸਾਨ ਵੀ ਹੋ ਸਕਦਾ ਹੈ। ਕਾਰੋਬਾਰ ਦੇ ਲਈ ਵਧੀਆ ਦਿਨ ਹੈ ਕਿਉਂ ਕਿ ਉਨਾਂ ਨੂੰ ਅਚਾਨਕ ਵੱਡਾ ਲਾਭ ਹੋ ਸਕਦਾ ਹੈ। ਦਿਨ ਨੂੰ ਕਿਸ ਤਰਾਂ ਚੰਗਾ ਬਣਾਇਆ ਜਾਵੇ ਇਸ ਦੇ ਲਈ ਤੁਹਾਨੂੰ ਵੀ ਆਪਣੇ ਵਿਅਸਤ ਸਮੇ ਵਿਚੋਂ ਸਮਾਂ ਕੱਢਣਾ ਪਵੇਗਾ। ਜੀਵਨ ਸਾਥੀ ਦੀ ਤਰਫ ਤੋਂ ਜਾਣਬੁੱਝ ਕੇ ਅੰਦਰੂਨੀ ਚੋਟ ਦੇ ਸਕਦਾ ਹੈ ਜਿਸ ਦੇ ਚਲਦੇ ਤੁਸੀ ਕੁਝ ਸਮਾਂ ਉਦਾਸ ਰਹਿ ਸਕਦੇ ਹੋ।

**ਬ੍ਰਿਸ਼ਚਕ:** ਅੱਜ ਸਵਾਰਥੀ ਆਦਮੀ ਤੋਂ ਬਚਣ ਦੀ ਕੋਸ਼ਿਸ਼ ਕਰੋ ਉਹ ਤੁਹਾਨੂੰ ਤਨਾਵ ਦੇ ਸਕਦਾ ਹੈ। ਜੇਕਰ ਤੁਸੀ ਵਿਦੇਸ਼ ਵਿਚ ਕਿਸੇ ਜ਼ਮੀਨ ਤੇ ਨਿਵੇਸ਼ ਕੀਤਾ ਸੀ ਅੱਜ ਉਸ ਨੂੰ ਵੇਚਣ ਦੀ ਵਧੀਆ ਕੀਮਤ ਮਿਲ ਸਕਦੀ ਹੈ ਜੋ ਤੁਹਾਨੂੰ ਮੁਨਾਫਾ ਕਮਾਉਣ ਵਿਚ ਸਹਾਇਤਾ ਕਰੇਗਾ। ਆਪਣੇ ਪਰਿਵਾਰ ਨੂੰ ਸਹੀ ਸਮਾਂ ਦਿਉ ਉਨਾਂ ਨੂੰ ਮਹਿਸੂਸ ਹੋਣ ਦਿਉ ਕਿ ਤੁਸੀ ਉਨਾਂ ਦਾ ਧਿਆਨ ਰੱਖਦੇ ਹੋ। ਉਨਾਂ ਨਾਲ ਚੰਗਾ ਸਮਾਂ ਬਿਤਾਉ ਅਤੇ ਸ਼ਿਕਾਇਤ ਦਾ ਮੌਕਾ ਨਾ ਦਿਉ। ਅੱਜ ਦੇ ਦਿਨ ਨੂੰ ਤੁਸੀ ਜਿੰਦਗੀ ਵਿਚੋਂ ਕਦੇ ਨਹੀਂ ਭੁਲੋਂਗੇ ਜੇਕਰ ਪਿਆਰ ਕਰਨ ਦਾ ਮੌਕਾ ਤੁਸੀ ਅੱਜ ਨਹੀਂ ਗਵਾਉਂਦੇ। ਤੁਹਾਡੀ ਸਖਤ ਮਿਹਨਤ ਅਤੇ ਨਿਸ਼ਠਾ ਖੁਦ ਤੁਹਾਡੇ ਲਈ ਬੋਲੇਗੀ ਤੇ ਦੂਜਿਆਂ ਦਾ ਵਿਸ਼ਵਾਸ਼ ਅਤੇ ਸਹਿਯੋਗ ਤੁਹਾਨੂੰ ਹਾਸਿਲ ਹੋਵੇਗਾ। ਤੁਹਾਡੀ ਸੰਚਾਰ ਤਕਨੀਕ ਅਤੇ ਕੰਮੀ ਹੁੱਨਰ ਪ੍ਰਭਾਵਸ਼ਾਲੀ ਸਿੱਧ ਹੋਣਗੇ। ਕਾਫੀ ਦਿਨ ਜ਼ਿੰਦਗੀ ਸੱਚਮੁਚ ਔਖੀ ਲਗਦੀ ਹੈ ਪਰੰਤੂ ਤੁਸੀ ਆਪਣੇ ਜੀਵਨ ਸਾਥੀ ਦੇ ਫਿਰਦੌਸੀ ਵਿਚ ਆਪਣੇ ਆਪ ਨੂੰ ਪਾਉਂਗੇ।

**ਧਨੂੰ:** ਆਪਣੇ ਜੀਵਨ ਸਾਥੀ ਦੇ ਮਾਮਲੇ ਵਿਚ ਗੈਰ ਜ਼ਰੂਰੀ ਅੜਚਣ ਅੜਾਉਣ ਤੋਂ ਬਚੋ ਆਪਣੇ ਕੰਮ ਨਾਲ ਕੰਮ ਰੱਖਣਾ ਬੇਹਤਰ ਹੋਵੇਗਾ ਘੱਟ ਤੋਂ ਘੱਟ ਦਖਲ ਦੇਵੋ ਨਹੀਂ ਤਾਂ ਇਸ ਤੋਂ ਨਿਰਭਰਤਾ ਵੱਧ ਸਕਦੀ ਹੈ। ਅੱਜ ਤੁਸੀ ਆਪਣਾ ਧੰਨ ਧਾਰਮਿਕ ਕੰਮਾਂ ਵਿਚ ਲਗਾ ਸਕਦੇ ਹੋ ਅਤੇ ਜਿਸ ਨਾਲ ਤੁਹਾਨੂੰ ਮਾਨਸਿਕ ਸ਼ਾਤੀ ਅਤੇ ਸਮੱਰਥਾ ਮਿਲਣ ਦੀ ਸੰਭਾਵਨ ਹੈ। ਕਿਸੇ ਬਜ਼ੁਰਗ ਰਿਸ਼ਤੇਦਾਰ ਦੀ ਨਿੱਜੀ ਸਮੱਸਿਆ ਵਿਚ ਮਦਦ ਕਰਕੇ ਤੁਸੀ ਉਨਾਂ ਦਾ ਆਸ਼ੀਰਵਾਦ ਪਾ ਸਕਦੇ ਹੋ। ਹਰ ਗੱਲ ਤੇ ਪਿਆਰ ਦਾ ਦਿਖਾਉਣਾ ਠੀਕ ਨਹੀਂ ਹੈ ਇਸ ਨਾਲ ਤੁਹਾਡਾ ਰਿਸ਼ਤਾ ਸਿਧਰਨ ਦੀ ਥਾਂ ਵਿਗੜ ਸਕਦਾ ਹੈ। ਅੱਜ ਤੁਸੀ ਦੁਸਰੇ ਦਿਨਾਂ ਦੀ ਤੁਲਨਾ ਵਿਚ ਆਪਣੇ ਲਕਸ਼ਾ ਨੂੰ ਕੁਝ ਜ਼ਿਆਦਾ ਹੀ ਉੱਚਾ ਤੈਅ ਕਰ ਸਕਦੇ ਹੋ ਜੇਕਰ ਨਤੀਜੇ ਤੁਹਾਡੇ ਉਮੀਦ ਮੁਤਾਬਿਕ ਨਾ ਹੋਣ ਤਾਂ ਨਿਰਾਸ਼ ਨਾ ਹੋਵੋ। ਦਿਨ ਬਹੁਤ ਵਧੀਆ ਹੈ ਆਪਣੇ ਆਪ ਲਈ ਵਧੀਆ ਸਮਾਂ ਅਤੇ ਕਮੀਆਂ ਤੇ ਧਿਆਨ ਦੇਵੋ ਇਸ ਨਾਲ ਤੁਹਾਡੇ ਵਿਅਕਤਿਤਵ ਵਿਚ ਸਾਕਾਰਤਮਕ ਪਰਿਵਰਤਨ ਆਵੇਗਾ। ਤੁਸੀ ਸ਼ਾਇਦ ਆਪਣੇ ਜੀਵਨਸਾਥੀ ਦੀ ਇਮਾਨਦਾਰੀ ਤੇ ਸ਼ੱਕ ਕਰ ਸਕਦੇ ਹੋ ਜੋ ਆਉਂ ਵਾਲੇ ਦਿਨਾਂ ਵਿਚ ਤੁਹਾਡੀ ਵਿਆਹੁਤਾ ਜ਼ਿੰਦਗੀ ਦੀ ਸ਼ਾਨ ਵਿਗਾੜ ਦੇਵੇਗਾ।

**ਮਕਰ:** ਗਰਦਨ ਲੱਕ ਵਿਚ ਲਗਾਤਾਰ ਦਰਦ ਪਰੇਸ਼ਾਨ ਕਰ ਸਕਦਾ ਹੈ ਇਸ ਨੂੰ ਨਜ਼ਰ ਅੰਦਾਜ਼ ਨਾ ਕਰੋ ਖਾਸ ਤੋਰ ਤੇ ਜਦੋਂ ਇਸ ਨਾਲ ਕਮਜ਼ੋਰੀ ਵੀ ਮਹਿਸੂਸ ਹੋ ਰਹੀ ਹੈ ਅੱਜ ਦੇ ਦਿਨ ਆਰਾਮ ਕਰਨਾ ਬਹੁਤ ਜ਼ਰੂਰੀ ਹੈ। ਆਪਣੇ ਲਈ ਪੈਸਾ ਬਚਾਉਣ ਦਾ ਖਿਆਲ ਤੁਹਾਡੀ ਵਿਚਾਰ ਅੱਜ ਪੂਰਾ ਹੋ ਸਕਦਾ ਹੈ ਅੱਜ ਤੁਸੀ ਕਾਫੀ ਬਚਤ ਪਾਉਣ ਵਿਚ ਸੰਭਵ ਹੋਵੋਂਗੇ। ਦੋਸਤ ਅਤੇ ਰਿਸ਼ਤੇਦਾਰਾਂ ਦੇ ਨਾਲ ਮੋਜ ਮਸਤੀ ਕਰੋ। ਤੁਹਾਡੀ ਅੱਖਾਂ ਚਮਕਣਗੀਆਂ ਧੜਕਣ ਅਤੇ ਖੁਸ਼ੀ ਤੇਜ ਹੋ ਜਾਵੇਗੀ ਜਦੋਂ ਤੁਸੀ ਆਪਣੀ ਸੁਪਨਿਆਂ ਦੀ ਰਾਜਕੁਮਾਰੀ ਨੂੰ ਮਿਲੋਂਗੇ। ਮਨ ਬਹਿਲਾਉਣ ਅਤੇ ਮਨੋਰੰਜਨ ਦੇ ਲਈ ਵਧੀਆ ਦਿਨ ਹੈ ਪਰੰਤੂ ਜੇਕਰ ਤੁਸੀ ਕੰਮ ਕਰ ਰਹੇ ਹੋ ਤਾਂ ਕਾਰੋਬਾਰ ਲੈਣ ਦੇਣ ਵਿਚ ਸਾਵਧਾਨੀ ਦੀ ਲੋੜ ਹੈ। ਇਸ ਰਾਸ਼ੀ ਦੇ ਬੱਚੇ ਅੱਜ ਖੇਡ ਵਿਚ ਦਿਨ ਗੁਜ਼ਾਰ ਸਕਦੇ ਹਨ ਅਜਿਹੇ ਵਿਚ ਮਾਤਾ ਪਿਤਾ ਨੂੰ ਉਨਾਂ ਤੇ ਧਿਆਨ ਰੱਖਣਾ ਚਾਹੀਦਾ ਹੈ, ਚੋਟ ਲੱਗਣ ਦੀ ਸੰਭਾਵਨਾ ਹੈ। ਜੇਕਰ ਤੁਸੀ ਇਹ ਸਮਝਦੇ ਹੋ ਕਿ ਵਿਆਹ ਸਿਰਫ ਸੈਕਸ ਦੇ ਲਈ ਹੁੰਦਾ ਹੈ ਇਹ ਝੂਠ ਹੈ ਕਿਉਂ ਕਿ ਅੱਜ ਤੁਹਾਨੂੰ ਸੱਚੇ ਪਿਆਰ ਦਾ ਅਹਿਸਾਸ ਹੋਵੇਗਾ।

**ਕੁੰਭ:** ਆਪਣੀ ਸਿਹਤ ਦੀ ਬਿਹਤਰੀ ਲਈ ਖਾਣ ਪੀਣ ਸੁਧਾਰ ਕਰੋ। ਅੱਜ ਤੁਹਾਨੂੰ ਆਪਣੇ ਭਰਾ ਅਤੇ ਭੈਣ ਦੀ ਮਦਦ ਨਾਲ ਧੰਨ ਲਾਭ ਹੋਣ ਦੀ ਸੰਭਾਵਨਾ ਹੈ। ਦੋਸਤ ਅਤੇ ਪਰਿਵਾਰ ਦੇ ਨਾਲ ਮਜ਼ੇਦਾਰ ਸਮਾਂ ਲੰਗੇਗਾ। ਤੁਹਾਡੇ ਜੀਵਨ ਸਾਥੀ ਦੀ ਖਰਾਬ ਸਿਹਤ ਦੇ ਚਲਦੇ ਅੱਜ ਰੋਮਾਂਸ ਤੋ ਪਾਸਾ ਹੋ ਸਕਦਾ ਹੈ। ਤੁਹਾਡੀ ਇਮਾਦਾਰੀ ਅਤੇ ਕੰਮ ਨੂੰ ਵਫਾਦਾਰੀ ਨਾਲ ਕਰਨ ਦੀ ਤੁਹਾਡੀ ਯੋਗਤਾ ਤੁਹਾਨੂੰ ਮਾਨਤਾ ਦੇਵੇਗੀ। ਇਸ ਰਾਸ਼ੀ ਦੇ ਚਿੰਨ੍ਹ ਅੱਜ ਦੇ ਦਿਨ ਆਪਣੇ ਭੈਣ ਭਰਾ ਦੇ ਨਾਲ ਘਰ ਵਿਚ ਕੋਈ ਫਿਲਮ ਜਾਂ ਮੈਚ ਦੇਖ ਸਕਦੇ ਹਨ ਅਜਿਹਾ ਕਰਕੇ ਤੁਸੀ ਲੋਕਾਂ ਦੇ ਪਿਆਰ ਵਿਚ ਵਾਧਾ ਵੀ ਕਰ ਸਕਦੇ ਹੋਂ। ਅੱਜ ਤੁਹਾਡੀ ਬੀਤੀ ਜ਼ਿੰਦਗੀ ਦਾ ਕੋਈ ਰਾਜ਼ ਤੁਹਾਡੇ ਜੀਵਨ ਸਾਥੀ ਨੂੰ ਉਦਾਸ ਕਰ ਸਕਦਾ ਹੈ।

**ਮੀਨ:** ਖੁਦ ਨੂੰ ਕਿਸੇ ਰਚਨਾਤਮਕ ਕੰਮ ਵਿਚ ਲਗਾਉ ਮਾਨਸਿਕ ਸ਼ਾਤੀ ਦੇ ਲਈ ਤੁਹਾਡੀ ਖਾਲੀ ਬੈਠਣ ਦੀ ਆਦਤ ਖਤਰਨਾਕ ਸਾਬਿਤ ਹੋ ਸਕਦੀ ਹੈ। ਅੱਜ ਤੁਸੀ ਆਪਣਾ ਧੰਨ ਧਾਰਮਿਕ ਕੰਮਾਂ ਵਿਚ ਲਗਾ ਸਕਦੇ ਹੋ ਅਤੇ ਜਿਸ ਨਾਲ ਤੁਹਾਨੂੰ ਮਾਨਸਿਕ ਸ਼ਾਤੀ ਅਤੇ ਸਮੱਰਥਾ ਮਿਲਣ ਦੀ ਸੰਭਾਵਨ ਹੈ। ਇਕ ਮਜ਼ੇਦਾਰ ਸ਼ਾਮ ਦੇ ਲਈ ਦੋਸਤ ਤੁਹਾਨੂੰ ਤੁਹਾਡੇ ਘਰ ਤੇ ਬਲਾਉਣਗੇ। ਪਿਆਰ ਰੱਬ ਦੀ ਪੂਜਾ ਵਾਂਗ ਪਵਿੱਤਰ ਹੈ ਅੱਜ ਇਹ ਤੁਹਾਨੂੰ ਸੱਚੇ ਅਰਥਾਂ ਵਿਚ ਧਰਮ ਅਧਿਆਤਮਿਕਤਾ ਵੱਲ ਲੈ ਜਾ ਸਕਦਾ ਹੈ। ਸੰਤੋਸ਼ਜਨਕ ਨਤੀਜਾ ਪਾਉਣ ਦੇ ਲਈ ਕੰਮ ਨੂੰ ਯੋਜਨਾਬੱਧ ਤਰੀਕੇ ਨਾਲ ਕਰੋ ਦਫਤਰ ਦੀਆਂ ਪਰੇਸ਼ਾਨੀਆਂ ਨੂੰ ਹੱਲ ਕਰਨ ਦੇ ਲਈ ਤੁਹਾਨੂੰ ਮਾਨਸਿਕ ਤਣਾਵ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਤੁਹਾਡੇ ਬਾਰੇ ਲੋਕ ਕੀ ਸੋਚਦੇ ਹਨ ਅੱਜ ਤੁਹਾਨੂੰ ਇਸ ਗੱਲ ਨਾਲ ਕੋਈ ਫਰਕ ਨਹੀਂ ਪਵੇਗਾ ਬਲਕਿ ਅੱਜ ਤੁਸੀ ਖਾਲੀ ਸਮੇਂ ਵਿਚ ਕਿਸੀ ਨਾਲ ਮਿਲਣਾ ਜੁਲਣਾ ਵੀ ਪਸੰਦ ਨਹੀਂ ਕਰੋਂਗੇ ਅਤੇ ਇਕਾਂਤ ਵਿਚ ਆਨੰਦ ਮਹਿਸੂਸ ਕਰੋਂਗੇ। ਅੱਜ ਸ਼ਾਇਦ ਦੁਨੀਆਂ ਤਬਾਹੀ ਮਚਾ ਦੇਵੇ ਪਰ ਤੁਸੀ ਆਪਣੇ ਜੀਵਨਸਾਥੀ ਦੀਆਂ ਬਾਹਾਂ ਤੋਂ ਬਾਹਰ ਨਹੀਂ ਆ ਸਕੋਂਗੇ।

## ਪੁਸਤਕ ਰੀਵਿਊ

# ਡਾ. ਸੁਖਦੇਵ ਸਿੰਘ ਝੰਡ ਦੀ ਪਰਖ 'ਚੋਂ 'ਪੁਰਖ਼ਿਆਂ ਦਾ ਦੇਸ਼'

ਪੁਸਤਕ ਦਾ ਨਾਮ :- ਪੁਰਖ਼ਿਆਂ ਦਾ ਦੇਸ਼
ਲੇਖਕ ਦਾ ਨਾਮ : ਡਾ. ਸੁਖਦੇਵ ਸਿੰਘ ਝੰਡ
ਸਮੀਖਿਆਕਾਰ : ਜਸਵਿੰਦਰ ਸਿੰਘ ਰੁਪਾਲ
ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਲੁਧਿਆਣਾ
ਪੰਨੇ : 163 ਕੀਮਤ : 395 ਰੁਪਏ






ਜਸਵਿੰਦਰ ਸਿੰਘ ਰੁਪਾਲ

ਸਿਆਣੇ ਆਖਦੇ ਹਨ ਕਿ 'ਭੱਜੀਆਂ ਬਾਹਾਂ ਗਲ ਨੂੰ ਆਉਂਦੀਆਂ ਹਨ'। ਸ਼ਾਇਦ ਇਸੇ ਕਰਕੇ ਭਾਰਤ ਅਤੇ ਪਾਕਿਸਤਾਨ ਦੀ ਜਨਤਾ ਦੇ ਦਿਲ ਵਿੱਚ ਦੇਸ਼ ਦੀ ਵੰਡ ਦੇ ਪੌਣੀ ਸਦੀ ਬੀਤ ਜਾਣ ਤੋਂ ਬਾਅਦ ਵੀ ਇੱਕ ਦੂਜੇ ਨੂੰ ਮਿਲਣ ਦੀ ਤਾਂਘ ਬਰਕਰਾਰ ਹੈ। ਇਨ੍ਹਾਂ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਦਾ ਰਵੱਈਆ ਭਾਵੇਂ ਕੁਝ ਵੀ ਹੋਵੇ, ਪਰ ਆਮ ਜਨਤਾ ਦੀ ਦਿਲੀ ਤੜਪ ਉਦੋਂ ਹੀ ਪਤਾ ਲੱਗਦੀ ਹੈ ਜਦੋਂ ਇਧਰਲੇ ਉੱਧਰ ਜਾਣ, ਜਾਂ ਓਧਰਲੇ ਇੱਧਰ ਆਉਣ। ਪ੍ਰਸਿੱਧ ਲੇਖਕ ਡਾ. ਸੁਖਦੇਵ ਸਿੰਘ ਝੰਡ ਨੇ ਇਸ 'ਤੜਪ' ਨੂੰ ਹੋਰ ਵੀ ਵਧੇਰੇ ਮਹਿਸੂਸਿਆ, ਕਿਉਂਕਿ ਉਸ ਦੇ ਵਡੇਰਿਆਂ ਨੇ 1947 ਦਾ 'ਦੁਖਾਂਤ' ਹੱਡੀਂ ਹੰਢਾਇਆ ਹੋਇਆ ਸੀ ਅਤੇ ਡਾ. ਝੰਡ ਨੂੰ ਪਾਕਿਸਤਾਨ ਦੀ ਆਪਣੀ 14 ਦਿਨ ਦੀ ਇਸ ਫੇਰੀ ਨਾਲ ਉਸ ਪੀੜ ਨੂੰ ਘੱਟ ਕਰਨ ਦਾ ਮੌਕਾ ਮਿਲ ਗਿਆ। ਲਹਿੰਦੇ ਪੰਜਾਬ ਤੋਂ ਮਿਲਿਆ ਪਿਆਰ ਅਤੇ ਨਿੱਘ ਉਸ ਦੇ ਜ਼ਿਹਨ 'ਚ ਲਹਿ ਗਿਆ ਅਤੇ ਉਸਦੀ ਕਲਮ ਨੇ ਉਨ੍ਹਾਂ ਭਾਵਨਾਵਾਂ ਨੂੰ ਜਦੋਂ ਕਾਗਜ਼ 'ਤੇ ਉਤਾਰਿਆ, ਤਾਂ ਇਹ ਸਫ਼ਰਨਾਮਾ 'ਪੁਰਖ਼ਿਆਂ ਦਾ ਦੇਸ਼' ਹੋਂਦ 'ਚ ਆ ਗਿਆ। ਇਹ ਲੇਖਕ ਦੀ ਦਸਵੀਂ ਪੁਸਤਕ ਹੈ ਅਤੇ ਉਹ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਵਧੀਆ ਸਥਾਨ ਬਣਾ ਚੁੱਕਾ ਹੈ। ਹੁਣ ਸਮੂਹ ਪਾਠਕ ਦਿਲਾਂ ਦੀ ਪਿਆਰ-ਵਿਛੋੜੇ ਦੀ ਰਾਹ ਚੋਂ ਲੰਘਦਿਆਂ ਪਾਕਿਸਤਾਨ ਦੇ ਪਾਕਿ-ਦੀਦਾਰੇ ਇਸ ਖ਼ੂਬਸੂਰਤ ਕਲਮ ਰਾਹੀਂ ਕੀਤੇ ਦ੍ਰਿਸ਼ ਵਰਣਨ ਰਾਹੀਂ ਕਰ ਸਕਦੇ ਹਨ।

ਪੁਸਤਕ ਦੀ ਭੂਮਿਕਾ ਲਿਖਦਿਆਂ ਪ੍ਰਸਿੱਧ ਲੇਖਕ ਡਾ. ਵਰਿਆਮ ਸੰਧੂ ਲਿਖਦੇ ਹਨ, ਫ਼ਤੁੱਟ;ਦੋਵਾਂ ਮੁਲਕਾਂ ਨੂੰ ਨੇੜੇ ਲਿਆਉਣ ਵਿੱਚ ਉਨ੍ਹਾਂ ਦੇ ਪਥਰਾਏ ਮਨਾਂ ਨੂੰ ਪਿਘਲਾਉਣ ਵਿੱਚ ਇਹ ਲਿਖਤ ਮੁੱਲਵਾਨ ਕਾਰਜ ਕਰੇਗੀਫ਼ਤੁੱਟ; ਇਸੇ ਤਰ੍ਹਾਂ ਪ੍ਰਿੰ. ਸਰਵਣ ਸਿੰਘ ਨੇ ਆਪਣੇ ਲੰਮੇ 'ਮੁੱਖਬੰਧ' ਵਿੱਚ ਜਿੱਥੇ ਡਾ. ਝੰਡ ਦੇ ਕੁਝ ਜੀਵਨ ਅੰਸ਼ਾਂ 'ਤੇ ਝਾਤ ਪੁਆਈ ਹੈ, ਉੱਥੇ ਉਨ੍ਹਾਂ ਨੇ ਇਸ ਸਫ਼ਰਨਾਮੇ ਨੂੰ 'ਅਮਨ ਦਾ ਹੋਕਾ' ਆਖ ਕੇ ਵਡਿਆਇਆ ਹੈ।

'ਇਸ ਫੇਰੀ ਦਾ ਫੁਰਨਾ' ਸਿਰਲੇਖ ਅਧੀਨ ਲੇਖਕ ਆਪਣੇ ਪਾਕਿਸਤਾਨ ਯਾਤਰਾ ਦਾ ਸਬੱਬ ਕਿਵੇਂ ਬਣਿਆ, ਦੱਸਦਾ ਹੈ। ਜਿੱਥੇ ਇਸ ਵਿੱਚ ਧਾਰਮਿਕ, ਸਮਾਜਿਕ ਅਤੇ ਸਭਿਆਚਾਰਕ ਪੱਖ ਦੀ ਖਿੱਚ ਸੀ, ਉੱਥੇ ਉਸਦੇ ਪੁਰਖ਼ਿਆਂ ਲਈ 'ਬਰਬਾਦੀ' ਬਣ ਚੁੱਕੀ ਇਸ ਕਥਿਤ 'ਆਜ਼ਾਦੀ' ਕਾਰਨ ਵਿੱਛੜ ਚੁੱਕੇ ਆਪਣੇ ਜੱਦੀ ਪਿੰਡ 'ਚੱਕ ਨੰਬਰ 202 ਗੱਟੀ ਤਲਾਵਾਂ' ਨੂੰ ਵੇਖਣ ਦੀ ਰੀਝ ਵੀ ਸੀ ਜਿਹੜੀ ਲਾਹੌਰ ਵਿੱਚ ਹੋਣ ਵਾਲੀ ਪੰਜਾਬੀ ਕਾਨਫਰੰਸ ਦੇ ਸੱਦੇ ਨਾਲ ਪੂਰੀ ਹੋਣੀ ਸੀ, ਪਰ ਉਹ ਅਚਾਨਕ ਮੁਲਤਵੀ ਹੋ ਗਈ। ਨਿਰਾਸ਼ਾ ਵਿੱਚ ਬੈਠਿਆਂ ਲਈ ਅਹਿਮਦ ਰਜ਼ਾ ਵੱਲੋਂ ਭੇਜੀ ਗਈ ਸਪਾਂਸਰਸ਼ਿਪ ਨਾਲ ਮੁੜ ਰੀਝ ਨੂੰ 'ਬੂਰ' ਪਿਆ। ਆਪਣੀ ਭੈਣ ਗੁਰਚਰਨ ਕੌਰ ਬਿੰਦ ਅਤੇ ਜੀਜਾ ਜੀ ਡਾ. ਸੁਖਵਿੰਦਰ ਸਿੰਘ ਬਿੰਦ ਸਮੇਤ ਇਹ ਦੋਵੇਂ ਪਤੀ-ਪਤਨੀ ਇਸ ਯਾਤਰਾ ਲਈ ਰਵਾਨਾ ਹੋ ਗਏ। ਪਹਿਲੇ ਦੋ ਦਿਨ ਲਾਹੌਰ ਅਤੇ ਕਸੂਰ ਲਗਾਏ। ਕਸੂਰ 'ਚ ਬਾਬਾ ਬੁਲ੍ਹੇ ਸ਼ਾਹ ਦੀ ਦਰਗਾਹ ਅਤੇ ਲਾਹੌਰ ਦੇ ਬਜ਼ਾਰਾਂ ਵਿੱਚ ਘੁੰਮਣ ਤੋਂ ਬਿਨਾਂ ਜਿੱਥੇ ਮਹਾਰਾਜਾ ਦਲੀਪ ਸਿੰਘ ਦੀ ਸ਼ਹਿਜ਼ਾਦੀ ਬੰਬਾ ਦੀ ਕਬਰ 'ਤੇ ਗਏ, ਉੱਥੇ ਲਾਹੌਰ ਦੇ ਕਈ ਪੰਜਾਬੀ ਲੇਖਕਾਂ ਨਾਲ ਵੀ ਮੁਲਾਕਾਤ ਹੋਈ ਜਿਨ੍ਹਾਂ ਨਾਲ ਪੰਜਾਬੀ ਭਾਸ਼ਾ ਅਤੇ ਸਾਹਿਤ ਬਾਰੇ ਸਾਰਥਕ ਗੱਲਬਾਤ ਹੋਈ। ਆਪਣੇ ਜੱਦੀ ਪਿੰਡ ਚੱਕ ਨੰਬਰ 202 ਗੱਟੀ ਤਲਾਵਾਂ ਪਹੁੰਚਣ 'ਤੇ ਪਿੰਡ ਵਾਸੀਆਂ ਵੱਲੋਂ, ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਦੇ ਸਟਾਫ਼ ਵੱਲੋਂ ਹੋਏ ਭਰਵੇਂ ਸਵਾਗਤ ਦਾ ਜਜ਼ਬਾਤੀ ਵਰਣਨ ਕਰਦਿਆਂ ਹੋਇਆ ਲੇਖਕ ਨੇ ਆਪਣੀ ਕਵਿਤਾ 'ਭੁੱਖ ਜਾਂ ਤੜਪ' ਰਾਹੀਂ ਆਪਣੇ ਇੱਧਰ ਆਉਣ ਦੇ ਪਾਕਿ ਇਰਾਦੇ ਦਾ ਬਿਆਨ ਵੀ ਕੀਤਾ ਹੈ।

ਵਿਛੋੜੇ ਦੀ ਉਸ ਚੀਸ ਨੂੰ ਥੋੜ੍ਹਾ ਨੱਪਣ ਆਇਆ ਹਾਂ,
ਵਾਹਗੇ ਦੀ ਸਰਹੱਦ ਨੂੰ ਮੈਂ ਅੱਜ ਟੱਪਣ ਆਇਆ ਹਾਂ।

ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਦੇ ਨਾਲ ਲੱਗਦੇ ਸ਼ਾਹੀ ਕਿਲੇ ਦੇ 'ਰੌਸ਼ਨਾਈ ਗੇਟ' ਅਤੇ ਇਸ ਦਾ ਇਤਿਹਾਸ ਵਧੀਆ ਢੰਗ ਨਾਲ ਬਿਆਨ ਕੀਤਾ ਗਿਆ ਸਾਡੀ ਦਿਲਚਸਪੀ ਵਧਾਉਂਦਾ ਹੈ। ਲੇਖਕ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਨ ਜਾਂਦੇ ਹੋਏ ਉਥੋਂ ਦੇ ਇਤਿਹਾਸ ਦੇ ਵਰਣਨ ਦੇ ਨਾਲ-ਨਾਲ ਉਸ ਦੀ ਅਜੋਕੀ ਅਵਸਥਾ ਬਾਰੇ ਲਿਖਣੋਂ ਕਦੇ ਨਹੀਂ ਭੁੱਲਦਾ। ਉਨ੍ਹਾਂ ਉੱਪਰ ਬੇਬਾਕ ਨਿੱਜੀ ਟਿੱਪਣੀ ਕਰਨੀ ਉਸਦੇ ਵਿਸ਼ਾਲ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਦੇ ਮਾਲਕ ਹੋਣ ਦਾ ਸਬੂਤ ਹੈ। ਉਦਾਹਰਣ ਵਜੋਂ, ਪੰਜਾ ਸਾਹਿਬ ਗੁਰਦੁਆਰੇ ਵਿੱਚ ਪੱਥਰ 'ਤੇ ਲੱਗੇ ਗੁਰੂ ਨਾਨਕ ਦੇ 'ਪੰਜੇ ਦੇ ਨਿਸ਼ਾਨ' ਦੇ ਦਰਸ਼ਨ ਕਰਨ ਉਪਰੰਤ ਉਹ ਸਾਫ਼-ਸਾਫ਼ ਲਿਖਦਾ ਹੈ, 'ਮੈਨੂੰ ਇੰਝ ਲੱਗਿਆ ਜਿਵੇਂ ਇਹ ਕਿਸੇ ਬਹੁਤ ਹੀ ਸੁਘੜ ਕਾਰੀਗਰ ਵੱਲੋਂ ਬੜੀ ਸਿਆਣਪ ਨਾਲ ਪੱਥਰ ਨੂੰ ਤਰਾਸ਼ ਕੇ ਥੋੜ੍ਹਾ ਜਿਹਾ ਡੂੰਘਾ ਉੱਕਰਿਆ ਗਿਆ ਹੋਵੇ, ... ਹੋ ਸਕਦਾ ਏ ਕਿ ਮੈ ਗਲਤ ਹੀ ਹੋਵਾਂ ਪਰ ਪੱਥਰ 'ਤੇ ਪਏ ਇਸ ਨਿਸ਼ਾਨ ਨੂੰ ਮੇਰਾ ਮਨ ਗੁਰੂ ਨਾਨਕ ਜੀ ਦੇ ਪੰਜੇ ਦਾ ਨਿਸ਼ਾਨ ਮੰਨਣ ਲਈ ਤਿਆਰ ਨਹੀਂ ਸੀ।"

ਇਸੇ ਤਰਾਂ ਕਰਤਾਰਪੁਰ ਸਾਹਿਬ ਦਾਖ਼ਲੇ ਲਈ ਪਾਕਿਸਤਾਨੀ ਸ਼ਰਧਾਲੂਆਂ ਲਈ ਦਾਖ਼ਲਾ ਟਿਕਟ 400 ਰੁਪਏ ਹੋਣਾ, ਪਰ ਵਿਦੇਸ਼ੀ ਸ਼ਰਧਾਲੂਆਂ ਲਈ ਇਹ ਦਾਖ਼ਲਾ ਮੁਫ਼ਤ ਹੋਣ (ਲੇਖਕ ਦੇ ਦੱਸਣ ਅਨੁਸਾਰ 20 ਅਮਰੀਕਨ ਡਾਲਰ ਦੀ ਫ਼ੀਸ ਭਾਰਤ ਸਰਕਾਰ ਲੈਂਦੀ ਹੈ) 'ਤੇ ਆਪਣੀ ਹੈਰਾਨੀ ਪ੍ਰਗਟਾਉਂਦਾ ਹੋਇਆ ਲਿਖਦਾ ਹੈ, 'ਭਾਰਤ ਵਿੱਚ ਆਗਰੇ ਦਾ ਤਾਜ ਮਹੱਲ ਵੇਖਣ ਜਾਣ ਵਾਲੇ ਵਿਦੇਸ਼ੀ ਸੈਲਾਨੀਆਂ ਲਈ ਇਹ ਟਿਕਟ ਆਮ ਨਾਲੋਂ ਚਾਰ-ਪੰਜ ਗੁਣਾ ਹੈ। ਪਾਕਿਸਤਾਨ ਦੇ ਸਭਿਆਚਾਰਕ ਅਤੇ ਵਿਰਾਸਤੀ ਸਥਾਨ ਜਿਵੇਂ ਤਕਸ਼ਿਲਾ ਯੂਨੀਵਰਸਿਟੀ ਦੇ ਖੰਡਰ ਵੀ ਇਨ੍ਹਾਂ ਯਾਤਰੀਆਂ ਵੱਲੋਂ ਦੇਖੇ ਗਏ। ਵੱਖ-ਵੱਖ ਸ਼ਹਿਰਾਂ ਦੇ ਵੱਖ-ਵੱਖ ਬਜ਼ਾਰਾਂ 'ਚੋਂ ਵਿਚਰਦਿਆਂ ਜਿੱਥੇ ਉੱਥੋਂ ਦੀਆਂ ਖਾਣ-ਪੀਣ ਅਤੇ ਪਹਿਨਣ ਵਾਲੀਆਂ ਵਸਤਾਂ ਬਾਰੇ ਖੁੱਲ੍ਹ ਕੇ ਜਾਣਕਾਰੀ ਦਿੱਤੀ ਗਈ ਹੈ, ਉੱਥੇ ਉਨ੍ਹਾਂ ਵਸਤੂਆਂ ਅਤੇ ਉਨ੍ਹਾਂ ਦੀ ਗੁਣਵੱਤਾ ਅਤੇ ਕੀਮਤ ਬਾਰੇ ਵੀ ਲਿਖਣ ਤੋਂ ਸੰਕੋਚ ਨਹੀਂ ਕੀਤਾ ਗਿਆ। ਲੇਖਕ ਖ਼ੁਦ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ 'ਭਾਈ ਗੁਰਦਾਸ ਲਾਇਬਰੇਰੀ' ਵਿਚ ਨੌਕਰੀ ਕਰਦਾ ਰਿਹਾ ਹੈ, ਇਸ ਲਈ ਪਾਕਿਸਤਾਨ ਦੀ 'ਫ਼ੈਸਲਾਬਾਦ ਐਗਰੀਕਲਚਰਲ ਯੂਨੀਵਰਸਿਟੀ' ਵਿੱਚ ਜਾ ਕੇ ਉਥੋਂ ਦੀ ਲਾਇਬਰੇਰੀ ਵਿੱਚ ਜਾਣਾ ਅਤੇ ਉਸ ਦੇ ਨਾਲ ਸੰਬੰਧਿਤ ਗੱਲਬਾਤ ਕਰਨੀ ਸੁਭਾਵਿਕ ਹੀ ਹੈ।

ਇਹ ਅਕਸਰ ਹੀ ਹੁੰਦਾ ਹੈ ਕਿ ਜਦੋਂ ਅਸੀਂ ਆਪਣਾ ਵਤਨ ਛੱਡ ਕੇ ਕਿਸੇ ਹੋਰ ਦੇਸ਼ ਵਿੱਚ ਫਿਰ ਰਹੇ ਹੁੰਦੇ ਹਾਂ, ਤਾਂ ਉੱਥੋਂ ਦੇ ਮਾਹੌਲ ਨੂੰ, ਪ੍ਰਬੰਧ ਨੂੰ, ਵਿਅਕਤੀਆਂ ਦੇ ਵਤੀਰੇ ਨੂੰ ਆਪਣੇ ਦੇਸ਼ ਨਾਲ ਤੁਲਨਾ ਕਰਕੇ ਦੇਖਦੇ ਹਾਂ। ਅਸੀਂ ਉਸ ਦੇਸ਼ ਦੀ ਉਸ ਚੰਗੀ ਵਸਤੂ, ਵਿਅੱਕਤੀ ਜਾਂ ਪ੍ਰਬੰਧ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦੇ, ਜਿਹੜੀ ਸਾਡੇ ਦੇਸ਼ ਵਿੱਚ ਕਿਸੇ ਕਾਰਨ ਕਰਕੇ ਚੰਗੀ ਨਹੀਂ। ਇਸ ਪਰਖ ਵਿੱਚ ਵੀ ਅਜਿਹੀਆਂ ਕਈ ਗੱਲਾਂ ਦਾ ਜ਼ਿਕਰ ਇਸ ਸਫ਼ਰਨਾਮੇ ਵਿੱਚ ਬਾਖ਼ੂਬੀ ਕੀਤਾ ਗਿਆ ਹੈ। ਉਦਾਹਰਣ ਵਜੋਂ, 'ਸਰ ਗੰਗਾ ਰਾਮ ਹਸਪਤਾਲ' ਦੇ ਨਾਮ 'ਤੇ ਚਰਚਾ ਕਰਦਿਆਂ ਉਹ ਭਾਰਤ ਵਿੱਚ ਕਈ ਥਾਵਾਂ ਦੇ ਨਾਵਾਂ ਦੇ ਭਾਰਤੀਕਰਣ ਕੀਤੇ ਜਾਣ ਦੀ ਆਲੋਚਨਾ ਕਰਦਾ ਹੈ। ਉਹ ਪਾਕਿਸਤਾਨੀਆਂ ਦੀ ਮੇਜ਼ਬਾਨੀ, ਪਿਆਰ ਤੇ ਸਤਿਕਾਰ ਅਤੇ ਭਾਰਤੀਆਂ ਨੂੰ ਖੁੱਲ੍ਹੇ ਦਿਲ ਨਾਲ ਸਵਾਗਤ ਕਰਨ ਦੀ ਖ਼ਾਸ ਪ੍ਰਸੰਸਾ ਕਰਦਾ ਹੈ। ਉਹ ਇੱਛਾ ਕਰਦਾ ਹੈ ਕਿ ਕਦੇ ਇਹ ਸਰਹੱਦ ਦੀਆਂ ਦੀਵਾਰਾਂ ਟੁੱਟ ਜਾਣ ਅਤੇ ਦੋਹਾਂ ਦੇਸ਼ਾਂ ਦੇ ਵਿਲਕਦੇ ਦਿਲ ਇੱਕ ਦੂਜੇ ਵਿੱਚ ਜਜ਼ਬ ਹੋ ਜਾਣ, ਜੇਕਰ ਇਨ੍ਹਾਂ ਦੀਆਂ ਸਰਕਾਰਾਂ ਆਪਣੀ ਦੂਈ-ਦਵੈਤ ਦੀ ਭਾਵਨਾ ਅਤੇ ਨਫ਼ਰਤ ਦੂਰ ਕਰਕੇ ਵਿਸ਼ਾਲ-ਦਿਲੀ ਦਾ ਪ੍ਰਮਾਣ ਦੇਣ। ਸੁਖਦੇਵ ਸਿੰਘ ਝੰਡ ਪੂਰੀ ਤਰਾਂ ਸੁਚੇਤ ਹੈ ਕਿ ਉਹ ਇੱਕ ਸਫ਼ਰਨਾਮਾ ਲਿਖ ਰਿਹਾ ਹੈ। ਉਹ ਸਫ਼ਰਨਾਮਾ ਸਾਹਿਤ ਦੀਆਂ ਖ਼ੂਬੀਆਂ ਤੋਂ ਚੰਗੀ ਤਰਾਂ ਜਾਣੂ ਵੀ ਹੈ। ਬਲਰਾਜ ਸਾਹਨੀ ਦੇ ਰੂਸੀ ਅਤੇ ਪਾਕਿਸਤਾਨੀ ਸਫ਼ਰਨਾਮਿਆਂ ਦਾ ਉਸਨੇ ਚੰਗੀ ਤਰ੍ਹਾਂ ਅਧਿਐਨ ਕੀਤਾ ਹੈ। ਇਸੇ ਲਈ ਉਹ ਦੋ-ਤਿੰਨ ਥਾਂ ਤੇ ਇਨ੍ਹਾਂ ਸਫ਼ਰਨਾਮਿਆਂ ਵਿਚੋਂ ਹਵਾਲੇ ਵੀ ਦਿੰਦਾ ਹੈ ਅਤੇ ਉਨ੍ਹਾਂ ਦੀ ਪ੍ਰਸ਼ੰਸਾ ਵੀ ਕਰਦਾ ਹੈ।

ਉਹ ਲੇਖਕ ਹੀ ਕਾਹਦਾ ਜੋ ਵਿਦੇਸ਼ ਜਾ ਕੇ ਲੇਖਕਾਂ ਨੂੰ ਨਾ ਮਿਲੇ? ਪਾਕਿਸਤਾਨ ਵਿੱਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਸਾਡੇ ਭਾਰਤੀ ਪੰਜਾਬੀ ਬੋਲਣ ਵਾਲਿਆਂ ਨਾਲੋਂ ਕਿਤੇ ਜ਼ਿਆਦਾ ਹੈ। ਲਹਿੰਦੇ ਪੰਜਾਬ ਦੇ ਪ੍ਰਸਿੱਧ ਪੰਜਾਬੀ ਲੇਖਕਾਂ ਜਿਵੇਂ ਬਾਬਾ ਨਜਮੀ, ਏਹਸਾਨ ਬਾਜਵਾ, ਅਫ਼ਜ਼ਲ ਸਾਹਿਰ, ਅਬਦੁਲ ਮਜੀਦ ਰਾਣਾ, ਆਸਿਫ਼ ਸੁਹੇਲ, ਸ਼ਾਕਿਰ ਅਲੀ, ਆਦਿ ਨਾਲ ਮੁਲਾਕਾਤਾਂ ਅਤੇ ਪੰਜਾਬੀ ਮੁਸ਼ਾਇਰਿਆਂ ਦਾ ਵੀ ਬਾਖ਼ੂਬੀ ਵਰਣਨ ਹੈ। ਦੋ ਟੀ.ਵੀ. ਐਂਕਰ ਅਹਿਮਦ ਰਜ਼ਾ ਉਧਰੋਂ ਅਤੇ ਗੁਰਚਰਨ ਕੌਰ ਬਿੰਦ (ਲੇਖਕ ਦੀ ਭੈਣ) ਇੱਧਰੋਂ ਹਰ ਖ਼ੂਬਸੂਰਤ ਮਿਲਣੀ ਨੂੰ ਆਪੋ-ਆਪਣੇ ਚੈਨਲਾਂ ਕ੍ਰਮਵਾਰ 'ਪੰਜਾਬੀ ਪ੍ਰਚਾਰ ਟੀ.ਵੀ.' ਅਤੇ 'ਪੰਜਾਬੀ ਨੈਸ਼ਨਲ ਟੀ.ਵੀ.' ਲਈ ਰਿਕਾਰਡ ਵੀ ਕਰਦੇ ਜਾਂਦੇ ਹਨ ਅਤੇ ਮਹੱਤਵਪੂਰਨ ਸ਼ਖ਼ਸੀਅਤਾਂ ਦੀ ਇੰਟਰਵਿਊ ਵੀ ਲੈਂਦੇ ਜਾਂਦੇ ਹਨ। ਇਸ ਨਾਲ ਪਾਠਕ ਸਿਰਫ਼ ਥਾਵਾਂ ਅਤੇ ਇਮਾਰਤਾਂ ਦੀ ਹੀ ਸੈਰ ਨਹੀਂ ਕਰਦਾ, ਸਗੋਂ ਦੋਹਾਂ ਦੇਸ਼ਾਂ ਦੇ ਪ੍ਰਸਿੱਧ ਲੇਖਕਾਂ, ਪੰਜਾਬੀ-ਪਿਆਰਿਆਂ, ਵਿਦਵਾਨਾਂ, ਸਮਾਜ-ਸੇਵਕਾਂ ਦੇ ਖ਼ੂਬਸੂਰਤ ਵਿਚਾਰਾਂ ਤੋਂ ਵੀ ਵਾਕਿਫ਼ ਹੁੰਦਾ ਹੈ। ਪੁਸਤਕ ਵਿਚੋਂ ਕੁਝ ਝਲਕੀਆਂ ਦੇਣੀਆਂ ਚਾਹਾਂਗਾ ਜਿਸ ਨਾਲ ਪਾਠਕਾਂ ਨੂੰ ਇਸ ਵਿਚਲੇ ਗਿਆਨ, ਭਾਸ਼ਾ, ਪੇਸ਼ਕਾਰੀ ਦਾ ਢੰਗ ਦੇਖ ਕੇ ਹੋਰ ਵਧੇਰੇ ਦਿਲਚਸਪੀ ਜਾਗੇਗੀ ....

* ਉਨ੍ਹਾਂ ਵਿਚੋਂ ਕਈ ਇਸ ਗੱਲੋਂ ਵੀ ਹੈਰਾਨ ਸਨ ਕਿ ਇਹ 'ਸਰਦਾਰ' ਵੀ ਬਾਬਾ ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਗਾ ਰਿਹਾ ਹੈ। ਉਨ੍ਹਾਂ ਨੂੰ ਸ਼ਾਇਦ ਇਹ ਨਹੀਂ ਸੀ ਪਤਾ ਕਿ ਸ਼ਾਇਰ ਤਾਂ ਸਾਰਿਆਂ ਦੇ'ਸਾਂਝੇ' ਹੁੰਦੇ ਹਨ ਤੇ ਉਹ ਹਿੰਦੂ, ਸਿੱਖ ਜਾਂ ਮੁਸਲਮਾਨ ਨਹੀਂ ਹੁੰਦੇ। (ਪੰਨਾ 36)

* 'ਬੇਸ਼ੱਕ ਇਹ ਉਹ 'ਦੋ ਘੋੜਾ ਬੋਸਕੀਫ਼' ਤਾਂ ਨਹੀਂ ਏ ਜਿਹੜੀ ਮੈਂ ਤੁਹਾਡੇ ਲਈ ਲਿਆਉਣੀ ਚਾਹੁੰਦਾ ਸਾਂ, ਪਰ ਉਸਦੇ ਨੇੜੇ-ਤੇੜੇ 'ਡੇਢ-ਪੌਣੇ ਦੋ ਘੋੜਾ' ਜ਼ਰੂਰ ਹੋਵੇਗੀ। (ਪੰਨਾ 93)

* ਇੱਕ ਮੂਰਤੀ ਵਿੱਚ ਮਹਾਤਮਾ ਬੁੱਧ ਦੀ ਧੁੰਨੀ ਵਿੱਚ ਛੋਟੀ ਜਿਹੀ ਮੋਰੀ ਬਣੀ ਹੋਈ ਸੀ। ਸਾਡੀ ਗਾਈਡ ਸਈਅਦ ਗੁੱਲ ਨੇ ਦੱਸਿਆ ਕਿ ਇਸ ਮੋਰੀ ਵਿੱਚ ਆਪਣੇ ਸੱਜੇ ਹੱਥ ਦੀ ਪਹਿਲੀ ਉਂਗਲ ਪਾ ਕੇ ਕੋਈ ਜੋ ਵੀ ਮੰਗਦਾ ਹੈ, ਉਸਦੀ ਉਹ ਇੱਛਾ ਪੂਰੀ ਹੋ ਜਾਂਦੀ ਹੈ। (ਪੰਨਾ 143)

* ਜਰਮਨ ਦੀ ਇਤਿਹਾਸਕ 'ਬਰਲਿਨ ਦੀ ਦੀਵਾਰ' ਵਾਂਗ ਇਨ੍ਹਾਂ ਦੋਹਾਂ ਦੇਸ਼ਾਂ ਨੂੰ ਆਪਸੀ ਨਫ਼ਰਤ ਦੀ ਦੀਵਾਰ ਢਾਹ ਕੇ ਆਪਣੇ ਦੇਸ਼- ਵਾਸੀਆਂ ਨੂੰ ਦੂਸਰੇ ਦੇਸ਼ ਜਾ ਕੇ ਉੱਥੋਂ ਦੇ ਲੋਕਾਂ ਨੂੰ ਮਿਲਣ ਦੀ ਆਗਿਆ ਦੇਣੀ ਚਾਹੀਦੀ ਹੈ। (ਪੰਨਾ 162)

ਸੰਖੇਪ ਵਿੱਚ ਆਖੀਏ ਤਾਂ ਲੇਖਕ ਨੇ 200 ਤੋਂ ਵੀ ਘੱਟ ਪੰਨਿਆਂ ਵਿੱਚ ਇੱਕ ਦੇਸ਼ ਦੇ ਸਭਿਆਚਾਰ, ਲੋਕਾਂ ਦੇ ਵਿਵਹਾਰ, ਉੱਥੋਂ ਦੇ ਧਾਰਮਿਕ, ਇਤਿਹਾਸਕ ਅਤੇ ਸਭਿਆਚਾਰਕ ਥਾਵਾਂ, ਉੱਥੋਂ ਦੇ ਨਵੇਂ ਪੁਰਾਣੇ ਸ਼ਹਿਰਾਂ ਦੇ ਖ਼ੂਬਸੂਰਤ ਦਰਸ਼ਨ ਕਰਵਾ ਦਿੱਤੇ ਹਨ।ਪੁਸਤਕ ਨੂੰ ਪੜ੍ਹਨ ਉਪਰੰਤ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਪੜ੍ਹਨ ਵਾਲਾ ਉਨ੍ਹਾਂ ਥਾਵਾਂ 'ਤੇ ਜਾਣ ਦੀ ਤਾਂਘ ਨੂੰ ਹੋਰ ਤੇਜ਼ ਹੋਈ ਮਹਿਸੂਸ ਕਰੇਗਾ ਅਤੇ ਉਨ੍ਹਾਂ ਜ਼ਿੰਦਾਦਿਲ ਅਤੇ ਪਿਆਰੇ ਇਨਸਾਨਾਂ ਨੂੰ ਮਿਲਣਾ ਚਾਹੇਗਾ, ਜਿਨ੍ਹਾਂ ਦਾ ਜ਼ਿਕਰ ਇਸ ਪੁਸਤਕ ਵਿੱਚ ਕੀਤਾ ਗਿਆ ਹੈ। ਪੁਸਤਕ ਦੀ ਖ਼ੂਬਸੂਰਤ ਗੈਟ-ਅੱਪ ਅਤੇ ਇਸ ਵਿੱਚ 32 ਪੰਨਿਆਂ ਵਿੱਚ ਛਪੀਆਂ ਵੱਖ-ਵੱਖ ਥਾਵਾਂ ਅਤੇ ਵਿਅੱਕਤੀਆਂ ਦੀਆਂ ਰੰਗਦਾਰ ਤਸਵੀਰਾਂ ਇਸਨੂੰ ਚਾਰ ਚੰਨ ਲਗਾਉਂਦੀਆਂ ਹਨ। ਮੈਂ ਵੀਰ ਸੁਖਦੇਵ ਸਿੰਘ ਝੰਡ ਨੂੰ ਪੁਰਖ਼ਿਆਂ ਦੇ ਦੇਸ਼ ਨਾਲ ਸਾਡੀ ਸਾਰਿਆਂ ਦੀ ਖ਼ੂਬਸੂਰਤ ਅੰਦਾਜ਼ ਵਿੱਚ ਜਾਣ-ਪਹਿਚਾਣ ਕਰਵਾਉਣ ਲਈ ਮੁਬਾਰਕਬਾਦ ਦਿੰਦਾ ਹਾਂ ਅਤੇ ਉਸ ਦਾ ਧੰਨਵਾਦੀ ਵੀ ਹਾਂ, ਪੰਜਾਬੀ ਸਾਹਿਤ ਵਿੱਚ ਇੱਕ ਨਵੀਂ ਪੈੜ ਪਾਉਣ ਲਈ। ਇਸ ਦੇ ਨਾਲ ਹੀ ਸਮੂਹ ਪਾਠਕਾਂ ਨੂੰ ਇਹ ਪੁਸਤਕ ਪੜ੍ਹਨ ਦੀ ਸਿਫਾਰਿਸ਼ ਕਰਦਾ ਹਾਂ।

# ਭੈਣ ਜਦੋਂ ਵੀ ਮੁਲਾਕਾਤ 'ਤੇ ਆਉਂਦੀ...

ਭੈਣ ਜਦੋਂ ਵੀ ਮੁਲਾਕਾਤ 'ਤੇ ਆਉਂਦੀ ਤਾਂ ਉਸਦੀਆਂ ਅੱਖੀਆਂ ਸੁੱਜੀਆਂ ਹੁੰਦੀਆਂ..
ਇੰਝ ਲੱਗਦਾ ਹੁਣੇ ਹੁਣੇ ਹੀ ਰੋ ਕੇ ਆਈ ਹੋਵੇ..ਝੂਠਾ ਹਾਸਾ ਹੱਸਣ ਦੀ ਕੋਸ਼ਿਸ਼ ਵੀ ਕਰ ਵੇਖਦੀ ਪਰ ਗੱਲ ਨਾ ਬਣਦੀ..!



ਪਰਾਂ ਵਾਹਵਾ ਹਟਵਾਂ ਖਲੋ ਹਮੇਸ਼ਾਂ ਫੋਨ ਤੇ ਗੱਲ ਕਰ ਰਿਹਾ ਭਾਜੀ..ਮੈਨੂੰ ਸਾਰੀ ਕਹਾਣੀ ਸਮਝ ਪੈ ਜਾਂਦੀ!

ਇੱਕ ਵਾਰ ਭੈਣ ਦੇ ਮੂਹੋਂ ਹੌਲੀ ਜਿਹੀ ਨਿੱਕਲਿਆਂ ਵੀ ਸੀ ਕੇ ਤੇਰਾ ਭਾਜੀ ਹੁਣ ਓਸੇ ਪਾਰਟੀ ਦਾ ਜਿਲੇ ਪੱਧਰ ਦਾ ਅਹੁਦੇਦਾਰ ਏ ਜਿਸ ਪਾਰਟੀ ਨੇ ਕਦੀ ਦਰਬਾਰ ਸਾਬ ਤੇ ਫੌਜਾਂ ਚਾਹੜੀਆਂ ਸਨ!

ਮੈਨੂੰ ਜੇਲ ਵਿਚ ਕਈ ਵਾਰ ਰਾਤੀ ਸੁੱਤਿਆਂ ਪਿਆ ਮੰਜੀ ਸਾਬ ਭਾਸ਼ਣ ਦਿੰਦੇ ਸੰਤ ਜੀ ਦੇ ਦਰਸ਼ਨ ਹੋ ਜਾਂਦੇ..ਮੁੜ ਕਿੰਨੇ ਕਿੰਨੇ ਦਿਨ ਕੰਨਾਂ ਵਿਚ ਓਹੀ ਬੋਲ ਗੂੰਜਦੇ ਰਹਿੰਦੇ.."ਸਿੰਘੋ ਜੇ ਇਸ ਰਾਹ ਤੇ ਤੁਰਨਾ ਏ ਤਾਂ ਘਰ ਬਾਰ ਦਾ ਮੋਹ ਤਿਆਗ ਕੇ ਮਲੰਗ ਹੋਣਾ ਪੈਣਾ..ਇਥੇ ਤਸ਼ੱਦਤ ਏ ਜੇਲਾਂ ਨੇ ਫਾਂਸੀ ਏ ਤੇ ਜਾ ਫੇਰ ਸ਼ਹੀਦੀ..ਜੇ ਮਨ ਨਹੀਂ ਮੰਨਦਾ ਤੇ ਅਜੇ ਵੀ ਪਿਛਾਂਹ ਪਰਤ ਜਾਵੋ..ਮੁੜ ਨਾ ਆਖਿਓਂ..ਸਾਧ ਨੇ ਮਰਵਾ ਦਿੱਤਾ"

ਫੇਰ ਇੱਕ ਦਿਨ ਸੰਤਰੀ ਭੱਜਾ ਭੱਜਾ ਆਇਆ..ਆਖਣ ਲੱਗਾ ਮੂੰਹ ਮਿੱਠਾ ਕਰਵਾ..ਪੱਕੀ ਰਿਹਾਈ ਦੇ ਕਾਗਤ ਆ ਗਏ..ਮੈਨੂੰ ਸਗੋਂ ਉਲਟਾ ਫਿਕਰ ਪੈ ਗਿਆ..ਬਾਹਰ ਨਿਕਲ ਜਾਣਾ ਕਿਥੇ ਹੈ..ਸੰਤਰੀ ਮੇਰਾ ਯਾਰ ਸੀ..ਪਰਚੀ ਤੇ ਇੱਕ ਨਾਮ ਲਿਖ ਦਿੱਤਾ ਤੇ ਆਖਿਆ ਇਸ ਬੰਦੇ ਦਾ ਪਤਾ ਕਰਵਾ ਦੇ..ਕਿਸੇ ਵੇਲੇ ਇੱਕਠਿਆਂ ਜਿਉਣ ਮਰਨ ਦੀਆਂ ਸਹੁੰਆਂ ਖਾਦੀਆਂ ਸਨ..ਕਿੰਨੀਆਂ ਰਾਤਾਂ ਇੱਕਠਿਆਂ ਕਮਾਦਾਂ ਕੱਸੀਆਂ ਅੰਦਰ ਲੰਘਾਈਆਂ..ਉਸ ਦਿਨ ਵੀ ਮੈਂ ਆਪ ਖੁਦ ਮੋਰਚਾ ਸੰਭਾਲੀ ਰਖਿਆ..ਇਸਨੂੰ ਭਜਾ ਦਿੱਤਾ..ਅਖ਼ੇ ਮੈਂ ਤੇ ਕੱਲਾ ਕਾਰਾ..ਤੂੰ ਪਰਿਵਾਰ ਵਾਲਾ!

ਅਗਲੇ ਦਿਨ ਵਾਪਸ ਪਰਤ ਆਇਆ..ਦੱਸਣ ਲੱਗਾ ਉਹ ਤੇ ਬੜੀ ਵੱਡੀ ਚੀਜ ਬਣ ਗਿਆ..ਵੱਡਿਆਂ ਲੋਕਾਂ ਨਾਲ ਉੱਠਣ ਬੈਠਣ..ਲੰਮਾ ਚੌੜਾ ਸਿਲਸਿਲਾ..ਪੈਟਰੋਲ ਪੰਪ,ਏਜੰਸੀਆਂ ਭੱਠੇ ਤੇ ਹੋਰ ਵੀ ਕਿੰਨਾ ਕੁਝ..ਤੇਰੇ ਪਿੰਡ ਵਾਲੇ ਰੂਟ ਤੇ ਚੱਲਦੀਆਂ ਸਾਰੀਆਂ ਬੱਸਾਂ ਵੀ ਓਸੇ ਦੀਆਂ ਹੀ ਨੇ..ਤੇਰੇ ਵਲੋਂ ਘੱਲਿਆ ਰੁੱਕਾ ਵੇਖ ਸਾਫ ਸਾਫ ਆਖ ਦਿੱਤਾ..ਹੁਣ ਹਾਲਾਤ ਉਹ ਨਹੀਂ ਰਹੇ..ਮੈਨੂੰ ਨਾ ਮਿਲੇ ਤੇ ਨਾ ਹੀ ਫੋਨ ਕਰੇ..ਏਜੰਸੀਆਂ ਬੜਾ ਤੰਗ ਕਰਦੀਆਂ..!

ਫੇਰ ਜਿਸ ਦਿਨ ਮੇਰੀ ਰਿਹਾਈ ਹੋਈ..ਕਿਸੇ ਨੂੰ ਵੀ ਸੁਨੇਹਾ ਨਾ ਘੱਲਿਆ..ਭੈਣ ਨੂੰ ਵੀ ਨਹੀਂ..ਕੱਪੜਿਆਂ ਅਤੇ ਨਿੱਕ ਸੁੱਕ ਦੀ ਗਠੜੀ ਸਿਰ ਤੇ ਚੁੱਕੀ ਤੁਰੇ ਜਾਂਦੇ ਨੂੰ ਲੇਖੇ ਲੱਗ ਗਏ ਯਾਰ ਦੋਸਤ ਬੜੇ ਚੇਤੇ ਆਏ..ਅਕਸਰ ਆਖਿਆ ਕਰਦੇ ਸਨ ਵੇਖੀਂ ਜਿਸ ਦਿਨ ਮੰਜਿਲ ਸਰ ਹੋਈ ਕੌਮ ਕਿੱਦਾਂ ਸਿਰਾਂ ਤੇ ਚੁੱਕੀ ਫਿਰੂ..!

ਅਚਾਨਕ ਕੋਲੋਂ ਲੰਘਦੀ ਇੱਕ ਨਵੀਂ ਨਕੋਰ ਬੱਸ ਨੇ ਮੇਰੀ ਸੋਚਾਂ ਦੀ ਲੜੀ ਤੋੜ ਦਿੱਤੀ..ਸ਼ਾਇਦ ਓਸੇ ਮਿੱਤਰ ਪਿਆਰੇ ਦੀ ਹੀ ਸੀ..ਇੱਕ ਟਾਇਰ ਚਿੱਕੜ ਵਿਚ ਐਸਾ ਪਿਆ ਅਤੇ ਮੇਰਾ ਸਾਰਾ ਵਜੂਦ ਮਿੱਟੀਓਂ ਮਿੱਟੀ ਹੋ ਗਿਆ..!

ਪਾਣੀ ਦੀ ਟੂਟੀ ਲੱਭਦਾ ਹੋਇਆ ਕੋਲ ਢਾਬੇ ਤੇ ਅੱਪੜ ਗਿਆ..ਬਾਹਰ ਭੁੱਝੇ ਛੋਲਿਆਂ ਦੀ ਰੇਹੜੀ ਤੇ ਖਲੋਤਾ ਇੱਕ ਸਿੰਘ ਤੇ ਕੋਲ ਵੱਜਦਾ ਇਹ ਗੀਤ.."ਮੁੱਠ ਕੂ ਛੋਲੇ ਚੱਬ ਕੇ ਉੱਡਦੇ ਫਿਰਨ ਸਰੀਰ..ਸੰਤਾਂ ਕੋਲੇ ਪਹੁੰਚ ਕੇ ਪੂਰੇ ਹੋ ਗਏ ਤੀਰ"!

ਬੋਝਾ ਫਰੋਲਿਆ..ਕੋਲ ਸਿਰਫ ਪੰਜਾਹ ਰੁਪਈਏ..ਕੋਲੋਂ ਲੰਘਦੀ ਗੰਨਿਆਂ ਦੀ ਟਰਾਲੀ ਵਾਲਿਆਂ ਨੂੰ ਮਿੰਨਤ ਕੀਤੀ ਤੇ ਚੜ ਗਿਆ..ਏਨੇ ਸਾਲਾਂ ਬਾਅਦ ਕਿੰਨਾ ਕੁਝ ਬਦਲ ਗਿਆ ਸੀ..!

ਭੈਣ ਘਰੇ ਅੱਪੜ ਕਿੰਨੀ ਦੇਰ ਬਾਹਰ ਰੁੱਖਾਂ ਦੇ ਝੁੰਡ ਹੇਠ ਖਲੋਤਾ ਸੋਚੀ ਪਿਆ ਰਿਹਾ..ਅੰਦਰ ਜਾਵਾਂ ਕੇ ਨਾ..ਸ਼ਸ਼ੋਪੰਜ..ਉਸਦਾ ਸੁਖੀ ਵੱਸਦਾ ਪਰਿਵਾਰ..ਅਖੀਰ ਝੱਕਦੇ ਝਕਦੇ ਨੇ ਜਾ ਕੁੰਡਾ ਖੜਕਾ ਹੀ ਦਿੱਤਾ..!

ਨਿੱਕੀ ਕੁੜੀ ਬਾਹਰ ਨੂੰ ਭੱਜੀ ਆਈ..ਪਿੱਛੋਂ ਮਾਂ ਨੇ ਪੁੱਛਿਆ ਕੌਣ ਏ?

ਮੇਰੇ ਵੱਲ ਵੇਖ ਡਰ ਕੇ ਪਿਛਾਂਹ ਨੂੰ ਪਰਤ ਗਈ ਤੇ ਆਖਣ ਲੱਗੀ ਮੰਮੀ ਪਤਾ ਨਹੀਂ ਕੋਈ ਮਲੰਗ ਜਿਹਾ ਮੰਗਣ ਵਾਲਾ ਲੱਗਦਾ ਏ..!
ਭੈਣ ਦੀ ਨਜਰ ਪਈ ਤਾਂ ਦੂਰੋਂ ਨੱਸੀ ਆਈ..ਆਖਣ ਲੱਗੀ ਕਮਲੀਏ ਮਲੰਗ ਨਹੀਂ ਮਾਮਾ ਏ ਤੇਰਾ..!

ਫੇਰ ਮੇਰੇ ਗੱਲ ਲੱਗ ਰੋਣ ਨਿੱਕਲ ਗਿਆ..

ਮੈਂ ਨਿੱਕੀ ਨੂੰ ਕੁੱਛੜ ਚੁੱਕ ਪੰਜਾਹਾਂ ਦਾ ਕੱਲਾ ਨੋਟ ਉਸਦੇ ਬੋਝੇ ਵਿਚ ਪਾ ਦਿੱਤਾ ਤੇ ਭੈਣ ਨੂੰ ਆਖਿਆ ਸ਼ਦੈਣੇ ਘਬਰਾ ਨਾ ਇਥੇ ਰਹਿਣ ਨਹੀਂ ਸਿਰਫ ਮਿਲਣ ਹੀ ਆਇਆ ਹਾਂ!

ਮੈਨੂੰ ਆਖਦੀ ਰਹੀ ਵੀਰਾ ਰਾਤ ਰਹਿ ਕੇ ਜਾਵੀਂ ਪਰ ਮੈਂ ਇਹ ਸੋਚ ਅੰਮ੍ਰਿਤਸਰ ਜਾਂਦੀ ਆਖਰੀ ਬੱਸ ਦੀ ਛੱਤ ਤੇ ਸਵਾਰ ਹੋ ਗਿਆ ਕੇ ਹੁਣ ਮੈਨੂੰ ਬਿਨ-ਟਿਕਟੇ ਨੂੰ ਹੇਠਾਂ ਲਹੁਣੋਂ ਤੇ ਰਹੇ..ਆਖਿਰ ਏਨੇ ਸਾਲ ਕੌਮ ਲਈ ਸੰਘਰਸ਼ ਲੜਿਆ ਏ..!



ਹਰਪ੍ਰੀਤ ਸਿੰਘ ਜਵੰਦਾ






# ਨਵੇਂ ਵਿਵਾਦ 'ਚ ਘਿਰੇ ਪੰਜਾਬੀ ਗਾਇਕ ਬੱਬੂ ਮਾਨ!

## ਚੱਲਦੇ ਪ੍ਰੋਗਰਾਮ ਵਿਚ ਪੈ ਗਿਆ ਪੰਗਾ



ਪ੍ਰਸਿੱਧ ਪੰਜਾਬੀ ਗਾਇਕ ਬੱਬੂ ਮਾਨ ਮੁੜ ਇੱਕ ਵਿਵਾਦ ਵਿੱਚ ਫਸ ਗਏ ਹਨ। ਹਿਮਾਚਲ ਪ੍ਰਦੇਸ਼ ਦੇ ਊਨਾ ਜ਼ਿਲ੍ਹੇ ਵਿੱਚ ਹੋਏ ਇੱਕ ਧਾਰਮਿਕ ਸਮਾਗਮ ਦੌਰਾਨ ਸ਼ਰਾਬ ਨੂੰ ਪ੍ਰਮੋਟ ਕਰਨ ਵਾਲੇ ਗੀਤ ਗਾਉਣ ਦੇ ਇਲਜ਼ਾਮਾਂ ਤਹਿਤ ਉਨ੍ਹਾਂ ਖਿਲਾਫ਼ ਲੁਧਿਆਣਾ ਵਿੱਚ ਰਸਮੀ ਸ਼ਿਕਾਇਤ ਦਰਜ ਕਰਵਾਈ ਗਈ ਹੈ।

**ਵਿਵਾਦ ਕੀ ਹੈ?**

ਇਲਜ਼ਾਮਾਂ ਅਨੁਸਾਰ, ਬੱਬੂ ਮਾਨ ਨੇ ਹਿਮਾਚਲ ਪ੍ਰਦੇਸ਼ ਦੇ ਊਨਾ ਵਿੱਚ 15 ਅਤੇ 16 ਨਵੰਬਰ ਨੂੰ ਕਰਵਾਏ ਗਏ ਮਾਂ ਚਿੰਤਪੁਰਨੀ ਮਹੋਤਸਵ ਦੌਰਾਨ ਪੇਸ਼ਕਾਰੀ ਦਿੱਤੀ। ਹਿੰਦੂ ਜਥੇਬੰਦੀਆਂ ਨੇ ਇਲਜ਼ਾਮ ਲਾਇਆ ਹੈ ਕਿ ਜਿਸ ਸਥਾਨ 'ਤੇ ਬੱਬੂ ਮਾਨ ਗੀਤ ਗਾ ਰਹੇ ਸਨ, ਉਸ ਪੂਰੇ ਸੈੱਟ ਨੂੰ ਚਿੰਤਪੁਰਨੀ ਦਰਬਾਰ ਦਾ ਸਰੂਪ ਦਿੱਤਾ ਹੋਇਆ ਸੀ। ਇਸ ਸਮਾਗਮ ਦਾ ਨਾਂ ਵੀ ਚਿੰਤਪੁਰਨੀ ਮਹੋਤਸਵ ਸੀ ਅਤੇ ਉਥੇ ਜੋਤ ਵੀ ਜਗ ਰਹੀ ਸੀ। ਇਸ ਧਾਰਮਿਕ ਮਾਹੌਲ ਵਿੱਚ, ਉਨ੍ਹਾਂ ਵੱਲੋਂ ਸ਼ਰਾਬ ਨੂੰ ਪ੍ਰਮੋਟ ਕਰਨ ਵਾਲੇ ਗੀਤ ਗਾਏ ਗਏ। ਸ਼ਿਕਾਇਤਕਰਤਾਵਾਂ ਨੇ ਕਿਹਾ ਕਿ ਜੇਕਰ ਮਹੋਤਸਵ ਦਾ ਨਾਮ ਕੁਝ ਹੋਰ ਹੁੰਦਾ ਤਾਂ ਸ਼ਾਇਦ ਉਨ੍ਹਾਂ ਨੂੰ ਕੋਈ ਦਿੱਕਤ ਨਾ ਹੁੰਦੀ, ਪਰ ਖਾਸ ਤੌਰ 'ਤੇ ਧਾਰਮਿਕ ਸੈੱਟ ਨੂੰ ਸਜਾ ਕੇ ਅਜਿਹੇ ਗੀਤ ਗਾਉਣਾ ਅਪਮਾਨਜਨਕ ਹੈ।

**ਕਿਸ ਨੇ ਕੀਤੀ ਸ਼ਿਕਾਇਤ ਅਤੇ ਕੀ ਹੈ ਮੰਗ?**

ਇਹ ਸ਼ਿਕਾਇਤ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਨੂੰ ਹਿੰਦੂ ਸੰਗਠਨਾਂ ਅਤੇ ਜਥੇਬੰਦੀਆਂ ਵੱਲੋਂ ਦਿੱਤੀ ਗਈ ਹੈ। ਖਾਸ ਤੌਰ 'ਤੇ, ਸ਼ਿਕਾਇਤ ਜੈ ਮਾਂ ਲੰਗਰ ਸੇਵਾ ਸਮਿਤੀ ਅਤੇ ਡੇਰਾ ਮੱਸਾ ਭਾਈ ਪੜੈਨ ਵੱਲੋਂ ਦਰਜ ਕਰਵਾਈ ਗਈ ਹੈ। ਸ਼ਿਕਾਇਤ ਵਿੱਚ ਬੱਬੂ ਮਾਨ ਸਮੇਤ ਸ਼ੋਅ ਦੇ ਆਯੋਜਕ ਖਿਲਾਫ਼ ਵੀ ਕਾਰਵਾਈ ਦੀ ਮੰਗ ਕੀਤੀ ਗਈ ਹੈ। ਇਸ ਸਮੇਂ ਇਸ ਮਾਮਲੇ ਨੂੰ ਲੈ ਕੇ ਹਿੰਦੂ ਜਥੇਬੰਦੀਆਂ ਵੱਲੋਂ ਰੋਸ ਜਿਹੜਾ ਹੈ ਜਾਹਿਰ ਕੀਤਾ ਜਾ ਰਿਹਾ ਹੈ। ਦੂਜੇ ਪਾਸੇ, ਬੱਬੂ ਮਾਨ ਦੀ ਤਰਫ਼ੋਂ ਇਸ ਮਾਮਲੇ 'ਤੇ ਹੁਣ ਤੱਕ ਕੋਈ ਅਧਿਕਾਰਕ ਪ੍ਰਤੀਕਰਮ ਸਾਹਮਣੇ ਨਹੀਂ ਆਇਆ।

# ਸਾਊਦੀ ਅਰਬ ਬੱਸ ਹਾਦਸੇ 'ਚ 45 ਭਾਰਤੀਆਂ ਦੀ ਮੌਤ ਨਾਲ ਟੁੱਟਿਆ

## ਮੈਗਾਸਟਾਰ ਚਿਰੰਜੀਵੀ ਦਾ ਦਿਲ



ਮੁੰਬਈ : ਸਾਊਦੀ ਅਰਬ ਵਿੱਚ ਮਦੀਨਾ ਦੇ ਨੇੜੇ ਵਾਪਰੇ ਇੱਕ ਭਿਆਨਕ ਬੱਸ ਹਾਦਸੇ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਸ ਦਿਲ ਦਹਿਲਾ ਦੇਣ ਵਾਲੀ ਘਟਨਾ ਵਿੱਚ ਘੱਟੋ-ਘੱਟ 45 ਭਾਰਤੀਆਂ ਦੀ ਮੌਤ ਹੋ ਗਈ ਹੈ। ਜਾਣਕਾਰੀ ਅਨੁਸਾਰ ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਉਮਰਾਹ ਯਾਤਰੀਆਂ ਨਾਲ ਭਰੀ ਇੱਕ ਬੱਸ ਇੱਕ ਡੀਜ਼ਲ ਟੈਂਕਰ ਨਾਲ ਟਕਰਾ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਬੱਸ ਵਿੱਚ ਤੁਰੰਤ ਅੱਗ ਲੱਗ ਗਈ।

**ਚਿਰੰਜੀਵੀ ਨੇ ਮ੍ਰਿਤਕਾਂ ਲਈ ਕੀਤੀ ਪ੍ਰਾਰਥਨਾ**

ਮੈਗਾਸਟਾਰ ਚਿਰੰਜੀਵੀ ਨੇ ਇਸ ਦੁਖਦਾਈ ਬੱਸ ਹਾਦਸੇ 'ਤੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ ਅਤੇ ਕਿਹਾ ਕਿ ਇਸ ਘਟਨਾ ਨਾਲ ਉਨ੍ਹਾਂ ਦਾ ਦਿਲ ਟੁੱਟ ਗਿਆ ਹੈ।

ਉਨ੍ਹਾਂ ਨੇ ਇਸ ਬੱਸ ਹਾਦਸੇ ਵਿੱਚ ਮਾਰੇ ਗਏ ਭਾਰਤੀ ਤੀਰਥ ਯਾਤਰੀਆਂ ਦੇ ਨੁਕਸਾਨ 'ਤੇ ਆਪਣੀਆਂ ਸੰਵੇਦਨਾਵਾਂ ਜ਼ਾਹਰ ਕੀਤੀਆਂ। ਚਿਰੰਜੀਵੀ ਨੇ ਕਿਹਾ, "ਸਾਡੀ ਸਾਰੀ ਹਮਦਰਦੀ ਅਤੇ ਸੰਵੇਦਨਾਵਾਂ ਪਰਿਵਾਰਾਂ ਦੇ ਨਾਲ ਹਨ। ਅਸੀਂ ਪ੍ਰਮਾਤਮਾ ਅੱਗੇ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕਰਦੇ ਹਾਂ।"

**ਪ੍ਰਧਾਨ ਮੰਤਰੀ ਮੋਦੀ ਨੇ ਪ੍ਰਗਟਾਇਆ ਦੁੱਖ**

ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਇਸ ਦੁਖਦਾਈ ਘਟਨਾ 'ਤੇ ਡੂੰਘਾ ਦੁੱਖ ਜ਼ਾਹਰ ਕੀਤਾ। ਪ੍ਰਧਾਨ ਮੰਤਰੀ ਨੇ ਆਪਣੇ 'ਐਕਸ' (ਸੋਸ਼ਲ ਮੀਡੀਆ) ਅਕਾਊਂਟ 'ਤੇ ਲਿਖਿਆ, "ਮਦੀਨਾ ਵਿੱਚ ਭਾਰਤੀ ਨਾਗਰਿਕਾਂ ਨਾਲ ਜੁੜੀ ਦੁਰਘਟਨਾ ਤੋਂ ਮੈਨੂੰ ਡੂੰਘਾ ਦੁੱਖ ਹੋਇਆ ਹੈ।" ਉਨ੍ਹਾਂ ਨੇ ਉਨ੍ਹਾਂ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਈ, ਜਿਨ੍ਹਾਂ ਨੇ ਆਪਣੇ ਪਿਆਰਿਆਂ ਨੂੰ ਗੁਆ ਦਿੱਤਾ ਹੈ।

# ਚੰਡੀਗੜ੍ਹ ਦੀ 'ਵਾਇਰਲ ਸਟੂਡੈਂਟ' ਦੇ ਫੈਨ ਹੋਏ

## ਦਿਲਜੀਤ ਦੋਸਾਂਝ

### ਸ਼ੋਅ 'ਚ ਕੀਤੀ ਕੁੜੀ ਦੀ ਤਾਰੀਫ਼!





ਪੰਜਾਬੀ ਗਾਇਕ-ਅਦਾਕਾਰ ਦਿਲਜੀਤ ਦੋਸਾਂਝ ਚੰਡੀਗੜ੍ਹ ਪੁਲੀਸ ਨਾਲ ਭਿੜਨ ਵਾਲੀ ਪੰਜਾਬ ਯੂਨੀਵਰਸਿਟੀ (PU) ਦੀ ਵਾਇਰਲ ਵਿਦਿਆਰਥਣ ਹਰਮਨਪ੍ਰੀਤ ਕੌਰ ਦੇ ਫੈਨ ਹੋ ਗਏ ਹਨ। ਦਿਲਜੀਤ ਨੇ ਆਪਣੇ AURA- ਟੂਰ-2025 ਦੌਰਾਨ ਆਸਟਰੇਲੀਆ ਵਿੱਚ ਇੱਕ ਸ਼ੋਅ ਵਿੱਚ ਹਰਮਨਪ੍ਰੀਤ ਲਈ ਖਾਸ ਤੌਰ 'ਤੇ ਤਾੜੀਆਂ ਵਜਵਾਈਆਂ।

**ਉਨ੍ਹਾਂ ਕਿਹਾ:**

"ਕੁੜੀਆਂ ਦੀ ਗੱਲ ਹੋਣੀ ਚਾਹੀਦੀ ਹੈ.....ਤੁਸੀਂ ਦੇਖੀ ਪੰਜਾਬ ਯੂਨੀਵਰਸਿਟੀ ਵਾਲੀ ਕੁੜੀ ਦੀ ਵੀਡੀਓ, ਬਾਹ ਛੱਡ ਕਹਿੰਦੀ.... ਸਾਡੇ ਸਾਰਿਆਂ ਵੱਲੋਂ ਇਹੀ ਸੰਦੇਸ਼ ਹੈ ਕਿ ਪੰਜਾਬ ਯੂਨੀਵਰਸਿਟੀ ਪੰਜਾਬ ਦੀ ਹੋਣੀ ਚਾਹੀਦੀ ਹੈ, ਜੋ ਚੀਜ਼ ਪੰਜਾਬ ਦੀ ਹੈ, ਪੰਜਾਬ ਨੂੰ ਮਿਲਣੀ ਚਾਹੀਦੀ ਹੈ। ਜਿਨ੍ਹਾਂ ਕੁੜੀਆਂ ਨੇ ਹੌਸਲਾ ਦਿਖਾਇਆ, ਉਨ੍ਹਾਂ ਲਈ ਜ਼ੋਰਦਾਰ ਤਾੜੀਆਂ ਹੋਣੀਆਂ ਚਾਹੀਦੀਆਂ ਹਨ।"

ਦੱਸ ਦਈਏ ਕਿ ਹਰਮਨਪ੍ਰੀਤ ਰੋਪੜ ਦੇ ਆਨੰਦਪੁਰ ਸਾਹਿਬ ਦੇ ਨੂਰਪੁਰ ਬੇਦੀ ਦੀ ਰਹਿਣ ਵਾਲੀ ਹੈ ਅਤੇ ਪੰਜਾਬ ਯੂਨੀਵਰਸਿਟੀ ਵਿੱਚ ਐਂਥਰੋਪੋਲੋਜੀ ਵਿਭਾਗ ਦੀ ਦੂਜੇ ਸਾਲ ਦੀ ਵਿਦਿਆਰਥਣ ਹੈ। ਦਰਅਸਲ PU ਵਿੱਚ ਵਿਦਿਆਰਥੀਆਂ ਦੇ ਪ੍ਰਦਰਸ਼ਨ ਦੌਰਾਨ 10 ਨਵੰਬਰ ਨੂੰ ਹਰਮਨਪ੍ਰੀਤ ਆਪਣੇ ਘਰੋਂ ਆਈ ਸੀ ਅਤੇ ਹੋਸਟਲ ਜਾਣਾ ਚਾਹੁੰਦੀ ਸੀ। ਪ੍ਰਦਰਸ਼ਨ ਕਾਰਨ ਤਾਇਨਾਤ ਚੰਡੀਗੜ੍ਹ ਪੁਲੀਸ ਨੇ ਉਸਨੂੰ ਯੂਨੀਵਰਸਿਟੀ ਦੇ ਗੇਟ 'ਤੇ ਰੋਕ ਲਿਆ। ਜਦੋਂ ਉਹ ਅੰਦਰ ਜਾਣ ਲੱਗੀ ਤਾਂ ਇੱਕ ਮਹਿਲਾ ਪੁਲੀਸ ਮੁਲਾਜ਼ਮ ਨੇ ਉਸਦਾ ਹੱਥ ਫੜ ਲਿਆ। ਇਸ 'ਤੇ ਹਰਮਨਪ੍ਰੀਤ ਪੁਲੀਸ ਨਾਲ ਭਿੜ ਗਈ ਅਤੇ ਗੁੱਸੇ ਵਿੱਚ ਕਿਹਾ ਕਿ 'ਹੱਥ ਛੱਡ, ਜੇ ਕੁਝ ਹੋ ਗਿਆ ਤਾਂ ਫਿਰ ਹਿਸਾਬ ਲੈ ਲਈ।" ਵਿਦਿਆਰਥਣ ਦੀ ਇਹ ਵੀਡੀਓ ਕਾਫ਼ੀ ਵਾਇਰਲ ਹੋ ਗਈ ਸੀ। ਵੀਡੀਓ ਸਾਹਮਣੇ ਆਉਣ ਤੋਂ ਬਾਅਦ ਹਰਮਨਪ੍ਰੀਤ ਨੇ ਕਿਹਾ ਸੀ ਕਿ ID ਦਿਖਾਉਣ ਦੇ ਬਾਵਜੂਦ ਉਸਨੂੰ ਹੋਸਟਲ ਨਹੀਂ ਜਾਣ ਦਿੱਤਾ ਗਿਆ। ਉਸਨੇ ਦੋਸ਼ ਲਾਇਆ ਕਿ 3-4 ਪੁਲੀਸ ਮੁਲਾਜ਼ਮਾਂ ਨੇ ਉਸਨੂੰ ਫੜ ਲਿਆ ਅਤੇ ਜਦੋਂ ਉਹ ਪਿਆਰ ਨਾਲ ਪੇਸ਼ ਆਈ, ਤਾਂ ਵੀ ਉਨ੍ਹਾਂ ਨੇ ਚੰਗੇ ਢੰਗ ਨਾਲ ਗੱਲ ਨਹੀਂ ਕੀਤੀ ਅਤੇ ਹਥੋਪਾਈ ਕੀਤੀ ਸੀ।

# ਚੱਲਦੇ ਸ਼ੋਅ 'ਚ ਪੁਲਸ ਨੇ ਜਸਬੀਰ ਜੱਸੀ ਦਾ ਸਾਊਂਡ ਕੀਤਾ ਬੰਦ,

## ਮਗਰੋਂ ਗਾਇਕ ਨੇ ਬਿਨਾਂ ਮਾਈਕ...



ਉਦੈਪੁਰ : ਪੰਜਾਬੀ ਸੰਗੀਤ ਜਗਤ ਦੇ ਮਸ਼ਹੂਰ ਗਾਇਕ ਜਸਬੀਰ ਸਿੰਘ ਜੱਸੀ ਦੇ ਸ਼ੋਅ ਦੌਰਾਨ ਰਾਜਸਥਾਨ ਦੇ ਉਦੈਪੁਰ ਵਿੱਚ ਇੱਕ ਹੈਰਾਨੀਜਨਕ ਘਟਨਾ ਵਾਪਰੀ। ਜਿਸ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਕਾਫ਼ੀ ਵਾਇਰਲ ਹੋ ਰਿਹਾ ਹੈ। ਪੁਲਸ ਨੇ ਦੇਰ ਰਾਤ ਸ਼ੋਰ-ਸ਼ਰਾਬੇ ਅਤੇ ਸਮਾਂ ਸੀਮਾ ਦਾ ਹਵਾਲਾ ਦਿੰਦੇ ਹੋਏ ਜੱਸੀ ਗਿੱਲ ਦਾ ਸਾਊਂਡ ਸਿਸਟਮ ਬੰਦ ਕਰਵਾ ਦਿੱਤਾ। ਇਸ ਤੋਂ ਬਾਅਦ ਗਾਇਕ ਨੇ ਹਾਰ ਨਹੀਂ ਮੰਨੀ ਅਤੇ ਸਟੇਜ ਛੱਡ ਕੇ ਹੇਠਾਂ ਉੱਤਰ ਆਏ ਅਤੇ ਬਿਨਾਂ ਮਾਈਕ ਦੇ ਆਪਣੀ ਅਸਲੀ ਆਵਾਜ਼ ਵਿੱਚ ਗਾਉਣਾ ਸ਼ੁਰੂ ਕਰ ਦਿੱਤਾ।

**11 ਵਜੇ ਬੰਦ ਹੋਇਆ ਸਾਊਂਡ ਸਿਸਟਮ**

ਇਹ ਘਟਨਾ 15 ਨਵੰਬਰ ਨੂੰ ਉਦੈਪੁਰ ਦੇ ਇੱਕ ਪ੍ਰਮੁੱਖ ਮੈਰਿਜ ਪੈਲੇਸ ਵਿੱਚ ਵਾਪਰੀ, ਜਿੱਥੇ ਇੱਕ ਅਮੀਰ ਵਪਾਰੀ ਪਰਿਵਾਰ ਦੀ ਧੀ ਦਾ ਵਿਆਹ ਸੀ। ਜੱਸੀ ਗਿੱਲ ਇਸ ਸਮਾਗਮ ਲਈ ਵਿਸ਼ੇਸ਼ ਤੌਰ 'ਤੇ ਬੁਲਾਏ ਗਏ ਸਨ ਅਤੇ 'ਗੁੜ ਨਾਲੋਂ ਇਸ਼ਕ ਮਿੱਠਾ' ਅਤੇ 'ਦਿਲ ਲੈ ਗਈ ਕੁੜੀ ਗੁਜਰਾਤ ਦੀ' ਵਰਗੇ ਹਿੱਟ ਗਾਣਿਆਂ 'ਤੇ ਪ੍ਰਫਾਰਮ ਕਰ ਰਹੇ ਸਨ। ਗਾਇਕ ਦੇ ਨਿੱਜੀ ਸਹਾਇਕ (ਪੀਏ) ਨੇ ਪੁਸ਼ਟੀ ਕੀਤੀ ਕਿ ਰਾਤ ਕਰੀਬ 11 ਵਜੇ ਪੁਲਸ ਟੀਮ ਪਹੁੰਚੀ। ਪੁਲਸ ਨੇ ਸ਼ੋਰ-ਸ਼ਰਾਬੇ ਅਤੇ ਸਮਾਂ ਸੀਮਾ ਦਾ ਹਵਾਲਾ ਦੇ ਕੇ ਤੁਰੰਤ ਸਾਊਂਡ ਸਿਸਟਮ ਬੰਦ ਕਰਵਾ ਦਿੱਤਾ।

**ਜੱਸੀ ਨੇ ਬਿਨਾਂ ਮਾਈਕ ਦੇ ਕੀਤੀ ਪੇਸ਼ਕਾਰੀ**

ਸਾਊਂਡ ਬੰਦ ਹੋਣ ਦੇ ਬਾਵਜੂਦ ਜੱਸੀ ਗਿੱਲ ਨੇ ਪ੍ਰਦਰਸ਼ਨ ਜਾਰੀ ਰੱਖਣ ਦਾ ਫੈਸਲਾ ਕੀਤਾ। ਉਹ ਸਟੇਜ ਤੋਂ ਹੇਠਾਂ ਉੱਤਰ ਆਏ ਅਤੇ ਬਿਨਾਂ ਕਿਸੇ ਇਲੈਕਟ੍ਰਾਨਿਕ ਸਪੋਰਟ ਦੇ ਆਪਣੀ ਮਿੱਠੀ ਆਵਾਜ਼ ਵਿੱਚ ਗਾਉਣ ਲੱਗੇ। ਵਾਇਰਲ ਵੀਡੀਓ ਵਿੱਚ ਦਿਖਾਈ ਦੇ ਰਿਹਾ ਹੈ ਕਿ ਲਾੜਾ-ਲਾੜੀ ਵੀ ਜੱਸੀ ਦੇ ਨਾਲ ਥਿਰਕਦੇ ਨਜ਼ਰ ਆਏ, ਜਦੋਂ ਕਿ ਮਹਿਮਾਨ ਤਾੜੀਆਂ ਵਜਾ ਕੇ ਉਨ੍ਹਾਂ ਦਾ ਸਾਥ ਦਿੰਦੇ ਰਹੇ। ਇੱਕ ਮਹਿਮਾਨ ਨੇ ਜੱਸੀ ਦੀ ਤਾਰੀਫ਼ ਕਰਦੇ ਹੋਏ ਕਿਹਾ, "ਜੱਸੀ ਵਰਗੇ ਸਿੰਗਰ ਆਟੋਟਿਊਨ 'ਤੇ ਨਿਰਭਰ ਨਹੀਂ ਹੁੰਦੇ, ਉਨ੍ਹਾਂ ਦੀ ਆਵਾਜ਼ ਵਿੱਚ ਹੀ ਜਾਦੂ ਹੈ"।

**ਇੰਸਟਾਗ੍ਰਾਮ 'ਤੇ ਜੱਸੀ ਦਾ ਪ੍ਰਤੀਕਰਮ**

ਇਸ ਘਟਨਾ ਤੋਂ ਬਾਅਦ ਜੱਸੀ ਗਿੱਲ ਨੇ ਖੁਦ ਇਸ ਦਾ ਜ਼ਿਕਰ ਇੰਸਟਾਗ੍ਰਾਮ 'ਤੇ ਕੀਤਾ ਅਤੇ ਇਸ ਨੂੰ ਸਕਾਰਾਤਮਕ ਤਰੀਕੇ ਨਾਲ ਲਿਆ। ਉਨ੍ਹਾਂ ਨੇ ਲਿਖਿਆ: "ਪੁਲਸ ਸਾਡੀ ਸਾਊਂਡ ਬੰਦ ਕਰਾ ਸਕਦੀ ਆ ਪਰ ਰੌਣਕ ਕਿੱਦਾਂ ਬੰਦ ਕਰਾਏਗੀ"। ਇਸ ਅਨੋਖੀ ਪੇਸ਼ਕਾਰੀ ਤੋਂ ਬਾਅਦ ਜੱਸੀ ਦੀ ਪ੍ਰਸਿੱਧੀ ਹੋਰ ਵਧ ਗਈ ਹੈ। ਉਨ੍ਹਾਂ ਦਾ ਇਹ ਪ੍ਰਦਰਸ਼ਨ ਸੋਸ਼ਲ ਮੀਡੀਆ 'ਤੇ ਲੱਖਾਂ ਵਾਰ ਦੇਖਿਆ ਜਾ ਚੁੱਕਾ ਹੈ ਅਤੇ ਪ੍ਰਸ਼ੰਸਕਾਂ ਨੇ ਟਿੱਪਣੀ ਕੀਤੀ ਹੈ ਕਿ "ਪੰਜਾਬੀ ਕਿਸੇ ਤੋਂ ਘੱਟ ਨਹੀਂ, ਜੱਸੀ ਨੇ ਬਿਨਾਂ ਮਿਊਜ਼ਿਕ ਦੇ ਵੀ ਸ਼ੋਅ 'ਚ ਰੌਣਕਾਂ ਲਗਾ ਦਿੱਤੀਆਂ। ਇਸ ਘਟਨਾ ਨੇ ਉਦੈਪੁਰ ਵਰਗੇ ਸੈਰ-ਸਪਾਟਾ ਵਾਲੇ ਸ਼ਹਿਰਾਂ ਵਿੱਚ ਰਾਤ ਦੇ ਸਮਾਗਮਾਂ 'ਤੇ ਲੱਗੇ ਨਿਯਮਾਂ ਦੀ ਯਾਦ ਦਿਵਾਈ ਹੈ।

# ਪਾਕਿਸਤਾਨੀ ਪੌਪ ਸਿੰਗਰ ਨੇ ਲਾਈਵ ਸ਼ੋਅ 'ਚ ਲਹਿਰਾਇਆ ਭਾਰਤੀ ਤਿਰੰਗਾ,

## ਸੋਸ਼ਲ ਮੀਡੀਆ 'ਤੇ ਛਿੜਿਆ ਵਿਵਾਦ, ਬੋਲੇ-'ਮੈਂ ਫਿਰ...





ਮੁੰਬਈ- ਪਾਕਿਸਤਾਨ ਦੇ ਪ੍ਰਸਿੱਧ ਪੌਪ ਸਿੰਗਰ ਅਤੇ ਉਰਦੂ ਰੈਪ ਦੇ ਸਟਾਰ ਤਲਹਾ ਅੰਜੁਮ ਇੱਕ ਵਾਰ ਫਿਰ ਸੁਰਖੀਆਂ ਵਿੱਚ ਹਨ। ਉਹ ਇਸ ਵਾਰ ਕਿਸੇ ਵਿਵਾਦਤ ਬਿਆਨ ਕਾਰਨ ਨਹੀਂ, ਸਗੋਂ ਭਾਰਤ ਲਈ ਇੱਕ ਵੱਡੇ ਇਸ਼ਾਰੇ ਕਾਰਨ ਚਰਚਾ ਵਿੱਚ ਹਨ। ਹਾਲ ਹੀ ਵਿੱਚ ਨੇਪਾਲ ਦੇ ਕਾਠਮੰਡੂ ਵਿੱਚ ਇੱਕ ਲਾਈਵ ਸ਼ੋਅ ਦੌਰਾਨ ਤਲਹਾ ਅੰਜੁਮ ਨੇ ਭਾਰਤੀ ਰਾਸ਼ਟਰੀ ਝੰਡਾ (ਤਿਰੰਗਾ) ਮੰਚ 'ਤੇ ਲਹਿਰਾਇਆ, ਜਿਸ ਨਾਲ ਸੋਸ਼ਲ ਮੀਡੀਆ 'ਤੇ ਵੱਡੀ ਹਲਚਲ ਮਚ ਗਈ।

**ਫੈਨ ਨੇ ਸਟੇਜ 'ਤੇ ਸੁੱਟਿਆ ਤਿਰੰਗਾ**

ਇਹ ਘਟਨਾ ਉਦੋਂ ਵਾਪਰੀ ਜਦੋਂ ਤਲਹਾ ਅੰਜੁਮ ਇੱਕ ਮਿਊਜ਼ਿਕ ਫੈਸਟੀਵਲ ਵਿੱਚ ਪ੍ਰਦਰਸ਼ਨ ਕਰ ਰਹੇ ਸਨ। ਉਹ ਕਥਿਤ ਤੌਰ 'ਤੇ ਭਾਰਤੀ ਰੈਪਰਾਂ ਨਾਲ ਚੱਲ ਰਹੇ ਆਪਣੇ ਵਿਵਾਦ ਨਾਲ ਸਬੰਧਤ ਇੱਕ ਡਿਸਟਰੈਕ ਗਾਣਾ ਪਰਫਾਰਮ ਕਰ ਰਹੇ ਸਨ। ਇਸੇ ਦੌਰਾਨ ਭੀੜ ਵਿੱਚ ਮੌਜੂਦ ਇੱਕ ਫੈਨ ਨੇ ਉਨ੍ਹਾਂ ਵੱਲ ਭਾਰਤੀ ਤਿਰੰਗਾ ਉਛਾਲਿਆ। ਤਲਹਾ ਨੇ ਝੰਡੇ ਨੂੰ ਫੜਿਆ, ਉਸ ਨੂੰ ਸਨਮਾਨ ਨਾਲ ਹਵਾ ਵਿੱਚ ਲਹਿਰਾਇਆ। ਫਿਰ ਕੁਝ ਪਲ ਬਾਅਦ ਉਨ੍ਹਾਂ ਨੇ ਤਿਰੰਗੇ ਨੂੰ ਆਪਣੇ ਕੰਧਿਆਂ 'ਤੇ ਲਪੇਟ ਲਿਆ ਅਤੇ ਗਾਉਣਾ ਜਾਰੀ ਰੱਖਿਆ। ਇਸ ਪਲ ਨੇ ਦਰਸ਼ਕਾਂ ਦਾ ਬਹੁਤ ਉਤਸ਼ਾਹ ਵਧਾਇਆ।

**ਵਿਵਾਦ 'ਤੇ ਤਲਹਾ ਦਾ ਦੋ-ਟੁੱਕ ਜਵਾਬ**

ਇਹ ਵੀਡੀਓ 'ਐਕਸ' (ਟਵਿੱਟਰ) 'ਤੇ ਵਾਇਰਲ ਹੋਣ ਤੋਂ ਬਾਅਦ ਪ੍ਰਤੀਕਿਰਿਆਵਾਂ ਆਉਣ ਲੱਗੀਆਂ। ਕਈ ਭਾਰਤੀ ਯੂਜ਼ਰਸ ਨੇ ਇਸ ਨੂੰ 'ਸਪੋਰਟਸਮੈਨਸ਼ਿਪ' ਅਤੇ ਕਲਾਕਾਰ ਦੀ ਭਾਵਨਾ ਦੱਸਿਆ, ਜਦੋਂ ਕਿ ਕੁਝ ਪਾਕਿਸਤਾਨੀ ਯੂਜ਼ਰਸ ਨੇ ਇਸ ਨੂੰ "ਬੇਲੋੜਾ ਵਿਵਾਦ" ਕਰਾਰ ਦਿੱਤਾ।

**ਵੱਧਦੇ ਵਿਵਾਦ 'ਤੇ ਤਲਹਾ ਅੰਜੁਮ ਨੇ 'ਐਕਸ' 'ਤੇ ਇੱਕ ਭਾਵੁਕ ਪੋਸਟ ਲਿਖੀ**

ਉਨ੍ਹਾਂ ਕਿਹਾ, "ਮੇਰੇ ਦਿਲ ਵਿੱਚ ਨਫ਼ਰਤ ਲਈ ਕੋਈ ਜਗ੍ਹਾ ਨਹੀਂ ਹੈ। ਮੇਰੀ ਕਲਾ ਸੀਮਾਵਾਂ ਵਿੱਚ ਬੱਝੀ ਨਹੀਂ ਹੈ।" ਤਲਹਾ ਨੇ ਦੋ-ਟੁੱਕ ਜਵਾਬ ਦਿੰਦਿਆਂ ਕਿਹਾ, "ਜੇ ਭਾਰਤ ਦਾ ਝੰਡਾ ਚੁੱਕਣ ਨਾਲ ਵਿਵਾਦ ਹੁੰਦਾ ਹੈ, ਤਾਂ ਹੋਣ ਦਿਓ... ਮੈਂ ਇਹ ਫਿਰ ਕਰਾਂਗਾ।" ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਉਹਨਾਂ ਨੂੰ "ਸਰਕਾਰਾਂ ਅਤੇ ਉਨ੍ਹਾਂ ਦੇ ਪ੍ਰਚਾਰ (ਪ੍ਰੋਪੇਗੰਡਾ)" ਨਾਲ ਕੋਈ ਫਰਕ ਨਹੀਂ ਪੈਂਦਾ ਅਤੇ ਉਰਦੂ ਰੈਪ ਹਮੇਸ਼ਾ 'ਸੀਮਾਹੀਣ' ਰਿਹਾ ਹੈ ਅਤੇ ਰਹੇਗਾ।






# "ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ..."



ਸਿੱਖਾਂ ਦੇ ਨੌਵੇਂ ਗੁਰੂ ਤੇਗ਼ ਬਹਾਦਰ ਜੀ ਨੂੰ 'ਹਿੰਦ ਦੀ ਚਾਦਰ' ਕਹਿ ਕੇ ਯਾਦ ਕੀਤਾ ਜਾਂਦਾ ਹੈ। ਅੱਜ ਤੋਂ 350 ਸਾਲ ਪਹਿਲਾਂ 11 ਨਵੰਬਰ 1975 ਨੂੰ ਹਿੰਦੂ ਧਰਮ ਦੀ ਰੱਖਿਆ ਲਈ ਉਨ੍ਹਾਂ ਨੇ ਦਿੱਲੀ ਵਿੱਚ ਆਪਣਾ ਬਲੀਦਾਨ ਦਿੱਤਾ, ਜਿੱਥੇ ਚਾਂਦਨੀ ਚੌਂਕ ਵਿੱਚ ਅੱਜਕੱਲ੍ਹ ਗੁਰਦੁਆਰਾ ਸੀਸ ਗੰਜ ਸਾਹਿਬ ਮੌਜੂਦ ਹੈ। ਭਾਰਤ ਦਾ ਉਸ ਸਮੇਂ ਦਾ ਸ਼ਾਸਕ ਬਾਦਸ਼ਾਹ ਔਰੰਗਜ਼ੇਬ ਉਸ ਸਮੇਂ ਹਿੰਦੂਆਂ ਨੂੰ ਇਸਲਾਮ ਧਰਮ ਕਬੂਲਣ ਲਈ ਮਜਬੂਰ ਕਰ ਰਿਹਾ ਸੀ। ਧੱਕੇ ਨਾਲ ਉਨ੍ਹਾਂ ਦੇ ਜਨੇਊ ਜਬਰੀ ਲਾਹੇ ਜਾ ਰਹੇ ਸਨ ਅਤੇ ਮੁਸਲਮਾਨ ਬਣਨ ਲਈ ਉਨ੍ਹਾਂ ਉੱਪਰ ਅਕਹਿ ਤੇ ਅਸਹਿ ਅੱਤਿਆਚਾਰ ਕੀਤਾ ਜਾ ਰਿਹਾ ਸੀ। ਪੰਡਤ ਕਿਰਪਾ ਰਾਮ ਦੀ ਅਗਵਾਈ ਵਿੱਚ ਕਸ਼ਮੀਰੀ ਪੰਡਤਾਂ ਦਾ ਇੱਕ ਵਫ਼ਦ ਉਦੋਂ ਅਨੰਦਪੁਰ ਆਇਆ ਅਤੇ ਉਸ ਦੇ ਵੱਲੋਂ ਗੁਰੂ ਤੇਗ਼ ਬਹਾਦਰ ਜੀ ਕੋਲ਼ ਮੱਦਦ ਲਈ ਪੁਕਾਰ ਕੀਤੀ ਗਈ। ਇਤਿਹਾਸ ਵਿੱਚ ਦਰਜ ਹੈ ਕਿ ਗੁਰੂ ਜੀ ਵੱਲੋਂ ਜਦੋਂ ਇਸ ਬਿਪਤਾ ਦਾ ਹੱਲ ਕਿਸੇ ਮਹਾਂਪੁਰਖ ਦੀ ਕੁਰਬਾਨੀ ਦੱਸਿਆ ਗਿਆ ਤਾਂ ਨੌਂ ਸਾਲ ਦੇ ਬਾਲਕ ਗੋਬਿੰਦ ਰਾਏ ਨੇ ਉਦੋਂ ਕਿਹਾ ਸੀ, "ਪਿਤਾ ਜੀ, ਤੁਹਾਡੇ ਨਾਲੋਂ ਵੱਡਾ ਮਹਾਂਪੁਰਖ ਹੋਰਕੌਣ ਹੋ ਸਕਦਾ ਹੈ?"

ਤਿਲਕ ਤੇ ਜੰਞੂ ਦੀ ਰੱਖਿਆ ਲਈ ਗੁਰੂ ਤੇਗ਼ ਬਹਾਦਰ ਜੀ ਨੇ ਦਿੱਲੀ ਵਿੱਚ ਆਪਾ ਵਾਰ ਕੇ 'ਵੱਡਾ ਸਾਕਾ' ਕਰ ਵਿਖਾਇਆ ਦਿੱਤਾ। ਉਨ੍ਹਾਂ ਵੱਲੋਂ ਦਿੱਤੀ ਗਈ ਇਸ ਕੁਰਬਾਨੀ ਬਾਰੇ ਗੁਰੂ ਗੋਬਿੰਦ ਸਿੰਘ ਜੀ ਨੇ 'ਬਚਿੱਤਰ ਨਾਟਕ' ਵਿੱਚ ਲਿਖਿਆ ਹੈ :

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥
ਕੀਨੋ ਬਡੋ ਕਲੂ ਮਹਿ ਸਾਕਾ॥

ਸਾਧਨ ਹੇਤਿ ਇਤੀ ਜਿਨਿ ਕਰੀ॥
ਸੀਸੁ ਦੀਆ ਪਰ ਸੀ ਨਾ ਉਚਰੀ॥

ਧਰਮ ਹੇਤਿ ਸਾਕਾ ਜਿਨਿ ਕੀਆ॥
ਸੀਸੁ ਦੀਆ ਪਰ ਸਿਰਰੁ ਨਾ ਦੀਆ॥

ਕਸ਼ਮੀਰੀ ਪੰਡਤਾਂ ਦੇ ਇਸ ਗੰਭੀਰ ਮਸਲੇ ਦੇ ਹੱਲ ਲਈ ਔਰੰਗਜ਼ੇਬ ਦੇ ਜ਼ੁਲਮ ਅਤੇ ਤਸ਼ੱਦਦ ਦੀ ਹਨੇਰੀ ਨੂੰ ਠੱਲ੍ਹ ਪਾਉਣ ਲਈ ਗੁਰੂ ਜੀ ਰਸਤੇ ਵਿੱਚ ਥਾਂ-ਥਾਂ ਧਰਮ ਦਾ ਪ੍ਰਚਾਰ ਕਰਦੇ ਹੋਏ ਕਸ਼ਮੀਰੀ ਪੰਡਤਾਂ ਦੇ ਨਾਲ ਦਿੱਲੀ ਵੱਲ ਚੱਲ ਪਏ ਪਰ ਦਿੱਲੀ ਪਹੁੰਚਣ ਤੋਂ ਪਹਿਲਾਂ ਹੀ ਉਨ੍ਹਾਂ ਗ੍ਰਿਫ਼ਤਾਰ ਕਰ ਲਿਆ ਗਿਆ। ਇਤਿਹਾਸ ਵਿੱਚ ਦਰਜ ਹੈ ਗੁਰੂ ਜੀ ਨੂੰ ਲੋਹੇ ਦੇ ਪਿੰਜਰੇ ਵਿੱਚ ਕੈਦ ਕਰਕੇ ਭਿਆਨਕ ਤਸੀਹੇ ਦਿੱਤੇ ਗਏ। ਉਨ੍ਹਾਂ ਨੂੰ ਆਪਣੇ ਧਰਮ ਅਤੇ ਕਰਮ ਤੋਂ ਡੇਗਣ ਤੇ ਡਰਾਉਣ ਲਈ ਉਨ੍ਹਾਂ ਦੇ ਤਿੰਨ ਸਾਥੀਆਂ ਨੂੰ ਉਨ੍ਹਾਂ ਦੇ ਸਾਹਮਣੇ ਕਈ ਤਰ੍ਹਾਂ ਦੇ ਤਸੀਹੇ ਦੇ ਕੇ ਮੌਤ ਦੇ ਘਾਟ ਉਤਾਰਿਆ ਗਿਆ। ਉਨ੍ਹਾਂ ਦੇ ਇਨ੍ਹਾਂ ਸਾਥੀਆਂ ਵਿੱਚ ਸ਼ਾਮਲ ਦੋ ਸਕੇ ਭਰਾਵਾਂ ਵਿੱਚੋਂ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਿਆ ਗਿਆ ਅਤੇ ਭਾਈ ਸਤੀ ਦਾਸ ਨੂੰ ਰੂੰ ਵਿੱਚ ਬੰਨ੍ਹ ਕੇ ਸਾੜਿਆ ਗਿਆ। ਤੀਸਰੇ ਸਾਥੀ ਭਾਈ ਦਿਆਲਾ ਜੀ ਨੂੰ ਪਾਣੀ ਨਾਲ ਉੱਬਲਦੀ ਦੇਗ਼ ਵਿੱਚ ਉਬਾਲ ਕੇ ਸ਼ਹੀਦ ਕੀਤਾ ਗਿਆ। ਇਹ ਸੱਭ ਕੁਝ ਵਾਪਰਦਾ ਵੇਖ ਕੇ ਵੀ ਗੁਰੂ ਜੀ ਪਰਬਤ ਵਾਂਗ ਅਡੋਲ ਅਤੇ ਅਡਿੱਗ ਰਹੇ।

ਅੰਤ, ਸ਼ਾਹੀ ਕਾਜ਼ੀ ਤੇ ਸਰਕਾਰੀ ਸੂਬੇਦਾਰ ਵੱਲੋਂ ਉਨ੍ਹਾਂ ਨੂੰ ਤਿੰਨ ਸ਼ਰਤਾਂ ਸੁਣਾਈਆਂ ਗਈਆਂ। ਪਹਿਲੀ, ਕੋਈ ਕਰਾਮਾਤ ਵਿਖਾਓ, ਦੂਸਰੀ ਇਸਲਾਮ ਧਰਮ ਕਬੂਲ ਕਰੋ ਅਤੇ ਤੀਸਰੀ ਇਹ ਕਿ ਜੇਕਰ ਇਹ ਦੋਵੇਂ ਸ਼ਰਤਾਂ ਪ੍ਰਵਾਨ ਨਹੀਂ ਤਾਂ ਮਰਨ ਲਈ ਤਿਆਰ ਹੋ ਜਾਓ। ਇਸਦੇ ਜੁਆਬ ਵਿੱਚ ਗੁਰੂ ਜੀ ਨੇ ਕਿਹਾ ਕਿ ਸਿੱਖ ਧਰਮ ਵਿੱਚ ਕਰਾਮਾਤ ਦੀ ਕੋਈ ਥਾਂ ਨਹੀਂ ਹੈ ਅਤੇ ਇਸਲਾਮ ਧਰਮ ਉਹ ਕਦਾਚਿੱਤ ਪ੍ਰਵਾਨ ਨਹੀਂ ਕਰ ਸਕਦੇ। ਅਲਬੱਤਾ, ਤੀਸਰੀ ਸ਼ਰਤ ਉਨ੍ਹਾਂ ਨੂੰ ਮਨਜ਼ੂਰ ਹੈ। ਇਸ ਤਰ੍ਹਾਂ ਗੁਰੂ ਜੀ ਨੇ ਉਨ੍ਹਾਂ ਵੱਲੋਂ ਲਗਾਈ ਗਈ ਕੁਰਬਾਨੀ ਦੇਣ ਵਾਲੀ ਤੀਸਰੀ ਸ਼ਰਤ ਪ੍ਰਵਾਨ ਕੀਤੀ ਅਤੇ 11 ਨਵੰਬਰ 1975 ਨੂੰ ਔਰੰਗਜ਼ੇਬ ਦੀ ਤੁਅੱਸਬੀ ਹਕੂਮਤ ਦੇ 'ਕਰਿੰਦਿਆਂ' ਨੇ ਉਨ੍ਹਾਂ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਸ਼ਹੀਦ ਕਰ ਦਿੱਤਾ। ਉਨ੍ਹਾਂ ਦੀ ਇਸ ਮਹਾਨ ਸ਼ਹਾਦਤ ਬਾਰੇ ਗੁਰੂ ਗੋਬਿੰਦ ਸਿੰਘ ਜੀ ਦਾ ਫ਼ਰਮਾਨ ਹੈ :

ਠੀਕਰ ਫੋਰਿ ਦਿਲੀਸ ਸਿਰ ਪ੍ਰਭ ਪੁਰ ਕੀਆ ਪਯਾਨ॥
ਤੇਗ਼ ਬਹਾਦਰ ਸੀ ਕ੍ਰਿਆ ਕਰੀ ਨਾ ਕਿਨਹੂ ਆਨ॥

ਇਤਿਹਾਸ ਵਿੱਚ ਗੁਰੂ ਜੀ ਇਹ ਸ਼ਹਾਦਤ ਅਦੁੱਤੀ ਹੈ ਜਿਸ ਦੇ ਧੜ ਦਾ ਸਸਕਾਰ ਕਿਸੇ ਹੋਰ ਥਾਂ ਅਤੇ ਸੀਸ ਦਾ ਸਸਕਾਰ ਕਿਸੇ ਹੋਰ ਥਾਂ 'ਤੇ ਕੀਤਾ ਗਿਆ ਹੋਵੇ। ਭਾਈ ਜੈਤਾ ਜੀ ਆਪਣੇ ਦੋ ਸਾਥੀਆਂ ਨਾਲ ਗੁਰੂ ਜੀ ਦਾ ਸੀਸ ਲੈ ਕੇ ਅਨੰਦਪੁਰ ਪੁੱਜਾ ਜਿੱਥੇ ਸੀਸ ਦਾ ਸਸਕਾਰ ਕੀਤਾ ਗਿਆ। ਧੜ ਦਾ ਸਸਕਾਰ ਲੱਖੀ ਸ਼ਾਹ ਵਣਜਾਰਾ ਨੇ ਦਿੱਲੀ ਵਿੱਚ ਆਪਣੇ ਘਰ ਨੂੰ ਅੱਗ ਲਗਾ ਕੇ ਕੀਤਾ ਜਿੱਥੇ ਅੱਜਕੱਲ੍ਹ ਗੁਰਦੁਆਰਾ ਰਕਾਬ ਗੰਜ ਸਥਿਤ ਹੈ। ਉਸ ਸਮੇਂ ਗੁਰੂ ਸਾਹਿਬ ਦੀ ਆਯੂ 54 ਸਾਲ 7 ਮ੍ਹੀਨੇ 11 ਦਿਨ ਸੀ ਅਤੇ ਉਹ 11 ਸਾਲ 2 ਮਹੀਨੇ 11 ਸਾਲ ਗੁਰਗੱਦੀ 'ਤੇ ਬਿਰਾਜਮਾਨ ਰਹੇ।

ਗੁਰੂ ਤੇਗ਼ ਬਹਾਦਰ ਜੀ ਦਾ ਜਨਮ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਤੇ ਮਾਤਾ ਨਾਨਕੀ ਜੀ ਦੇ ਘਰ 1 ਅਪ੍ਰੈਲ 1621 ਨੂੰ ਅੰਮ੍ਰਿਤਸਰ ਵਿੱਚ ਹੋਇਆ। ਗੁਰੂ ਹਰਗੋਬਿੰਦ ਸਾਹਿਬ ਦੀਆਂ ਤਿੰਨ ਪਤਨੀਆਂ ਮਾਤਾ ਦਮੋਦਰੀ ਜੀ, ਮਾਤਾ ਮਹਾਂਦੇਵੀ ਜੀ ਅਤੇ ਮਾਤਾ ਨਾਨਕੀ ਜੀ ਸਨ। ਮਾਤਾ ਨਾਨਕੀ ਦੇ ਪੰਜ ਪੁੱਤਰ ਬਾਬਾ ਗੁਰਦਿੱਤਾ ਜੀ, ਸੂਰਜ ਮੱਲ, ਅਣੀ ਰਾਇ, ਅਟੱਲ ਰਾਇ ਅਤੇ ਤਿਆਗ ਮੱਲ ਸਨ। ਇਨ੍ਹਾਂ ਵਿੱਚੋਂ ਤਿਆਗ ਮੱਲ (ਤੇਗ਼ ਬਹਾਦਰ ਜੀ) ਸੱਭ ਤੋਂ ਛੋਟੇ ਸਨ। ਉਨ੍ਹਾਂ ਦਾ ਵਿਆਹ 13 ਸਾਲ ਦੀ ਉਮਰ ਵਿੱਚ ਜਲੰਧਰ ਜ਼ਿਲੇ ਦੇ ਨੇੜਲੇ ਸ਼ਹਿਰ ਕਰਤਾਰਪੁਰ ਦੇ ਵਾਸੀ ਲਾਲ ਚੰਦ ਜੀ ਦੀ ਸਪੁੱਤਰੀ ਗੁਜਰੀ ਜੀ ਨਾਲ ਮਾਰਚ 1632 ਵਿੱਚ ਹੋਇਆ। ਸ਼ਾਦੀ ਬਾਅਦ 34 ਸਾਲ ਪਿੱਛੋਂ 22 ਦਸੰਬਰ 1666 ਨੂੰ ਇਕਲੌਤੀ ਸੰਤਾਨ ਗੋਬਿੰਦ ਰਾਏ ਦਾ ਜਨਮ ਪਟਨਾ ਸ਼ਹਿਰ (ਬਿਹਾਰ) ਵਿੱਚ ਹੋਇਆ ਜੋ ਸਿੱਖਾਂ ਦੇ ਦਸਵੇਂ ਗੁਰੂ ਹਨ।

ਗੁਰੂ ਤੇਗ਼ ਬਹਾਦਰ ਜੀ ਬਚਪਨ ਤੋਂ ਹੀ ਇਕਾਂਤ ਵਿੱਚ ਰਹਿਣ ਵਾਲੇ ਸ਼ਾਂਤ ਸੁਭਾਅ ਦੇ ਮਾਲਕ ਸਨ ਅਤੇ ਉਨ੍ਹਾਂ ਦੀ ਰੁਚੀ ਭਗਤੀ ਭਾਵ ਅਤੇ ਤਿਆਗ ਵਾਲੀ ਸੀ। ਉਹ ਦੁਨਿਆਵੀ ਪੂੰਜੀਵਾਦੀ ਤੇ ਭੋਗਵਾਦੀ ਸੰਸਾਰ ਤੋਂ ਅਸਲੋਂ ਨਿਰਲੇਪ ਸਨ। ਸ਼ਾਇਦ ਏਸੇ ਕਾਰਨਹੀ ਮਾਪਿਆਂ ਵੱਲੋਂ ਉਨ੍ਹਾਂ ਦਾ ਨਾਂ 'ਤਿਆਗ ਮੱਲ' ਰੱਖਿਆ ਗਿਆ ਹੋਵੇਗਾ। ਤੇਰਾਂ ਸਾਲ ਦੀ ਉਮਰ ਵਿੱਚ ਕਰਤਾਰਪੁਰ ਦੀ ਜੰਗ ਵਿੱਚ ਤੇਗ਼ ਦੇ ਜੌਹਰ ਵਿਖਾਉਣ ਕਰਕੇ ਪਿਤਾ ਹਰਗੋਬਿੰਦ ਸਾਹਿਬ ਨੇ ਉਨ੍ਹਾਂ ਦਾ ਨਾਂ ਬਦਲ ਕੇ 'ਤੇਗ਼ ਬਹਾਦਰ' ਰੱਖ ਦਿੱਤਾ। ਗੁਰੂ ਹਰਗੋਬਿੰਦ ਸਾਹਿਬ ਦੇ 3 ਮਾਰਚ 1644 ਨੂੰ ਕੀਰਤਪੁਰ ਸਾਹਿਬ ਵਿਖੇ ਜੋਤੀ ਜੋਤ ਸਮਾਉਣ ਪਿੱਛੋਂ ਤੇਗ਼ ਬਹਾਦਰ ਸਾਹਿਬ ਆਪਣੀ ਮਾਤਾ ਨਾਨਕੀ ਜੀ ਅਤੇ ਧਰਮ ਪਤਨੀ ਗੁਜਰੀ ਜੀ ਨਾਲ ਆਪਣੇ ਨਾਨਕੇ ਪਿੰਡ ਬਕਾਲ਼ੇ ਚਲੇ ਗਏ। ਇਸ ਤੋਂ ਪਹਿਲਾਂ ਗੁਰੂ ਹਰਗੋਬਿੰਦ ਸਾਹਿਬ ਨੇ ਗੁਰਗੱਦੀ ਆਪਣੇ ਪੋਤਰੇ (ਬਾਬਾ ਗੁਰਦਿੱਤਾ ਜੀ ਦੇ ਸਪੁੱਤਰ) ਹਰਰਾਇ ਜੀ ਨੂੰ ਸੌਂਪ ਦਿੱਤੀ ਸੀ। ਅੱਗੋਂ ਭਾਣਾ ਇਹ ਵਰਤਿਆ ਕਿ ਸੱਤਵੇਂ ਗੁਰੂ ਹਰਰਾਇ ਜੀ 6 ਅਕਤੂਬਰ ਨੂੰ 31 ਸਾਲ ਦੀ ਭਰ-ਜਵਾਨੀ ਦੀ ਉਮਰ ਵਿੱਚ ਅਕਾਲ-ਚਲਾਣਾ ਕਰ ਗਏ ਅਤੇ ਗੁਰਗੱਦੀ ਆਪਣੇ ਪੁੱਤਰ ਹਰਕ੍ਰਿਸ਼ਨ ਸਾਹਿਬ ਨੂੰ ਸੌਂਪ ਗਏ ਜਿਨ੍ਹਾਂ ਦੀ ਉਮਰ ਉਸ ਸਮੇਂ ਕੇਵਲ ਪੰਜ ਸਾਲ ਦੀ ਸੀ। 30 ਮਾਰਚ 1664 ਨੂੰ ਅੱਠਵੇਂ ਗੁਰੂ ਹਰਕ੍ਰਿਸ਼ਨ ਜੀ ਸੱਤ ਸਾਲ ਦੀ ਉਮਰ ਵਿੱਚ ਹੀ ਚੇਚਕ ਦੀ ਬੀਮਾਰੀ ਨਾਲ ਦਿੱਲੀ ਵਿਖੇ ਜੋਤੀ-ਜੋਤ ਸਮਾਉਣ ਸਮੇਂ ਇੱਕ ਸੰਕੇਤਕ ਬਚਨ ਆਖ ਗਏ ਸਨ, "ਬਾਬਾ ਬਕਾਲ਼ੇ", ਜਿਸ ਦਾ ਭਾਵ ਸੀ ਕਿ ਗੁਰਗੱਦੀ ਦਾ ਅਸਲੀ ਵਾਰਸ ਬਾਬਾ ਬਕਾਲ਼ੇ ਪਿੰਡ ਵਿਖੇ ਹੈ।

ਉਸ ਸਮੇਂ ਗੁਰਗੱਦੀ ਦੇ ਦਾਅਵੇਦਾਰਾਂ ਨੇ "ਬਾਬਾ ਬਕਾਲ਼ੇ" ਸ਼ਬਦ ਦੇ ਅਰਥ ਆਪੋ ਆਪਣੇ ਢੰਗ ਨਾਲ ਕੱਢ ਲਏ ਅਤੇ ਚੁਸਤ, ਚਲਾਕ ਤੇ ਲਾਲਚੀ ਲੋਕਾਂ ਵਿੱਚ ਗੁਰਗੱਦੀ 'ਤੇ ਕਬਜ਼ਾ ਕਰਨ ਲਈ ਦੌੜਾਂ ਲੱਗ ਗਈਆਂ। ਚਾਹਵਾਨ ਦਾਅਵੇਦਾਰਾਂ ਨੇ ਬਾਬਾ ਬਕਾਲ਼ੇ ਪਿੰਡ ਵਿੱਚ ਜਾ ਡੇਰੇ ਲਾਏ ਜਿਨ੍ਹਾਂ ਦੀ ਗਿਣਤੀ 22 ਤੱਕ ਪਹੁੰਚ ਗਈ। ਇਤਿਹਾਸ ਵਿੱਚ ਇਨ੍ਹਾਂ ਨੂੰ 'ਬਾਈ ਮੰਜੀਆਂ' ਦੇ ਨਾਂ ਨਾਲ ਜਾਣਿਆਂ ਜਾਂਦਾ ਹੈ। ਲਾਹੌਰ ਤੇ ਅੰਮ੍ਰਿਤਸਰ ਦੇ ਸੋਢੀਆਂ ਅਤੇ ਪ੍ਰਿਥੀ ਚੰਦ ਦੀ ਔਲਾਦ ਧੀਰ ਮੱਲ ਆਦਿ ਦੀਆਂ ਚੁਸਤੀਆਂ ਤੇ ਚਲਾਕੀਆਂ ਵੇਖ ਕੇ ਭਾਈ ਗੁਰਦਾਸ ਜੀ ਨੇ ਇਨ੍ਹਾਂ ਨੂੰ 'ਮੀਣੇ', ਭਾਵ ਮੀਸਣੇ ਹੋਣ ਦਾ 'ਖਿਤਾਬ' ਦਿੱਤਾ ਹੈ।

ਇਨ੍ਹਾਂ ਵਿੱਚੋਂ ਪ੍ਰਿਥੀ ਚੰਦ ਤੇ ਸੂਰਜ ਮੱਲ ਦੀ ਸੰਤਾਨ 'ਧੀਰ-ਮੱਲੀਏ' ਗੁਰਗੱਦੀ 'ਤੇ ਆਪਣਾ ਹੱਕ ਵਧੇਰੇ ਸਮਝਦੇ ਸਨ ਅਤੇ 'ਮੀਣਿਆਂ' ਵਿੱਚੋਂ ਹਰਕ੍ਰਿਸ਼ਨ ਸਾਹਿਬ ਦਾ ਵੱਡਾ ਭਰਾ ਧੀਰ ਮੱਲ ਗੱਦੀ ਦਾ ਸੱਭ ਤੋਂ ਵੱਡਾ ਦਾਅਵੇਦਾਰ ਸੀ। ਬਾਈ ਮੰਜੀਆਂ ਵਿੱਚੋਂ ਇਸ ਦੀ ਮੰਜੀ ਸੱਭ ਤੋਂ ਪ੍ਰਭਾਵਸ਼ਾਲੀ ਸੀ। ਇਸ ਦੇ ਕਈ ਕਾਰਨ ਸਨ ਪਰ ਸੱਭ ਤੋਂ ਵੱਡਾ ਕਾਰਨ ਇਸ ਦੇ ਕੋਲ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ 'ਤੇ ਕਾਬਜ਼ ਹੋਣਾ ਸੀ ਅਤੇ ਇਸ ਨੂੰ ਮਸੰਦਾ ਦੀ ਹਮਾਇਤ ਵੀ ਪ੍ਰਾਪਤ ਸੀ। ਆਪਣੇ ਰਾਹ ਦੀ ਰੁਕਾਵਟ ਸਮਝਦਿਆਂ ਇਸ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਕਤਲ ਕਰਨ ਦੀ ਸਕੀਮ ਬਣਾਈ ਅਤੇ ਆਪਣੇ ਭਰੋਸੇਯੋਗ ਸਾਥੀ ਸ਼ੀਹੇਂ ਮਸੰਦ ਤੋਂ ਗੁਰੂ ਜੀ ਉੱਪਰ ਗੋਲ਼ੀ ਵੀ ਚਲਵਾਈ ਪਰ ਗੁਰੂ ਜੀ ਬਚ ਗਏ। ਗੁਰੂ ਤੇਗ਼ ਬਹਾਦਰ ਜੀ ਦੀ ਸਮੱਚੀ ਜੀਵਨ ਸ਼ੈਲੀ ਵਿੱਚੋਂ ਸਬਰ, ਸੰਤੋਖ, ਸ਼ੁਕਰ ਅਤੇ ਸ਼ਾਂਤੀ ਦਾ ਸੰਦੇਸ਼ ਮਿਲਦਾ ਹੈ। ਗੁਰਗੱਦੀ ਹਾਸਲ ਕਰਨ ਲਈ ਉਨ੍ਹਾਂ ਕੋਈ 'ਜੋੜਤੋੜ' ਨਹੀਂ ਕੀਤਾ ਅਤੇ ਨਾ ਹੀ ਇਸ ਦੇ ਲਈ ਕੋਈ ਇੱਛਾ ਹੀ ਜ਼ਾਹਿਰ ਕੀਤੀ।

ਪਖੰਡੀ ਦਾਅਵੇਦਾਰਾਂ ਨੇ ਬਕਾਲ਼ੇ ਵਿੱਚ ਆਪੋ ਆਪਣੀਆਂ ਕੂੜ ਦੀਆਂ 'ਦੁਕਾਨਾਂ' ਸਜਾ ਲਈਆਂ ਅਤੇ ਆਪਣੀ ਪੂਜਾ ਕਰਵਾਉਣ ਲੱਗ ਪਏ। ਲੋਕਾਂ ਨੂੰ ਅਸਲੀ-ਨਕਲੀ ਦਾ ਕੋਈ ਪਤਾ ਨਾ ਲੱਗੇ। ਫਿਰ ਇੱਕ ਘਟਨਾ ਨੇ ਇਹ ਸਾਰੀ ਸਥਿਤੀ ਸਾਫ਼ ਕਰ ਦਿੱਤੀ। ਜਦੋਂ ਪ੍ਰਸਿੱਧ ਵਿਓਪਾਰੀ ਮੱਖਣ ਸ਼ਾਹ ਲੁਬਾਣਾ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ ਤਾਂ ਉਹ ਇਹ ਸਾਰਾ ਦ੍ਰਿਸ਼ ਵੇਖ ਕੇ ਡਾਹਢਾ ਪ੍ਰੇਸ਼ਾਨ ਹੋਇਆ। ਇਤਿਹਾਸ ਵਿੱਚ ਆਉਂਦੇ ਵਿਸਥਾਰ ਅਨੁਸਾਰ ਆਪਣੀ ਤੇਜ਼ ਬੁੱਧੀ ਵਰਤਦਿਆਂ ਉਸਨੇ ਬਾਈ ਮੰਜੀਆਂ ਦੇ ਹਰੇਕ ਦਾਅਵੇਦਾਰ ਦੇ ਅੱਗੇ ਸੋਨੇ ਦੀਆਂ ਪੰਜ-ਪੰਜ ਮੋਹਰਾਂ ਰੱਖ ਕੇ ਮੱਥਾ ਟੇਕ ਕੇ 'ਕੱਚੇ ਗੁਰੂਆਂ' ਦੀ ਭੀੜ ਵਿੱਚੋਂ 'ਸੱਚੇ ਗੁਰੂ' ਦੀ ਪਰਖ-ਪੜਚੋਲ ਕੀਤੀ ਅਤੇ ਕੋਠੇ 'ਤੇ ਚੜ੍ਹ ਕੇ ਢੰਡੋਰਾ ਫੇਰਿਆ "ਗੁਰੂ ਲਾਧੋ ਰੇ, ਗੁਰੂ ਲਾਧੋ ਰੇ", ਜਿਸ ਦਾ ਭਾਵ ਸੀ ਕਿ ਅਸਲੀ ਗੁਰੂ ਲੱਭ ਗਿਆ ਹੈ। ਸੰਗਤਾਂ ਨੂੰ ਯਕੀਨ ਹੋ ਗਿਆ ਕਿ ਅਸਲ ਗੁਰੂ ਤਾਂ ਗੁਰਗੱਦੀ ਦੇ ਲੋਭ ਤੇ ਲਾਲਚ ਤੋਂ ਨਿਰਲੇਪ, ਭਗਤੀ ਵਿੱਚ ਮਘਨ, ਚੁੱਪ-ਚਾਪ ਆਪਣੇ ਨਾਨਕੇ ਘਰ ਭੋਰੇ ਵਿੱਚ ਬੈਠਾ ਭਗਤੀ ਕਰ ਰਿਹਾ ਹੈ। ਇਸ ਤਰ੍ਹਾਂ ਸ਼ਰਧਾਲੂ ਸੰਗਤਾਂ ਨੇ 11 ਅਗਸਤ 1664 ਵਿੱਚ 44 ਸਾਲ ਦੀ ਆਯੂ ਵਿੱਚ ਆਪ ਜੀ ਨੂੰ ਗੁਰਗੱਦੀ ਦੀ ਜ਼ਿੰਮੇਂਵਾਰੀ ਸੌਂਪ ਦਿੱਤੀ ਅਤੇ ਬਾਕੀ ਸੱਭ ਆਪਣੀਆਂ ਕੂੜ ਦੀਆਂ ਦੁਕਾਨਾਂ ਸਮੇਟ ਕੇ ਚੱਲਦੇ ਬਣੇ।

ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੀਆਂ ਚਾਰ ਲੰਮੀਆਂ 'ਉਦਾਸੀਆਂ' ਤੋਂ ਪਿੱਛੋਂ ਧਰਮ ਪ੍ਰਚਾਰ ਦੇ ਲਈ ਇਸ ਗੁਰਗੱਦੀ ਦੀ ਨੌਵੀਂ ਜੋਤ ਗੁਰੂ ਤੇਗ਼ ਬਹਾਦਰ ਜੀ ਨੇ ਦੇਸ਼ ਦੇ ਵੱਖ-ਵੱਖ ਭਾਗਾਂ ਵਿੱਚ ਲੰਮੀਆਂ ਯਾਤਰਾਵਾਂ ਕੀਤੀਆਂ। ਮਾਝਾ, ਮਾਲਵਾ, ਦੁਆਬਾ ਤੇ ਬਾਂਗਰ ਆਦਿ ਤੋਂ ਇਲਾਵਾ ਕੁਰੂਕਸ਼ੇਤਰ, ਬਨਾਰਸ ਤੇ ਗਯਾ ਤੋਂ ਹੁੰਦੇ ਹੋਏ ਆਪ ਬਿਹਾਰ ਵਿੱਚ ਪਟਨੇ ਸ਼ਹਿਰ ਪਹੁੰਚੇ। ਆਪਣੇ ਪਰਿਵਾਰ ਨੂੰ ਇੱਥੇ ਪਟਨੇ ਛੱਡ ਕੇ, ਆਪ ਜੀ ਨੇ ਢਾਕਾ, ਬੰਗਾਲ ਅਤੇ ਆਸਾਮ ਵੱਲ ਦੀ ਯਾਤਰਾ ਕੀਤੀ ਅਤੇ ਵਹਿਮਾਂ, ਭਰਮਾਂ ਵਿੱਚ ਫਸੀ ਕੁਰਾਹੇ ਪਈ ਲੋਕਾਈ ਨੂੰ ਸੱਚ ਦੇ ਮਾਰਗ 'ਤੇ ਚੱਲਣ, ਧਰਮ ਦੀ ਕਿਰਤ ਕਰਨ ਅਤੇ ਸੰਗਤ ਤੇ ਪੰਗਤ ਦੇ ਸਿਧਾਂਤ ਅਨੁਸਾਰ ਵੰਡ ਕੇ ਛਕਣ ਦੇ ਸਿੱਖੀ ਸਿਧਾਂਤ ਨੂੰ ਪ੍ਰਚਾਰਿਆ। ਪੀਣ ਵਾਲੇ ਪਾਣੀ ਦੀ ਕਿੱਲਤ ਦੂਰ ਕਰਨ ਲਈ ਖੂਹ ਤੇ ਤਲਾਬ ਬਣਵਾਏ। ਚੰਗੀ ਨਸਲ ਦੀਆਂ ਗਊਆਂ ਤੇ ਹੋਰ ਪਾਲਤੂ ਪਸ਼ੂ ਰੱਖਣ ਦੀ ਪ੍ਰੇਰਨਾ ਕੀਤੀ।

ਆਪ ਨੇ ਜ਼ਾਤ-ਪਾਤ, ਉਚ-ਨੀਚ ਤੇ ਵਹਿਮਾਂ-ਭਰਮਾਂ ਦਾ ਤਿਆਗ ਕਰਨ, ਆਪਸੀ ਪ੍ਰੇਮ-ਪਿਆਰ ਤੇ ਭਰਾਤਰੀ-ਭਾਵ ਨਾਲ ਰਹਿਣ ਦਾ ਉਪਦੇਸ਼ ਦਿੱਤਾ। ਇਸਤ੍ਰੀ ਜਾਤੀ ਦਾ ਸਨਮਾਨ ਕਰਨ, ਰੂਹਾਨੀ ਗਿਆਨ ਦੇ ਧਾਰਨੀ ਬਣਨ, ਮਿਹਨਤ ਤੇ ਸੱਚੀ-ਸੁੱਚੀ ਕਿਰਤ ਕਰਨ ਅਤੇ ਜੀਵਨ ਵਿੱਚ ਅਣਖ ਤੇ ਆਜ਼ਾਦੀ ਨਾਲ ਰਹਿਣ ਦੀ ਜ਼ੋਰਦਾਰ ਪ੍ਰੇਰਨਾ ਕੀਤੀ। ਸਮਾਜ ਦੇ ਨਿਮਾਣੇ, ਨਿਤਾਣੇ ਅਤੇ ਕਮਜ਼ੋਰ ਸਮਝੇ ਜਾਂਦੇ ਵਰਗਾਂ ਵਿੱਚ ਅਣਖ, ਆਜ਼ਾਦੀ ਤੇ ਰੜਕ ਨਾਲ ਜਿਊਣ ਦੇ ਬੀਜ ਬੀਜੇ। ਗੁਰੂ ਜੀ ਦੀਆਂ ਸਿੱਖਿਆਵਾਂ ਦਾ ਲੋਕਾਂ 'ਤੇ ਬਹੁਤ ਗਹਿਰਾ ਪ੍ਰਭਾਵ ਪਿਆ ਅਤੇ ਉਨ੍ਹਾਂ ਦੇ ਵਿਚਾਰ ਤੇ ਇਰਾਦੇ ਦ੍ਰਿੜ੍ਹ ਤੇ ਪਰਪੱਕ ਹੁੰਦੇ ਗਏ।

ਗੁਰੂ ਜੀ ਨੇ ਸ਼ਿਵਾਲਕ ਦੀਆਂ ਪਹਾੜੀਆਂ ਵਿੱਚ ਸਤਲੁਜ ਦੇ ਕਿਨਾਰੇ, ਕੁਦਰਤ ਦੀ ਗੋਦ 'ਚ ਪਿੰਡ ਮਾਖੋਵਾਲ। ਮਟੌਰ ਤੇ ਲੋਧੀਪੁਰ ਦੀ ਜ਼ਮੀਨ ਬਿਲਾਸਪੁਰ ਦੇ ਰਾਜੇ ਦਲੀਪ ਚੰਦ ਤੋਂ 2200 ਰੁਪਏ ਵਿੱਚ ਖ਼ਰੀਦੀ। ਮਾਖੋਵਾਲ ਉਦੋਂ ਭੂਤਾਂ-ਪ੍ਰੇਤਾਂ ਦਾ ਪਿੰਡ ਸਮਝਿਆ ਜਾਂਦਾ ਸੀ ਅਤੇ ਲੋਕ ਡਰਦੇ ਮਾਰੇ ਉੱਥੇ ਨਹੀਂ ਜਾਂਦੇ ਸਨ। ਗੁਰੂ ਸਾਹਿਬ ਨੇ ਇਹ ਉੱਜੜਿਆ ਹੋਇਆ ਪਿੰਡ ਖ਼ਰੀਦਿਆ ਤੇ ਇਸ ਨੂੰ ਆਬਾਦ ਕੀਤਾ। ਲੋਕਾਂ ਦੇ ਸਾਰੇ ਵਹਿਮ ਭਰਮ ਦੂਰ ਹੋ ਗਏ। ਸਤਲੁਜ ਨਦੀ ਦੇ ਕੰਢੇ ਪਹਾੜੀਆਂ ਵਿੱਚ ਘਿਰੀ ਹੋਈ ਇਹ ਜਗ੍ਹਾ ਇਕਾਂਤ, ਇਕਾਗਰਤਾ ਅਤੇ ਜੰਗੀ ਦ੍ਰਿਸ਼ਟੀਕੋਣ ਤੋਂ ਵੀ ਬਹੁਤ ਢੁਕਵੀਂ ਸੀ। 19 ਜੂਨ 1665 ਨੂੰ ਇਸ ਨਗਰ ਦੀ ਨੀਂਹ ਰੱਖੀ ਗਈ ਅਤੇ ਗੁਰੂ ਜੀ ਨੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੀ ਸੁਪਤਨੀ ਮਾਤਾ ਨਾਨਕੀ ਜੀ ਦੇ ਨਾਂ 'ਤੇ ਇਸ ਦਾ ਨਾਂ 'ਚੱਕ ਨਾਨਕੀ' ਰੱਖਿਆ। 1689 ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਾ ਨਾਂ ਬਦਲ ਕੇ 'ਅਨੰਦਪੁਰ' ਕਰ ਦਿੱਤਾ ਅਤੇ ਪਿੱਛੋਂ ਇਸ ਦਾ ਹੋਰ ਵਿਸਥਾਰ ਕਰਕੇ ਇਸ ਵਿੱਚ ਪੰਜ ਕਿਲ੍ਹੇ ਲੋਹਗੜ੍ਹ, ਹੋਲਗੜ੍ਹ, ਫ਼ਤਿਹਗੜ੍ਹ, ਅਨੰਦਗੜ੍ਹ ਅਤੇ ਕੇਸਗੜ੍ਹ ਤਿਆਰ ਕੀਤੇ। ਅੰਮ੍ਰਿਤ ਛਕਾਉਣ ਦੀ ਰਸਮ ਵੀ ਇੱਥੋਂ ਹੀ ਆਰੰਭ ਕੀਤੀ ਅਤੇ ਏਸੇ ਲਈ ਇਸ ਨੂੰ 'ਖ਼ਾਲਸੇ ਦੀ ਜਨਮ-ਭੂਮੀ' ਆਖਿਆ ਜਾਂਦਾ ਹੈ। ਸਿੱਖਾਂ ਦੇ ਪੰਜ ਤਖ਼ਤਾਂ ਅਕਾਲ ਤਖ਼ਤ ਸਾਹਿਬ, ਪਟਨਾ ਸਾਹਿਬ, ਕੇਸਗੜ੍ਹ ਸਾਹਿਬ, ਹਜ਼ੂਰ ਸਾਹਿਬ ਅਤੇ ਦਮਦਮਾ ਸਾਹਿਬ ਵਿੱਚੋਂ ਇਸ ਨੂੰ ਇੱਕ ਤਖ਼ਤ ਕੇਸਗੜ੍ਹ ਸਾਹਿਬ ਹੋਣ ਦਾ ਰੁਤਬਾ ਹਾਸਲ ਹੈ। ਗੁਰੂ ਗੋਬਿੰਦ ਸਿੰਘ ਜੀ 27 ਸਾਲ ਅਨੰਦਪੁਰ ਵਿਖੇ ਰਹੇ।

ਗੁਰੂ ਗ੍ਰੰਥ ਸਿਹਬ ਵਿੱਚ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ 15 ਰਾਗਾਂ (ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਤੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ, ਸਾਰੰਗ ਤੇ ਜੈਜਾਵਤੀ) ਵਿੱਚ ਹੈ। ਸਾਰੀ ਬਾਣੀ ਵਿੱਚ 69 ਸ਼ਬਦ ਅਤੇ 57 ਸਲੋਕ ਹਨ। ਉਨ੍ਹਾਂ ਦੀ ਬਾਣੀ ਵਿੱਚ ਤਿਆਗ, ਵੈਰਾਗ, ਵਿਨਾਸ਼, ਸਦਾਚਾਰ, ਅਣਖ, ਅਤੇ ਗੌਰਵਤਾ ਦਾ ਉਪਦੇਸ਼ ਹੈ। ਇਸ ਦੇ ਨਾਲ ਹੀ ਇਸ ਵਿੱਚ ਮਨੁੱਖੀ ਜੀਵਨ ਦੀਆਂ ਖ਼ੁਸ਼ੀਆਂ, ਗਮੀਆਂ, ਦੁੱਖ, ਸੁੱਖ, ਮਾਨ, ਅਭਿਮਾਨ, ਨਿੰਦਾ ਅਤੇ ਉਸਤਤ ਤੋਂ ਨਿਰਲੇਪ ਰਹਿਣ ਦਾ ਉਪਦੇਸ਼ ਮਿਲਦਾ ਹੈ। ਗੁਰੂ ਜੀ ਦੀ ਬਾਣੀ ਦੀ ਪ੍ਰਧਾਨ ਸੁਰ ਭਗਤੀ ਭਾਵਨਾ ਵਾਲੀ ਹੈ ਅਤੇ ਇਸ ਵਿੱਚ ਰੱਬੀ ਰਜ਼ਾ ਵਿੱਚ ਰਹਿਣ, ਨਿਮਰਤਾ ਅਤੇ ਸ਼ਾਂਤੀ ਦਾ ਸੰਦੇਸ਼ ਹੈ। ਆਪਣੀ ਬਾਣੀ ਵਿੱਚ ਗੁਰੂ ਜੀ ਨੇ ਮਨੁੱਖ ਅਤੇ ਆਤਮਾ ਲਈ ਬਹੁਤ ਖ਼ੂਬਸੂਰਤ ਤਸ਼ਬੀਹਾਂ ਦੀ ਵਰਤੋਂ ਕੀਤੀ ਹੈ, ਜਿਵੇਂ ਮਨੁੱਖੀ ਲਾਲਸਾ 'ਮੱਛੀ ਦਾ ਜਾਲ' ਹੈ, ਮਨੁੱਖੀ ਜੀਵਨ 'ਪਾਣੀ ਦਾ ਬੁਲਬੁਲਾ' ਤੇ 'ਬਾਲੂ ਦੀ ਰੇਤ' ਦੀ ਨਿਆਈਂ ਹੈ ਅਤੇ ਜ਼ਿੰਦਗੀ ਦੇ ਭੋਗ-ਮੋਖ ਤੇ ਸੁੱਖ-ਸੁਆਦ 'ਬੱਦਲ ਦੀ ਛਾਇਆ' ਸਮਾਨ ਹਨ। ਸਾਰੀ ਬਾਣੀ ਸਮਾਜ ਵਿੱਚ ਵਰਤੀ ਜਾਂਦੀ ਪ੍ਰਚੱਲਤ ਭਾਸ਼ਾ ਵਿੱਚ ਹੈ ਜੋ ਸਿੱਧੀ, ਸਾਦੀ, ਸੰਖੇਪ ਅਤੇ ਸੱਭਨਾਂ ਦੀ ਸਮਝ 'ਚ ਆਉਣ ਵਾਲੀ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੇ ਸੰਕਲਨ ਤੋਂ ਕੋਈ ਸੌ ਸਾਲ ਬਾਅਦ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤੀ। ਆਪ ਜੀ ਦੀ ਸਮੁੱਚੀ ਬਾਣੀ ਵਿੱਚੋਂ ਤਿਆਗ, ਸੰਜਮ, ਤੇ ਸੰਤੋਖੀ ਜੀਵਨ ਜਿਊਣ ਦੀ ਸਿੱਖਿਆ ਮਿਲਦੀ ਹੈ। ਫਿਰ ਵੀ ਗੁਰੂ ਗ੍ਰੰਥ ਸਾਹਿਬ ਦੇ ਅੰਤਲੇ 57 ਸਲੋਕਾਂ, ਜਿਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ "ਭੋਗ ਦੇ ਸਲੋਕ" ਵੀ ਕਿਹਾ ਜਾਂਦਾ ਹੈ, ਵਿੱਚ ਗੁਰੂ ਜੀ ਦੀ ਜੀਵਨ ਫ਼ਿਲਾਸਫ਼ੀ, ਸਿੱਖਿਆ ਤੇ ਸਿਧਾਂਤ ਦਾ 'ਤੱਤਸਾਰ' ਜਾਂ 'ਨਿਚੋੜ' ਆਖਿਆ ਜਾ ਸਕਦਾ ਹੈ। ਮਨੁੱਖੀ ਜੀਵਨ ਦੀ ਸੱਭ ਤੋਂ ਮਹਾਨ ਤੇ ਪ੍ਰਭਾਵਸ਼ਾਲੀ ਫ਼ਿਲਾਸਫ਼ੀ ਇਨ੍ਹਾਂ ਸਲੋਕਾਂ ਵਿੱਚ ਦਰਜ ਹੈ। ਉਦਾਹਰਣ ਵਜੋਂ, ਦੋ ਸਲੋਕ ਇਸ ਪ੍ਰਕਾਰ ਹਨ:

ਉਸਤਤਿ ਨਿੰਦਿਆ ਨਾਹਿ ਜਿਹਿ, ਕੰਚਨ ਲੋਹ ਸਮਾਨ॥
ਕਹੁ ਨਾਨਕ ਸੁਨ ਰੇ ਮਨਾ, ਮੁਕਤ ਤਾਹਿ ਤੈ ਜਾਨ॥

ਭੈਅ ਕਾਹੂ ਕਉ ਦੇਤ ਨਹਿ, ਨਹਿ ਭੈਅ ਮਾਨਤ ਆਨ॥
ਕਹੁ ਨਾਨਕ ਸੁਣ ਰੇ ਮਨਾ, ਗਿਆਨੀ ਤਾਹਿ ਬਖਾਨ॥



ਡਾ. ਸੁਖਦੇਵ ਸਿੰਘ ਝੰਡ
ਫ਼ੋਨ : +1 647-567-9128

# ਗੁਰੂ ਤੇਗ ਬਹਾਦਰ ਜੀ ਦੀ ਬੇਮਿਸਾਲ ਅਤੇ ਵਿਲੱਖਣ ਸ਼ਹਾਦਤ

ਵਕਤ ਆਪਣੀ ਚਾਲ ਚੱਲਦਾ ਰਹਿੰਦਾ ਹੈ। ਕੋਈ ਵਕਤ ਅਜਿਹਾ ਵੀ ਆਉਂਦਾ ਹੈ ਜਦੋ ਕੋਈ ਸ਼ਖਸ਼ੀਅਤ ਆਪਣੇ ਖੂਨ ਨਾਲ ਇਸਦੇ ਸਫ਼ੇ ਤੇ ਕੁਝ ਅਜਿਹਾ ਲਿਖ ਜਾਂਦੀ ਹੈ, ਜੋ ਇਤਿਹਾਸ ਲਈ ਤਾਂ ਸ਼ਾਨਦਾਰ ਹੁੰਦਾ ਹੀ ਹੈ ਆਉਣ ਵਾਲੀਆਂ ਸਦੀਆਂ ਅਤੇ ਯੁੱਗਾਂ ਤੱਕ ਉਹ ਲਿਖਿਆ ਵਿਚਾਰਿਆ ਜਾਂਦਾ ਰਿਹਾ ਹੈ ਅਤੇ ਭਵਿੱਖ ਦੀਆਂ ਸੈਂਕੜੇ ਪੀੜ੍ਹੀਆਂ ਉਸ ਲਿਖੇ ਹੋਏ ਤੋਂ ਸਬਕ ਲੈਂਦੀਆਂ ਹਨ। ਕੁਝ ਆਪਣੀਆਂ ਜਿੰਦਗੀਆਂ ਵਿੱਚ ਇਸ ਲਿਖੇ ਦਾ ਅਨੁਵਾਦ ਕਰਦੇ ਹਨ ਅਤੇ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿੱਚ ਇਜ਼ਾਫ਼ਾ ਹੁੰਦਾ ਰਹਿੰਦਾ ਹੈ। ਵੈਸੇ ਤਾਂ ਸਿੱਖ ਇਤਿਹਾਸ ਨੂੰ ਸਾਰੇ ਨੂੰ ਹੀ ਸ਼ਹੀਦਾਂ ਦਾ ਇਤਿਹਾਸ ਕਿਹਾ ਜਾਵੇ ਤਾਂ ਕੋਈ ਅਤਿ-ਕਥਨੀ ਨਹੀਂ ਹੋਵੇਗੀ। ਪਰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਬਿਲਕੁਲ ਅਨੂਠੀ ਅਤੇ ਲਾ ਮਿਸਾਲ ਹੈ। ਚਾਂਦਨੀ ਚੌਕ ਦਾ ਸੰਦੇਸ਼ ਸੰਸਾਰ ਦੇ ਅਮਨ ਅਤੇ ਨਿਆਂ ਪਸੰਦ ਹਿਰਦਿਆਂ ਲਈ ਪ੍ਰੇਰਨਾ ਦਿੰਦਾ ਰਹੇਗਾ ਅਤੇ ਵਿਸ਼ਵ-ਇਤਿਹਾਸ ਨੂੰ ਮਾਨਵੀ ਅਜਾਦੀ ਅਤੇ ਸਮਾਨਤਾ ਦੇ ਗਾਡੀ ਰਾਹ ਤੇ ਚੱਲਣ ਲਈ ਮਾਰਗ ਦਰਸ਼ਕ ਬਣਿਆ ਰਵੇਗਾ। ਚਾਂਦਨੀ ਚੌਕ ਦੇ ਸਾਕੇ ਦੇ 350ਵੇਂ ਵਰ੍ਹੇ ਤੇ ਕੁਝ ਸ਼ਬਦਾਂ ਰਾਹੀਂ ਸ਼ਹੀਦਾਂ ਦੇ ਡੁੱਲ੍ਹੇ ਖ਼ੂਨ ਨੂੰ ਸ਼ਰਧਾਂਜਲੀ ਦੇਣ ਦੀ ਨਿਮਾਣੀ ਜਿਹੀ ਕੋਸ਼ਿਸ਼ ਕਰਦੇ ਹਾਂ।

ਬਹੁਤ ਹੀ ਸੰਖੇਪ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਝਾਤ ਮਾਰਦੇ ਹਾਂ। ਆਪ ਜੀ ਦਾ ਜਨਮ 1 ਅਪ੍ਰੈਲ 1621 ਈਸਵੀ ਨੂੰ ਪਿਤਾ ਗੁਰੂ ਹਰਗੋਬਿੰਦ ਜੀ ਦੇ ਘਰ ਅਤੇ ਮਾਤਾ ਨਾਨਕੀ ਜੀ ਦੀ ਕੁੱਖੋਂ ਅੰਮ੍ਰਿਤਸਰ ਸ਼ਹਿਰ ਵਿਖੇ ਹੋਇਆ, ਜਿੱਥੇ ਅੱਜ ਗੁਰਦੁਆਰਾ ਗੁਰੂ ਕੇ ਮਹਿਲ ਸੁਸ਼ੋਭਿਤ ਹੈ। ਆਪ ਜੀ ਦਾ ਬਚਪਨ ਦਾ ਨਾਮ ਤਿਆਗ ਮੱਲ ਸੀ।1635 ਈਸਵੀ ਵਿੱਚ ਆਪ ਜੀ ਨੇ ਗੁਰੂ ਹਰਿਗੋਬਿੰਦ ਜੀ ਦੀ ਕਰਤਾਰਪੁਰ ਦੀ ਲੜਾਈ ਵਿੱਚ ਤੇਗ ਦੇ ਐਸੇ ਜੌਹਰ ਦਿਖਾਏ ਕਿ ਗੁਰੂ ਜੀ ਨੇ ਉਹਨਾਂ ਦਾ ਨਾਮ ਤਿਆਗ ਮੱਲ ਤੋਂ ਬਦਲ ਕੇ ਤੇਗ ਬਹਾਦਰ ਕਰ ਦਿੱਤਾ । ਉਨ੍ਹਾਂ ਦਾ ਵਿਆਹ ਲਖਨੌਰ ਪਿੰਡ ਦੇ ਭਾਈ ਲਾਲ ਚੰਦ ਦੀ ਸਪੁੱਤਰੀ ਬੀਬੀ ਗੁਜਰੀ ਨਾਲ 1634 ਈਸਵੀ ਨੂੰ ਹੋਇਆ। ਆਪ ਜੀ ਦੇ ਵਿਆਹ ਤੋਂ 32 ਸਾਲ ਬਾਅਦ ਆਪ ਜੀ ਦੇ ਘਰ ਪੁੱਤਰ ਦਾ ਜਨਮ ਹੋਇਆ, ਜਿਸ ਨੂੰ ਆਪ ਉਦੋਂ ਮਿਲੇ, ਜਦੋ ਉਹ 5 ਸਾਲ ਦਾ ਹੋ ਗਿਆ ਸੀ। ਆਪ ਜੀ ਸ਼ੁਰੂ ਤੋਂ ਹੀ ਮਨ ਨੀਵਾਂ ਅਤੇ ਮੱਤ ਉੱਚੀ ਦੇ ਧਾਰਨੀ ਸ਼ਣ। ਨੈਤਿਕ ਗੁਣਾਂ ਨਾਲ ਬਚਪਨ ਤੋਂ ਹੀ ਭਰਪੂਰ ਸਨ। 1664 ਈਸਵੀ ਨੂੰ ਆਪ ਜੀ ਨੂੰ ਗੁਰਗੱਦੀ ਮਿਲੀ । ਗੁਰੂ ਹਰਿਕ੍ਰਿਸ਼ਨ ਜੀ ਨੇ 'ਬਾਬਾ ਬਕਾਲੇ' ਆਖ ਕੇ ਅਗਲੇ ਉੱਤਰ ਅਧਿਕਾਰੀ ਵੱਲ ਇਸ਼ਾਰਾ ਕਰ ਦਿੱਤਾ ਸੀ। ਪਰ ਧੀਰਮੱਲੀਆਂ ਅਤੇ ਰਾਮਰਾਈਆਂ ਨੇ ਆਪ ਗੁਰੂ ਬਣਨ ਲਈ 22 ਮੰਜੀਆਂ ਲਗਾ ਲਈਆਂ ਸਨ। ਭਾਈ ਮੱਖਣ ਸ਼ਾਹ ਲੁਬਾਣੇ ਰਾਹੀਂ ਪ੍ਰਗਟ ਹੋਏ ਤੇਗ ਬਹਾਦਰ ਜੀ ਗੁਰੂ ਬਣੇ ਅਤੇ ਸਿੱਖੀ ਪ੍ਰਚਾਰ ਵਿੱਚ ਜੁਟ ਗਏ। ਗੁਰੂ ਬਣਨ ਤੋਂ ਬਾਅਦ ਆਪ ਜੀ ਨੂੰ ਹਰਿਮੰਦਰ ਸਾਹਿਬ ਵਿਖੇ ਦਾਖਲ ਨਹੀਂ ਹੋਣ ਦਿੱਤਾ ਗਿਆ, ਆਪ ਜੀ ਕੁਝ ਦੂਰੀ ਤੇ ਹੀ ਬੈਠ ਕੇ ਮੁੜ ਗਏ, ਜਿੱਥੇ ਅੱਜਕੱਲ੍ਹ ਗੁਰਦੁਆਰਾ ਥੜ੍ਹਾ ਸਾਹਿਬ ਸੁਸ਼ੋਭਿਤ ਹੈ। ਤਰਨਤਾਰਨ, ਖਡੂਰ ਸਾਹਿਬ, ਗੋਇੰਦਵਾਲ, ਤਲਵੰਡੀ ਸਾਬੋ,ਮੌੜ ਮੰਡੀ, ਮਹਿਸਰਖਾਨਾ ਆਦਿ ਦੀ ਯਾਤਰਾ ਕੀਤੀ। ਕਹਿਲੂਰ ਦੇ ਰਾਜੇ ਤੋਂ ਜਮੀਨ ਖਰੀਦ ਕੇ ਚੱਕ ਨਾਨਕੀ ਸ਼ਹਿਰ ਵਸਾਇਆ, ਜਿਸ ਦਾ ਨਾਮ ਮਾਖੋਵਾਲ ਅਤੇ ਬਾਅਦ ਵਿੱਚ ਅਨੰਦਪੁਰ ਸਾਹਿਬ ਪ੍ਰਸਿੱਧ ਹੋਇਆ। 1656 ਈਸਵੀ ਤੋਂ ਭਾਰਤ ਦਾ ਪ੍ਰਚਾਰਕ ਦੌਰਾ ਆਰੰਭ ਕੀਤਾ।ਘਨੌਲੀ, ਰੋਪੜ, ਧਮਤਾਨ, ਕੁਰੂਕਸ਼ੇਤਰ, ਮਥੁਰਾ, ਆਗਰਾ, ਕਾਨਪੁਰ, ਅਲਾਹਾਬਾਦ, ਪ੍ਰਯਾਗ,ਕਾਂਸੀ ,ਗਯਾ ਅਤੇ ਪਟਨਾ ਵਿਖੇ ਵੀ ਗਏ। ਪੂਰਬੀ ਭਾਰਤ ਵਿਚ ਗੁਰੂ ਜੀ ਬਿਹਾਰ, ਆਸਾਮ, ਬੰਗਾਲ ਅਤੇ ਢਾਕਾ ਵਿਖੇ ਵੀ ਸਿੱਖੀ ਦੇ ਪ੍ਰਚਾਰ ਲਈ ਗਏ। ਵੱਖ ਵੱਖ ਧਾਰਮਿਕ ਸਥਾਨਾਂ ਉੱਤੇ ਵੀ ਗਏ। ਅਤੇ ਗੁਰਮਤਿ ਦ੍ਰਿੜ੍ਹ ਕਰਵਾਉਂਦੇ ਰਹੇ ।ਸ਼ਬਦ ਦੇ ਪ੍ਰਚਾਰ ਦੇ ਨਾਲ ਹੀ ਆਪ ਜੀ ਨੇ ਖੁਦ ਵੀ ਬਾਣੀ ਦੀ ਰਚਨਾ ਕੀਤੀ, ਜਿਸ ਦਾ ਆਸ਼ਾ ਅਤੇ ਮਨੋਰਥ ਨਾਨਕ-ਸਿਧਾਂਤ ਦੇ ਪੂਰਨ ਅਨੁਕੂਲ ਹੈ।

ਆਪ ਜੀ ਦੀ ਬਾਣੀ ਵਿੱਚ ਨਾਸ਼ਮਾਨਤਾ, ਬੈਰਾਗ ਅਤੇ ਪ੍ਰਭੂ ਪ੍ਰੇਮ ਦਾ ਭਰਪੂਰ ਮਾਤਰਾ ਵਿੱਚ ਵਰਨਣ ਹੈ। ਆਪ ਜੀ ਦੀ ਬਾਣੀ 15 ਰਾਗਾਂ ਵਿੱਚ ਪ੍ਰਾਪਤ ਹੈ ,ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਬੀੜ ਵਿੱਚ ਸ਼ਾਮਲ ਕਰਵਾ ਕੇ ਉਸਨੂੰ ਗੁਰੂ ਗ੍ਰੰਥ ਸਾਹਿਬ ਦਾ ਦਰਜਾ ਦੇ ਦਿੱਤਾ ਸੀ। ਆਪ ਜੀ ਦੀ ਰਾਗਾਂ ਵਿੱਚ ਲਿਖੀ ਗਈ ਬਾਣੀ ਦੇ ਕੁੱਲ 59 ਪਦੇ ਹਨ ਅਤੇ ਸਲੋਕ ਮਹਲਾ 9 ਅਧੀਨ 57 ਬੈਰਾਗਮਈ ਸਲੋਕ ਹਨ, ਜਿਹਨਾਂ ਨੂੰ ਹਰ ਸਹਿਜ ਪਾਠ ਜਾਂ ਅਖੰਡ ਪਾਠ ਦੀ ਸਮਾਪਤੀ ਤੇ ਪੜ੍ਹਿਆ ਜਾਂਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ :- ਔਰੰਗਜੇਬ ਇਕ ਕੱਟੜ ਮੁਸਲਮਾਨ ਸ਼ਾਸ਼ਕ ਸੀ ਜਿਸ ਨੇ ਦਿੱਲੀ ਦੇ ਤਖਤ ਤੇ ਬੈਠਦਿਆਂ ਹੀ ਗੈਰ-ਮੁਸਲਮਾਨਾਂ ਤੇ ਸਖਤੀ ਅਤੇ ਤਸ਼ੱਦਦ ਸ਼ੁਰੂ ਕਰ ਦਿੱਤਾ ਸੀ। ਉਹ ਆਪਣੀ ਵਲੋਂ ਇਸਲਾਮ ਦਾ ਪ੍ਰਚਾਰ ਹੀ ਕਰ ਰਿਹਾ ਸੀ ਅਤੇ ਕਾਫਰਾਂ ਨੂੰ ਮੋਮਨ ਬਣਾ ਰਿਹਾ ਸੀ। ਜੋ ਇਸਲਾਮ ਧਾਰਨ ਨਹੀਂ ਸੀ ਕਰਦੇ, ਔਰੰਗਜੇਬ ਅਨੁਸਾਰ ਉਹਨਾਂ ਨੂੰ ਜਿਊਣ ਦਾ ਕੋਈ ਹੱਕ ਨਹੀਂ ਸੀ। ਇਸਲਈ ਉਹ ਉਹਨਾਂ ਨੂੰ ਕਤਲ ਕਰਵਾ ਦਿੰਦਾ ਸੀ। ਕਿਹਾ ਜਾਂਦਾ ਏ ਕਿ ਉਹ ਇਕ ਦਿਨ ਵਿਚ ਸਵਾ ਮਣ ਜੰਞੂ ਉਤਾਰਦਾ ਸੀ, ਜਿਹਨਾਂ ਨੂੰ ਜਾਂ ਤਾਂ ਇਸਲਾਮ ਵਿਚ ਸ਼ਾਮਲ ਕਰ ਲਿਆ ਜਾਂਦਾ ਸੀ ਤੇ ਜਾਂ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ।ਕਸ਼ਮੀਰ ਦੇ ਹਿੰਦੂ ਇਸ ਜ਼ੁਲਮ ਤੋਂ ਬਹੁਤ ਜਿਆਦਾ ਦੁਖੀ ਸਨ। ਉਹਨਾਂ ਕਸ਼ਮੀਰ ਦੇ ਸਿੱਖ ਪ੍ਰਚਾਰਕ ਭਾਈ ਕਿਰਪਾ ਰਾਮ ਨੂੰ ਨਾਲ ਲਿਆ ਅਤੇ ਅਨੰਦਪੁਰ ਸਾਹਿਬ ਵਿਚ ਗੁਰੂ ਨਾਨਕ ਦੀ ਗੱਦੀ ਤੇ ਬਿਰਾਜਮਾਨ ਗੁਰੂ ਤੇਗ ਬਹਾਦਰ ਜੀ ਕੋਲ ਆ ਫਰਿਆਦ ਕੀਤੀ। ਕਿਉਂਕਿ ਉਹਨਾਂ ਨੂੰ ਭਰੋਸਾ ਸੀ ਕਿ ਗੁਰੂ ਨਾਨਕ ਦਾ ਘਰ ਦਰ ਆਇਆਂ ਦੀ ਲਾਜ ਰੱਖਦਾ ਹੈ। ਗੁਰੂ ਤੇਗ ਬਹਾਦਰ ਜੀ ਨੇ ਉਹਨਾਂ ਦੇ ਦੁੱਖੜੇ ਸੁਣੇ। ਆਪ ਜੀ ਦਾ ਕੋਮਲ ਹਿਰਦਾ ਵਲੂੰਧਰਿਆ ਗਿਆ। ਉਹਨਾਂ ਗੰਭੀਰ ਚਿੰਤਨ ਤੋਂ ਬਾਅਦ ਉਹਨਾਂ ਨੂੰ ਕਿਹਾ ਕਿ ਉਹ ਆਪਣੇ ਰਾਜੇ ਨੂੰ ਸੁਨੇਹਾ ਦੇਣ ਕਿ ਜੇ ਤੇਗ ਬਹਾਦਰ ਮੁਸਲਮਾਨ ਬਣ ਜਾਵੇ, ਅਸੀਂ ਸਾਰੇ ਮੁਸਲਮਾਨ ਬਣ ਜਾਵਾਂਗੇ। ਸੁਨੇਹਾ ਮਿਲਣ ਤੇ ਰਾਜਾ ਬਹੁਤ ਖੁਸ਼ ਹੋਇਆ। ਉਸਨੂੰ ਲੱਗਾ ਕਿ ਇੱਕ ਵਿਅਕਤੀ ਨੂੰ ਮੁਸਲਮਾਨ ਬਣਾਉਣਾ ਸੌਖਾ ਹੈ।



ਗੁਰੂ ਤੇਗ ਬਹਾਦਰ ਜੀ ਨੂੰ ਕੈਦ ਕਰ ਲਿਆ ਗਿਆ। ਉਹਨਾਂ ਅੱਗੇ ਤਿੰਨ ਸ਼ਰਤਾਂ ਰੱਖੀਆਂ ਗਈਆਂ।
1.ਇਸਲਾਮ ਕਬੂਲ ਕਰ ਲਵੇ 2.ਆਪਣੇ ਪੀਰ ਹੋਣ ਦੇ ਸਬੂਤ ਵਜੋਂ ਕੋਈ ਕਰਾਮਾਤ ਦਿਖਾਈ ਜਾਵੇ। 3. ਮਰਨ ਲਈ ਤਿਆਰ ਰਹਿਣ। ਗੁਰੂ ਤੇਗ ਬਹਾਦਰ ਜੀ ਨੇ ਪਹਿਲੀ ਸ਼ਰਤ ਕੱਟ ਦਿੱਤੀ ਕਿਉਂਕਿ ਉਹਨਾਂ ਅਨੁਸਾਰ ਧਰਮ ਇਕ ਨਿਜੀ ਵਿਸ਼ਾ ਹੈ, ਇਹ ਠੋਸਿਆ ਨਹੀਂ ਜਾ ਸਕਦਾ। ਦੂਸਰੀ ਸ਼ਰਤ ਕਰਾਮਾਤ ਨੂੰ ਪ੍ਰਭੂ ਦੇ ਹੁਕਮ ਦੇ ਉਲਟ ਜਾਣਾ ਦੱਸਿਆ ਅਤੇ ਤੀਸਰੀ ਸ਼ਰਤ ਪ੍ਰਵਾਨ ਕਰਦਿਆਂ ਕਿਹਾ ਕਿ ਮਰਨ ਲਈ ਇਕ ਸਿੱਖ ਹਮੇਸ਼ਾ ਹੀ ਤਿਆਰ ਰਹਿੰਦਾ ਹੈ। ਗੁਰੂ ਜੀ ਨੂੰ ਡਰਾਉਣ ਦੇ ਉਦੇਸ਼ ਨਾਲ ਉਹਨਾਂ ਦੀਆਂ ਅੱਖਾਂ ਸਾਹਮਣੇ ਉਹਨਾਂ ਦੇ ਤਿੰਨ ਸਿੱਖਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਭਾਈ ਮਤੀ ਦਾਸ ਜੀ ਦੇ ਸਰੀਰ ਨੂੰ ਆਰੇ ਨਾਲ ਚੀਰ ਦਿੱਤਾ ਗਿਆ। ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਅੱਗ ਲਗਾ ਦਿੱਤੀ ਗਈ ਅਤੇ ਭਾਈ ਦਿਆਲਾ ਜੀਂ ਨੂੰ ਉਬਲਦੇ ਪਾਣੀ ਦੇ ਦੇਗੇ ਵਿਚ ਬੈਠਾ ਕੇ ਉਬਾਲ ਦਿੱਤਾ ਗਿਆ। ਗੁਰੂ ਸਾਹਿਬ ਨੇ ਤਾਂ ਕੀ ਡੋਲ੍ਹਣਾ ਸੀ, ਇਹ ਤਿੰਨੇ ਸੂਰਬੀਰ ਵੀ ਆਪਣੇ ਸਿਦਕ ਵਿੱਚ ਪੱਕੇ ਰਹੇ ਅਤੇ ਗੁਰੂ ਸ਼ਬਦ ਦਾ ਜਾਪ ਕਰਦਿਆਂ ਸ਼ਹੀਦ ਹੋ ਗਏ। ਕਾਜੀ ਸ਼ੇਖਲ ਨੇ ਗੁਰੂ ਤੇਗ ਬਹਾਦਰ ਜੀ ਦਾ ਸਿਰ ਕਲਮ ਕੀਤੇ ਜਾਣ ਦਾ ਫਤਵਾ ਸੁਣਾਇਆ ਅਤੇ ਜੱਲਾਦ ਜਲਾਲੁਦੀਨ ਨੇ ਗੁਰੂ ਜੀ ਦਾ ਸਿਰ ਕਲਮ ਕਰ ਦਿੱਤਾ। ਵਿਸ਼ਵ ਦੇ ਇਤਿਹਾਸ ਵਿੱਚ ਇੱਕ ਨਵਾਂ ਅਧਿਆਇ ਜੁੜ ਗਿਆ ਕਿਉਂਕਿ ਐਸੀ ਸ਼ਹੀਦੀ ਅੱਜ ਤੱਕ ਨਹੀਂ ਸੀ ਹੋਈ। ਜਾਲਮ ਦਾ ਇਰਾਦਾ ਸੀ ਕਿ ਗੁਰੂ ਜੀ ਦੇ ਮ੍ਰਿਤਕ ਸਰੀਰ ਦੇ ਟੁਕੜੇ ਟੁਕੜੇ ਕਰ ਕੇ ਵੱਖ ਵੱਖ ਚੌਰਾਹਿਆਂ ਵਿੱਚ ਦਰੱਖਤਾਂ ਤੇ ਲਟਕਾਏ ਜਾਣ ਤਾਂ ਕਿ ਸਿੱਖਾਂ ਵਿੱਚ ਦਹਿਸ਼ਤ ਪੈਦਾ ਹੋ ਸਕੇ। ਪਰ ਉਸੇ ਸਮੇਂ ਤੇਜ ਹਨੇਰੀ ਅਤੇ ਝੱਖੜ ਆਇਆ, ਜਿਸ ਦਾ ਲਾਭ ਉਠਾ ਕੇ ਭਾਈ ਜੈਤਾ ਜੀ ਨੇ ਗੁਰੂ ਜੀ ਦਾ ਸੀਸ ਉਠਾ ਲਿਆ। ਜਿਸ ਨੂੰ ਉਹ ਅਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਕੋਲ ਲੈ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਸਤਿਕਾਰ ਨਾਲ ਅਨੰਦਪੁਰ ਸਾਹਿਬ ਵਿਖੇ ਹੀ ਸੀਸ ਦਾ ਸੰਸਕਾਰ ਕੀਤਾ। ਗੁਰੂ ਜੀ ਦੇ ਧੜ ਨੂੰ ਭਾਈ ਲੱਖੀ ਸ਼ਾਹ ਵਣਜਾਰਾ ਆਪਣੇ ਰੂੰ ਦੇ ਗੱਡੇ ਵਿੱਚ ਰੱਖ ਕੇ ਆਪਣੇ ਘਰ ਲੈ ਆਇਆ ਅਤੇ ਉਸਨੇ ਆਪਣੇ ਘਰ ਨੂੰ ਹੀ ਅੱਗ ਲਗਾ ਕੇ ਗੁਰੂ ਜੀ ਦੇ ਧੜ ਦਾ ਸੰਸਕਾਰ ਕੀਤਾ। ਦਿੱਲੀ ਵਿਖੇ ਜਿੱਥੇ ਸੀਸ ਕੱਟਿਆ ਗਿਆ ਸੀ, ਉਥੇ ਗੁਰਦੁਆਰਾ ਸੀਸ ਗੰਜ ਅਤੇ ਧੜ ਦੇ ਸੰਸਕਾਰ ਵਾਲੀ ਜਗ੍ਹਾ ਗੁਰਦੁਆਰਾ ਰਕਾਬ ਗੰਜ ਸੁਸ਼ੋਭਿਤ ਹੈ।

ਗੁਰੂ ਜੀ ਦੀ ਸ਼ਹਾਦਤ ਸੰਬੰਧੀ ਕੁਝ ਵਿਚਾਰਾਂ :---

1. ਹਿੰਦ ਦੀ ਚਾਦਰ ਕਿ ਸ੍ਰਿਸ਼ਟਿ ਕੀ ਚਾਦਰ ?? ਗੁਰੂ ਤੇਗ ਬਹਾਦਰ ਜੀ ਨੂੰ ਕਦੋਂ ਅਤੇ ਕਿਸ ਨੇ ਹਿੰਦ ਕੀ ਚਾਦਰ ਕਹਿਣਾ ਸ਼ੁਰੂ ਕਰ ਦਿੱਤਾ ਇਸ ਦਾ ਕੋਈ ਸਰੋਤ ਸਾਨੂੰ ਨਹੀਂ ਮਿਲਿਆ। ਪਰ ਜਾਪਦਾ ਇਹੀ ਹੈ ਕਿ ਸਾਡੀ ਅਗਿਆਨਤਾ ਨੇ ਅਤੇ ਵਿਰੋਧੀਆਂ ਦੀ ਸਾਜਿਸ਼ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਤੰਗ ਨਜ਼ਰੀਏ ਤੋਂ ਪੇਸ਼ ਕੀਤਾ ਹੈ ਅਤੇ ਅਸੀਂ ਜਾਣੇ ਅਣਜਾਣੇ ਹੁਣ ਹਿੰਦ ਕੀ ਚਾਦਰ ਕਹਿਣ ਲੱਗ ਪਏ ਹਾਂ।

ਕਵੀ ਸੈਨਾਪਤਿ ਦੀ ਪੁਸਤਕ ਸ੍ਰੀ ਗੁਰੂ ਸੋਭਾ, ਜਿਸ ਨੂੰ ਵਿਦਵਾਨਾਂ ਨੇ ਕਾਫੀ ਹੱਦ ਤੱਕ ਪ੍ਰਮਾਣਿਤ ਆਖਿਆ ਹੈ, ਉਸ ਵਿੱਚ ਇਹ ਸ਼ਬਦ ਦਰਜ ਹਨ--

ਪ੍ਰਗਟ ਭਏ ਗੁਰੁ ਤੇਗ ਬਹਾਦਰ ॥
ਸਗਲ ਸ੍ਰਿਸ਼ਟਿ ਪੈ ਢਾਕੀ ਚਾਦਰ ॥...............(ਸ੍ਰੀ ਗੁਰੁ ਸੋਭਾ, ਕਵੀ ਸੈਨਾਪਤਿ)

ਇਸ ਨੂੰ ਕਿਸ ਨੇ ਬਦਲ ਕੇ ਹਿੰਦ ਕੀ ਚਾਦਰ ਕਰ ਦਿੱਤਾ ਅਤੇ ਕਿਉ ??? ਜੇ ਇਥੇ ਹਿੰਦ ਦਾ ਭਾਵ ਹਿੰਦੁਸਤਾਨ ਹੈ ਤਦ ਵੀ ਇਹ ਠੀਕ ਨਹੀਂ, ਕਿਉਂਕਿ ਗੁਰੂ ਜੀ ਨੂੰ ਇਕ ਦੇਸ਼ ਤੱਕ ਸੀਮਿਤ ਕਰਨਾ ਗਲਤ ਹੈ। ਜੇ ਇਸ ਦਾ ਭਾਵ ਹਿੰਦੂ ਧਰਮ ਤੋਂ ਹੈ, ਤਦ ਵੀ ਇਹ ਠੀਕ ਨਹੀਂ ਕਿ ਗੁਰੂ ਜੀ ਨੂੰ ਸਮੂਹ ਮਾਨਵਤਾ ਨਾਲੋਂ ਤੋੜ ਕੇ ਕਿਸੇ ਇੱਕ ਮਜ਼ਹਬ ਨਾਲ ਬੰਨ੍ਹਿਆ ਜਾਵੇ ।

2.ਤਿਲਕ ਜੰਞੂ ਰਾਖਾ ਪ੍ਰਭ ਤਾਕਾ? ਉਪਰੋਕਤ ਪੰਕਤੀਆਂ ਬਚਿੱਤਰ ਨਾਟਕ ਵਿਚੋਂ ਹਨ, ਜੋ ਦਸਮ ਗ੍ਰੰਥ ਦਾ ਇਕ ਭਾਗ ਹੈ। ਦਸਮ ਗ੍ਰੰਥ ਦੇ ਕਰਤਾ ਬਾਰੇ ਅੱਜ ਤੱਕ ਪੰਥ ਅਤੇ ਵਿਦਵਾਨਾਂ ਵਿੱਚ ਵਿਵਾਦ ਚੱਲ ਰਿਹਾ ਹੈ । ਵਿਦਵਾਨਾਂ ਦਾ ਇਕ ਹਿੱਸਾ ਇਸ ਨੂੰ ਸਾਰੇ ਦੇ ਸਾਰੇ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਮੰਨਦਾ ਹੈ। ਦੂਸਰਾ ਹਿੱਸਾ ਇਸ ਦਾ ਪੂਰਨ ਵਿਰੋਧੀ ਹੈ ਅਤੇ ਇਸ ਵਿਚ ਅਸ਼ਲੀਲਤਾ ਅਤੇ ਬਿਪਰਵਾਦ ਦੀ ਹੋਂਦ ਕਾਰਨ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਨਹੀਂ ਮੰਨਦਾ। ਤੀਸਰਾ ਹਿੱਸਾ ਅਜਿਹਾ ਵੀ ਹੈ ਜੋ ਇਸ ਗ੍ਰੰਥ ਦੀਆਂ ਕੁਝ ਬਾਣੀਆਂ ਜਿਵੇਂ ਜਾਪ, ਸਵਈਏ, ਜ਼ਫਰਨਾਮਾ ਆਦਿ ਨੂੰ ਗੁਰੂ ਗੋਬਿੰਦ ਸਿੰਘ ਜੀ ਦੀਆਂ ਲਿਖੀਆਂ ਮੰਨਦਾ ਹੈ ਅਤੇ ਕੁਝ ਗੁਰਮਤਿ ਵਿਰੋਧੀ ਰਚਨਾਵਾਂ ਨੂੰ ਗੁਰੂ-ਕ੍ਰਿਤ ਨਹੀਂ ਮੰਨਦਾ। ਅਸੀਂ ਇਸ ਸਮੇਂ ਇਸ ਵਿਸ਼ੇ ਤੇ ਕੋਈ ਚਰਚਾ ਨਹੀਂ ਕਰਨਾ ਚਾਹੁੰਦੇ, ਪਰ ਇਹ ਪ੍ਰਸ਼ਨ ਜ਼ਰੂਰ ਕਰਨਾ ਚਾਹੁੰਦੇ ਹਾਂ ਕਿ ਗੁਰੂ ਤੇਗ ਬਹਾਦਰ ਜੀ ਨੂੰ ਸਿਰਫ ਤਿਲਕ ਜੰਞੂ ਦੀ ਰਾਖੀ ਨਾਲ ਹੀ ਕਿਉ ਬੰਨ੍ਹਿਆ ਜਾਵੇ ? ਠੀਕ ਹੈ ਕਿ ਉਸ ਸਮੇਂ ਤਿਲਕ ਜਨੇਊ ਖਤਰੇ ਵਿੱਚ ਸਨ, ਪਰ ਧਾਰਮਿਕ ਆਜ਼ਾਦੀ ਦੀ ਰਾਖੀ ਸ਼ਬਦ ਕਿਉਂ ਨਹੀਂ ਪ੍ਰਚਾਰਿਆ ਜਾਂਦਾ ?

ਸਾਰੇ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਜੇ ਇਸਲਾਮ ਧਰਮ ਤੇ ਜ਼ੁਲਮ ਹੋ ਰਿਹਾ ਹੁੰਦਾ, ਤਾਂ ਗੁਰੂ ਜੀ ਉਸ ਲਈ ਵੀ ਆਪਣੀ ਸ਼ਹਾਦਤ ਉਸੇ ਭਾਵਨਾ ਨਾਲ ਦਿੰਦੇ। ਫੇਰ ਅਸੀਂ ਆਪਣੇ ਪ੍ਰਚਾਰ ਸਮੇਂ ਉਸ ਬ੍ਰਹਿਮੰਡੀ ਅਤੇ ਮਨੁੱਖਤਾ ਵਾਦੀ ਭਾਵਨਾ ਨੂੰ ਤੰਗ ਨਜ਼ਰੀਏ ਤੋਂ ਕਿਉ ਪੇਸ਼ ਕਰ ਰਹੇ ਹਾਂ । ਪੂਰੀਆਂ ਪੰਕਤੀਆਂ ਇਸ ਤਰਾਂ ਹਨ-

ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥
ਕੀਨੋ ਬਡੋ ਕਲੂ ਮਹਿ ਸਾਕਾ ॥
ਧਰਮ ਹੇਤ ਸਾਕਾ ਜਿਨਿ ਕੀਆ॥
ਸੀਸ ਦੀਆ ਪਰ ਸਿਰਰੁ ਨ ਦੀਆ॥



ਜਸਵਿੰਦਰ ਸਿੰਘ ਰੁਪਾਲ
9814715796

ਇੱਥੇ ਇੱਕ ਗੱਲ ਹੋਰ ਵਿਚਾਰਨ ਵਾਲੀ ਹੈ ॥ ਆਮ ਤੌਰ ਤੇ ਸਿਰਰੁ ਦਾ ਅਰਥ ਸਿਰੜ ਕਰ ਲਿਆ ਜਾਂਦਾ ਹੈ। ਜੋ ਇਕ ਛੋਟਾ ਅਰਥ ਹੈ। ਸਿਰਰੁ ਨੂੰ ਕਲਬ,ਰੂਹ,ਧਫੀ ਵੀ ਕਿਹਾ ਜਾਂਦਾ ਹੈ ਜੋ ਸੂਫ਼ੀਆਂ ਦੀ ਉਹ ਅਧਿਆਤਮਕ ਅਵਸਥਾ ਹੈ ਜਿੱਥੇ ਪਾਰਗਾਮੀ ਰੂਪ ਵਿਚ ਸਭ ਨਿਹੋਂਦ ਹੈ ਜਦਕਿ ਸਿਰੜ ਇਕ ਤਰ੍ਹਾਂ ਦੀ ਭੌਤਿਕ ਅਵਸਥਾ ਹੈ।

3.ਗੋਬਿੰਦ ਰਾਏ ਵਲੋਂ ਪਿਤਾ ਦੀ ਕੁਰਬਾਨੀ :-- ਸਾਡੇ ਪ੍ਰਚਾਰਕ ਬਹੁਤ ਜਿਆਦਾ ਜੋਰ ਦੇ ਕੇ ਕਹਿੰਦੇ ਹਨ ਕਿ ਪੰਡਤਾਂ ਦੀ ਫਰਿਆਦ ਸੁਣ ਕੇ ਗੁਰੂ ਤੇਗ ਬਹਾਦਰ ਜੀ ਗੰਭੀਰ ਹੋ ਕੇ ਸੋਚਣ ਲੱਗ ਪਏ। ਬਾਲ ਗੋਬਿੰਦ ਰਾਏ ਦੇ ਪੁੱਛਣ ਤੇ ਗੁਰੂ ਜੀ ਸਮੱਸਿਆ ਦੇ ਹੱਲ ਲਈ ਕਿਸੇ ਮਹਾਂਪੁਰਖ ਦੀ ਕੁਰਬਾਨੀ ਦੀ ਲੋੜ ਬਾਰੇ ਦੱਸਦੇ ਹਨ ਤੇ ਬਾਲ ਗੋਬਿੰਦ ਇੱਕ ਦਮ ਆਖਦੇ ਹਨ-ਪਿਤਾ ਜੀ ਆਪ ਜੀ ਤੋਂ ਵੱਡਾ ਮਹਾਂਪੁਰਖ ਕੌਣ ਹੋ ਸਕਦਾ ਹੈ ?? ਅਤੇ ਤਦ ਗੁਰੂ ਤੇਗ ਬਹਾਦਰ ਜੀ ਨੇ ਪੰਡਤਾਂ ਨੂੰ ਕਿਹਾ ਕਿ ਉਹ ਔਰੰਗਜੇਬ ਨੂੰ ਆਖਣ ਕਿ ਉਹ ਤੇਗ ਬਹਾਦਰ ਨੂੰ ਮੁਸਲਮਾਨ ਬਣਾਵੇ। ਬਹੁਤ ਹੀ ਸਤਿਕਾਰ ਨਾਲ ਅਤੇ ਖਿਮਾ ਜਾਚਨਾ ਕਰਦਾ ਹੋਇਆ ਕਹਿਣਾ ਚਾਹਾਂਗਾ ਕਿ ਇਸ ਵਾਰਤਾਲਾਪ ਨੂੰ ਇਸ ਤਰਾਂ ਪ੍ਰਚਾਰਿਆ ਜਾਣਾ ਠੀਕ ਨਹੀਂ ਲੱਗਦਾ। ਬਾਲ ਗੋਬਿੰਦ ਰਾਏ ,ਜੋ ਉਸ ਸਮੇਂ ਅਜੇ ਗੁਰੂ ਨਹੀਂ ਸੀ ਬਣੇ, ਉਹਨਾਂ ਦੀ ਗੱਲਬਾਤ ਨੂੰ ਵਡਿਆਉਂਦੇ ਹੋਏ ,ਅਸੀਂ ਅਨਜਾਣਪੁਣੇ ਵਿੱਚ ਹੀ ਗੁਰੂ ਤੇਗ ਬਹਾਦਰ ਜੀ ਦਾ ਕੱਦ ਛੋਟਾ ਕਰ ਦਿੰਦੇ ਹਾਂ। ਕੀ, ਜੇ ਬਾਲ ਗੋਬਿੰਦ ਨਾ ਆਖਦੇ, ਤਾਂ ਗੁਰੂ ਜੀ ਆਪਣੀ ਸ਼ਹੀਦੀ ਨਾ ਦਿੰਦੇ ??? ਜਾਂ ਕੀ ਗੁਰੂ ਜੀ ਨੂੰ ਜ਼ੁਲਮ ਦੇ ਸਤਾਏ ਪੰਡਤਾਂ ਦੇ ਦੁੱਖ ਨਾਲੋਂ ਪੁੱਤਰ ਦੀ ਦੀ ਪ੍ਰੇਰਨਾ ਜਿਆਦਾ ਮੁੱਲਵਾਨ ਲੱਗਦੀ ਸੀ ??? ਸੰਗਤ ਵਿਚਾਰ ਜਰੂਰ ਕਰੇ।

ਗੁਰਮਤਿ ਦਾ ਤਾਂ ਸਿਧਾਂਤ ਹੀ ਇਹੀ ਹੈ ਜਿਸ ਨੂੰ ਗੁਰਬਾਣੀ ਵਿੱਚ ਵੀ ਬਿਆਨ ਕੀਤਾ ਗਿਆ ਹੈ ਅਤੇ ਪਹਿਲੇ ਗੁਰੂ ਸਾਹਿਬਾਨ ਅਤੇ ਭਗਤਾਂ ਦੁਆਰਾ ਜੀਅ ਕੇ ਵੀ ਦਿਖਾਇਆ ਗਿਆ ਹੈ।

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥........(ਪੰਨਾ 1412, ਸਲੋਕ ਵਾਰਾਂ ਤੇ ਵਧੀਕ ਮਹਲਾ 1)
ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥........(ਪੰਨਾ 1102, ਸਲੋਕ ਮ :5)

**ਸ਼ਹਾਦਤ ਲਾਸਾਨੀ ਅਤੇ ਵਿਲੱਖਣ ਕਿਉ :-** ਗੁਰੂ ਤੇਗ ਬਹਾਦਰ ਜੀ ਨੂੰ ਲਾਸਾਨੀ ਸ਼ਹੀਦ ਅਤੇ ਉਹਨਾਂ ਦੀ ਸ਼ਹਾਦਤ ਨੂੰ ਵਿਲੱਖਣ ਸ਼ਹਾਦਤ ਕਿਹਾ ਜਾਂਦਾ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ

1. ਇਹ ਸ਼ਹਾਦਤ ਮਨੁੱਖਤਾ ਦੀ ਪੂਰਨ ਆਜ਼ਾਦੀ ਲਈ ਸੀ। ਜਿਸ ਜਨੇਊ ਨੂੰ ਗੁਰੂ ਨਾਨਕ ਜੀ ਨੇ ਪਹਿਨਣ ਤੋਂ ਇਨਕਾਰ ਕਰ ਦਿੱਤਾ ਸੀ, ਗੁਰਬਾਣੀ ਵਿੱਚ ਵੀ ਬਾਹਰੀ ਜਨੇਊ ਦਾ ਖੰਡਨ ਕੀਤਾ ਗਿਆ ਹੈ, ਓਹੀ ਜਨੇਊ ਨੂੰ ਕੋਈ ਧੱਕੇ ਨਾਲ ਉਤਾਰੇ, ਇਹ ਵੀ ਬਰਦਾਸ਼ਤ ਤੋਂ ਬਾਹਰ ਹੈ। ਜਿਸ ਤਰਾਂ ਧੱਕੇ ਨਾਲ ਜਨੇਊ ਪਾਇਆ ਜਾਣਾ ਗਲਤ ਹੈ, ਉਸੇ ਤਰਾਂ ਉਤਾਰਿਆ ਜਾਣਾ ਵੀ ਗਲਤ ਹੈ। ਇਹ ਸੰਸਾਰ ਵਿੱਚ ਇੱਕੋ ਇੱਕ ਅਜਿਹੀ ਸ਼ਹਾਦਤ ਹੈ, ਜਿਹੜੀ ਉਸ ਵਿਸ਼ਵਾਸ਼ ਖਾਤਰ ਦਿੱਤੀ ਗਈ ਜਿਸ ਨੂੰ ਸ਼ਹਾਦਤ ਦੇਣ ਵਾਲਾ ਆਪ ਨਹੀਂ ਮੰਨਦਾ ਸੀ। (ਸਾਡੇ ਕਈ ਕਾਹਲੇ ਅਤੇ ਮਾਡਰਨ ਪ੍ਰਚਾਰਕ ਪੰਜ ਕਕਾਰਾਂ ਨੂੰ ਜਨੇਊ ਨਾਲ ਤੁਲਨਾ ਦੇ ਕੇ ਇਹ ਆਖਦੇ ਹਨ ਕਿ ਗੁਰੂ ਨਾਨਕ ਨੇ ਜਨੇਊ ਦਾ ਖੰਡਨ ਕੀਤਾ ਸੀ ਅਤੇ ਅਸੀ ਅੱਜ ਪੰਜ ਕਕਾਰਾਂ ਦਾ ਪ੍ਰਚਾਰ ਕਰ ਰਹੇ ਹਾਂ। ਸਤਿਕਾਰ ਸਹਿਤ ਬੇਨਤੀ ਹੈ ਕਿ ਪੰਜ ਕਕਾਰ ਕਦੇ ਵੀ ਧੱਕੇ ਨਾਲ ਨਹੀਂ ਪਹਿਨਾਏ ਜਾਂਦੇ। ਅੰਮ੍ਰਿਤ ਅਭਿਲਾਖੀ ਦੇ ਖੁਦ ਬੇਨਤੀ ਕਰਨ ਤੋਂ ਬਾਅਦ ਪਹਿਨਾਏ ਜਾਂਦੇ ਹਨ। ਇਹ ਪੂਰਨ ਧਾਰਮਿਕ ਆਜ਼ਾਦੀ ਹੈ । ਜਿਸ ਨੂੰ ਅਜੋਕੀ ਭਾਸ਼ਾ ਵਿੱਚ ਮਨੁੱਖੀ ਅਧਿਕਾਰ ਆਖਿਆ ਜਾਂਦਾ ਹੈ। ਇਸ ਲਈ ਜਨੇਊ ਅਤੇ ਕਕਾਰਾਂ ਦੀ ਤੁਲਨਾ ਜਾਇਜ਼ ਨਹੀਂ ਹੈ ।)

2.ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਪੁਸਤਕ ਵਿੱਚ ਦੌਲਤ ਰਾਇ ਗੁਰੂ ਜੀ ਦੀ ਗ੍ਰਿਫਤਾਰੀ ਨੂੰ ਉਲਟੀ ਗੰਗਾ ਵਹਾਉਣਾ ਲਿਖਦਾ ਹੈ। ਆਮ ਕਰਕੇ ਕਾਤਲ, ਮਕਤੂਲ ਕੋਲ ਚੱਲ ਕੇ ਆਉਂਦਾ ਹੈ ਪਰ ਗੁਰੂ ਤੇਗ ਬਹਾਦਰ ਜੀ ਖੁਦ ਕਾਤਲ ਕੋਲ ਚੱਲ ਕੇ ਜਾਂਦੇ ਹਨ।

3.ਇਹ ਵੀ ਇਤਿਹਾਸ ਵਿੱਚ ਪਹਿਲੀ ਵਾਰ ਹੈ ਕਿ ਕਿਸੇ ਸ਼ਹੀਦ ਦੀ ਮ੍ਰਿਤਕ ਦੇਹ ਦਾ ਸੰਸਕਾਰ ਵੀ ਹਿੱਸਿਆਂ ਵਿੱਚ ਹੋਇਆ ਹੋਵੇ। ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸੰਸਕਾਰ ਅਨੰਦਪੁਰ ਸਾਹਿਬ ਵਿਖੇ ਅਤੇ ਧੜ ਦਾ ਸੰਸਕਾਰ ਦਿੱਲੀ ਵਿਖੇ ਹੋਇਆ ਸੀ।

4. ਸੀਸ ਉਠਾਉਣ ਵਾਲੇ ਭਾਈ ਜੀਵਨ ਸਿੰਘ ਉਰਫ ਜੈਤਾ ਜੀ ਚਮਕੌਰ ਦੀ ਜੰਗ ਵਿੱਚ ਸ਼ਹੀਦ ਹੋਏ ਸਨ ਜਦਕਿ ਪਤਾ ਲੱਗਣ ਤੇ ਭਾਈ ਲੱਖੀ ਸ਼ਾਹ ਵਣਜਾਰੇ ਨੂੰ ਟੱਬਰ ਸਮੇਤ ਜਾਲਮ ਵਲੋਂ ਖਤਮ ਕਰ ਦਿੱਤਾ ਗਿਆ ॥

ਧਾਰਮਿਕ ਅਜਾਦੀ ਅੱਜ ਮਨੁੱਖ ਦੇ ਮੁੱਢਲੇ ਅਧਿਕਾਰਾਂ ਵਿੱਚ ਆ ਚੁੱਕੀ ਹੈ। ਯੂ.ਐਨ.ਓ. ਵਲੋਂ ਮਨੁੱਖੀ ਅਧਿਕਾਰ ਦਿਵਸ ਵੀ ਮਨਾਇਆ ਜਾ ਰਿਹਾ ਹੈ। ਪਰ ਇਹ ਸਾਡੀ ਅਕ੍ਰਿਤਘਣਤਾ ਅਤੇ ਨਾਲਾਇਕੀ ਹੀ ਕਹਾਏਗੀ ਕਿ ਅਸੀਂ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਨੂੰ ਫ਼ਤ੍ਰੋਟ;ਮਨੁੱਖੀ ਅਧਿਕਾਰ ਦਿਵਸਫ਼ਤ੍ਰੋਟ; ਦੇ ਰੂਪ ਵਿਚ ਲਾਗੂ ਨਹੀਂ ਕਰਵਾ ਸਕੇ ???? ਵਾਹਿਗੁਰੂ ਜੀ ਸਾਡੀ ਕੌਮ ਨੂੰ ਸੁਮੱਤ ਬਖਸ਼ਣ ਅਤੇ ਅਸੀਂ ਗੁਰੂ ਜੀ ਤੋਂ ਨਿਮਰਤਾ, ਅਹਿੰਸਾ, ਪ੍ਰੇਮ, ਜ਼ੁਲਮ ਵਿਰੁੱਧ ਖੜ੍ਹਨ ਅਤੇ ਲੜ੍ਹਨ ਦੀ ਜਾਚ ਸਿੱਖ ਸਕੀਏ। ਅਤੇ ਗੁਰੂ ਜੀ ਦੀ ਬਾਣੀ ਵਿੱਚ ਬਿਆਨ ਕੀਤੇ ਅਨੁਸਾਰ --

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥......(ਪੰਨਾ 1427, ਸਲੋਕ ਮਹਲਾ 9) ਦੇ ਧਾਰਨੀ ਹੋ ਕੇ ਨਿਰਭਉ ਅਤੇ ਨਿਰਵੈਰ ਸਮਾਜ ਦੀ ਸਿਰਜਣਾ ਕਰ ਸਕੀਏ।

# ਸਿਨਰ ਨੇ ਏ ਟੀ ਪੀ ਫਾਈਨਲਜ਼ ਖ਼ਿਤਾਬ ਜਿੱਤਿਆ

## ਫਾਈਨਲ 'ਚ ਅਲਕਰਾਜ਼ ਨੂੰ 7-6, 7-5 ਨਾਲ ਹਰਾਇਆ



ਵਿਸ਼ਵ ਦੇ ਦੂਜੇ ਨੰਬਰ ਦੇ ਖਿਡਾਰੀ ਯਾਨਿਕ ਸਿਨਰ ਨੇ ਆਪਣੇ ਰਵਾਇਤੀ ਵਿਰੋਧੀ ਕਾਰਲੋਸ ਅਲਕਰਾਜ਼ ਨੂੰ 7-6 (4), 7-5 ਨਾਲ ਹਰਾ ਕੇ ਏ ਟੀ ਪੀ ਫਾਈਨਲਜ਼ ਟੈਨਿਸ ਟੂਰਨਾਮੈਂਟ ਦਾ ਖ਼ਿਤਾਬ ਬਰਕਰਾਰ ਰੱਖਿਆ ਹੈ। ਇਹ ਇਸ ਸਾਲ ਪੁਰਸ਼ ਟੈਨਿਸ ਵਿੱਚ ਦਬਦਬਾ ਬਣਾ ਕੇ ਰੱਖਣ ਵਾਲੇ ਇਨ੍ਹਾਂ ਦੋਵਾਂ ਖਿਡਾਰੀਆਂ ਦਰਮਿਆਨ ਛੇਵੀਂ ਟੱਕਰ ਸੀ। ਇਟਲੀ ਦੇ ਸਿਨਰ ਨੇ ਆਪਣੇ ਘਰੇਲੂ ਪ੍ਰਸ਼ੰਸਕਾਂ ਸਾਹਮਣੇ ਖ਼ਿਤਾਬ ਦਾ ਬਚਾਅ ਕਰਦਿਆਂ ਇਸ ਸਾਲ ਅਲਕਰਾਜ਼ 'ਤੇ ਦੂਜੀ ਵਾਰ ਜਿੱਤ ਦਰਜ ਕੀਤੀ। ਉਸਨੇ ਪਹਿਲਾਂ ਵਿੰਬਲਡਨ ਫਾਈਨਲ ਵਿੱਚ ਸਪੇਨਿਸ਼ ਖਿਡਾਰੀ ਨੂੰ ਸ਼ਿਕਸਤ ਦਿੱਤੀ ਸੀ। ਇਸ ਸਾਲ ਦੋ ਗਰੈਂਡ ਸਲੈਮ ਖਿਤਾਬ ਜਿੱਤਣ ਵਾਲੇ ਸਿਨਰ ਨੇ ਕਿਹਾ, ''ਇਹ ਸ਼ਾਨਦਾਰ ਸੀਜ਼ਨ ਰਿਹਾ। ਆਪਣੇ ਇਤਾਲਵੀ ਪ੍ਰਸ਼ੰਸਕਾਂ ਸਾਹਮਣੇ ਇਸ ਨੂੰ ਅਜਿਹੇ ਢੰਗ ਨਾਲ ਖਤਮ ਕਰਨਾ ਮੇਰੇ ਲਈ ਕਾਫ਼ੀ ਖ਼ਾਸ ਹੈ।''

ਅਲਕਰਾਜ਼ ਸਾਲ ਦੇ ਅਖ਼ੀਰ ਵਿੱਚ ਪਹਿਲਾਂ ਹੀ ਵਿਸ਼ਵ ਦੇ ਅੱਵਲ ਨੰਬਰ ਦੀ ਦਰਜਾਬੰਦੀ ਹਾਸਲ ਕਰ ਚੁੱਕਾ ਹੈ। ਉਹ ਸਾਲ ਦੇ ਸਿਖਰਲੇ ਅੱਠ ਖਿਡਾਰੀਆਂ ਦਰਮਿਆਨ ਖੇਡੇ ਗਏ ਇਸ ਟੂਰਨਾਮੈਂਟ ਵਿੱਚ ਆਪਣਾ ਪਹਿਲਾ ਫਾਈਨਲ ਖੇਡ ਰਿਹਾ ਸੀ। ਅਲਕਰਾਜ਼ ਹਾਲੇ ਵੀ ਸਿਨਰ ਨਾਲ ਆਪਣੇ ਕਰੀਅਰ ਮੁਕਾਬਲਿਆਂ ਵਿੱਚ 10-6 ਨਾਲ ਅੱਗੇ ਹੈ। ਇਹ ਦੋਵੇਂ ਖਿਡਾਰੀ ਪਿਛਲੇ ਤਿੰਨ ਗਰੈਂਡ ਸਲੈਮ ਫਾਈਨਲ ਵਿੱਚ ਆਹਮੋ-ਸਾਹਮਣੇ ਰਹਿ ਚੁੱਕੇ ਹਨ। ਅਲਕਰਾਜ਼ ਨੇ ਸਿਨਰ ਨੂੰ ਪੰਜਵੇਂ ਸੈੱਟ ਦੇ ਟਾਈਬ੍ਰੇਕਰ ਵਿੱਚ ਹਰਾ ਕੇ ਫਰੈਂਚ ਓਪਨ ਜਿੱਤਿਆ ਸੀ। ਸਿਨਰ ਨੇ ਵਿੰਬਲਡਨ ਵਿੱਚ ਬਦਲਾ ਲੈ ਲਿਆ ਸੀ। ਅਲਕਰਾਜ਼ ਨੇ ਕਿਹਾ, ''ਮੈਨੂੰ ਉਮੀਦ ਹੈ ਕਿ ਤੁਸੀਂ (ਸਿਨਰ) ਅਗਲੇ ਸਾਲ ਲਈ ਤਿਆਰ ਰਹੋਗੇ ਕਿਉਂਕਿ ਮੈਂ ਤੁਹਾਡੇ ਖ਼ਿਲਾਫ਼ ਹੋਰ ਫਾਈਨਲ ਖੇਡਣ ਲਈ ਤਿਆਰ ਰਹਾਂਗਾ।'' ਇਸ ਦੌਰਾਨ ਹੈਰੀ ਹੈਲੀਓਵਾਰਾ ਤੇ ਹੈਨਰੀ ਪੈਟਨ ਨੇ ਡਬਲਜ਼ ਦੇ ਫਾਈਨਲ ਵਿੱਚ ਜੋਅ ਸੈਲਿਸਬਰੀ ਤੇ ਨੀਲ ਸਕੁਪਸਕਾਈ ਦੀ ਜੋੜੀ ਨੂੰ 7-5, 6-3 ਨਾਲ ਹਰਾਇਆ।

# ਅਗਲੇ ਸਾਲ 48 ਫੁੱਟਬਾਲ ਟੀਮਾਂ ਵਿਸ਼ਵ ਕੱਪ ਖੇਡਣਗੀਆਂ

## ਪੁਰਤਗਾਲ ਤੇ ਨਾਰਵੇ ਨੇ ਆਸਾਨ ਜਿੱਤਾਂ ਨਾਲ ਕੁਆਲੀਫਾਈ ਕੀਤਾ



ਪੁਰਤਗਾਲ ਅਤੇ ਨਾਰਵੇ ਨੇ ਆਸਾਨ ਜਿੱਤਾਂ ਨਾਲ ਅਗਲੇ ਸਾਲ ਹੋਣ ਵਾਲੇ ਵਿਸ਼ਵ ਕੱਪ ਫੁਟਬਾਲ ਟੂਰਨਾਮੈਂਟ ਲਈ ਕੁਆਲੀਫਾਈ ਕਰ ਲਿਆ ਹੈ। ਅਮਰੀਕਾ, ਮੈਕਸਿਕੋ ਅਤੇ ਕੈਨੇਡਾ ਦੀ ਸਾਂਝੀ ਮੇਜ਼ਬਾਨੀ ਵਿੱਚ ਹੋਣ ਵਾਲੇ ਵਿਸ਼ਵ ਕੱਪ-2026 ਵਿੱਚ ਰਿਕਾਰਡ 48 ਟੀਮਾਂ ਹਿੱਸਾ ਲੈਣਗੀਆਂ। ਪੁਰਤਗਾਲ ਨੇ ਆਪਣੇ ਸਟਾਰ ਸਟ੍ਰਾਈਕਰ ਕ੍ਰਿਸਟੀਆਨੋ ਰੋਨਾਲਡੋ ਦੀ ਗ਼ੈਰ-ਮੌਜੂਦਗੀ ਦੇ ਬਾਵਜੂਦ ਅਰਮੇਨੀਆ ਨੂੰ 9-1 ਨਾਲ ਹਰਾਇਆ, ਜਿਸ ਨਾਲ ਇਸ ਮਹਾਨ ਫੁਟਬਾਲਰ ਨੂੰ ਰਿਕਾਰਡ ਛੇਵੀਂ ਵਾਰ ਵਿਸ਼ਵ ਕੱਪ ਵਿੱਚ ਖੇਡਣ ਦਾ ਮੌਕਾ ਮਿਲਿਆ। ਰੋਨਾਲਡੋ ਮੁਅੱਤਲੀ ਕਾਰਨ ਇਸ ਮੈਚ ਵਿੱਚ ਨਹੀਂ ਖੇਡ ਸਕਿਆ। ਨਾਰਵੇ ਨੇ ਵਿਸ਼ਵ ਕੱਪ ਦੇ ਚਾਰ ਵਾਰ ਚੈਂਪੀਅਨ ਰਹੇ ਇਟਲੀ ਨੂੰ 4-1 ਨਾਲ ਸ਼ਿਕਸਤ ਦਿੱਤੀ। ਕੁੱਲ 43 ਟੀਮਾਂ ਮਹਾਂਦੀਪੀ ਕੁਆਲੀਫਾਈਂਗ ਟੂਰਨਾਮੈਂਟਾਂ ਰਾਹੀਂ ਵਿਸ਼ਵ ਕੱਪ ਲਈ ਕੁਆਲੀਫਾਈ ਕਰਨਗੀਆਂ। ਬਾਕੀ ਦੋ ਟੀਮਾਂ ਮਾਰਚ ਵਿੱਚ ਮੈਕਸਿਕੋ ਵਿੱਚ ਹੋਣ ਵਾਲੇ ਛੇ ਟੀਮਾਂ ਦੇ ਅੰਤਰ-ਮਹਾਂਦੀਪੀ ਪਲੇਆਫ ਰਾਹੀਂ ਆਪਣੀ ਥਾਂ ਪੱਕੀ ਕਰਨਗੀਆਂ। ਤਿੰਨ ਮੇਜ਼ਬਾਨ ਦੇਸ਼ ਅਮਰੀਕਾ, ਮੈਕਸਿਕੋ ਅਤੇ ਕੈਨੇਡਾ ਪਹਿਲਾਂ ਹੀ ਵਿਸ਼ਵ ਕੱਪ ਵਿੱਚ ਆਪਣੀ ਥਾਂ ਬਣਾ ਚੁੱਕੇ ਹਨ।

# ਔਰਤਾਂ ਲਈ ਸੁਰੱਖਿਆ ਕਵਚ ਬਣੀ ਕਰਾਟੇ ਕ੍ਰਾਂਤੀ



ਮਾਰਸ਼ਲ ਆਰਟ ਦੇ ਖੇਤਰ ਵਿੱਚ ਭਾਰਤ ਦੀਆਂ ਸਭ ਤੋਂ ਸਤਿਕਾਰਤ ਹਸਤੀਆਂ ਵਿੱਚ ਸ਼ਾਮਲ ਕਰਾਟੇ ਇੰਡੀਆ ਸੰਗਠਨ ਦੇ ਪ੍ਰਧਾਨ ਪ੍ਰੇਮਜੀਤ ਸੇਨ ਨੇ ਚੁੱਪ-ਚਪੀਤੇ ਤੇ ਫ਼ੈਸਲਾਕੁਨ ਢੰਗ ਨਾਲ ਔਰਤਾਂ ਦੀ ਸੁਰੱਖਿਆ ਨਾਲ ਜੁੜੇ ਬਿਰਤਾਂਤ ਨੂੰ ਨਵਾਂ ਰੂਪ ਦਿੱਤਾ ਹੈ। ਕਰਾਟੇ ਡੂ ਐਸੋਸੀਏਸ਼ਨ ਆਫ ਬੰਗਾਲ ਦੇ ਪ੍ਰਧਾਨ ਨੇ ਮੁਕਾਬਲੇ ਦੀ ਥਾਂ ਕਰਾਟੇ ਨੂੰ ਜ਼ਿੰਦਗੀ ਦਾ ਹਿੱਸਾ ਬਣਾ ਦਿੱਤਾ, ਜਿਸ ਨਾਲ ਬੰਗਾਲ ਦੀਆਂ ਹਜ਼ਾਰਾਂ ਔਰਤਾਂ ਵਿੱਚ ਹਿੰਮਤ ਅਤੇ ਆਤਮ-ਵਿਸ਼ਵਾਸ ਪੈਦਾ ਹੋ ਰਿਹਾ ਹੈ।

ਸੇਨ ਸਵੈ-ਰੱਖਿਆ ਨੂੰ ਸਿਰਫ਼ ਰਸਮੀ ਕਾਰਵਾਈ ਨਹੀਂ ਮੰਨਦੇ। ਸਕੂਲਾਂ, ਕਾਲਜਾਂ, ਪੁਲੀਸ ਵਿਭਾਗਾਂ ਅਤੇ ਸੂਬੇ ਦੀਆਂ ਹੋਰ ਸੰਸਥਾਵਾਂ ਨਾਲ ਮਿਲ ਕੇ ਲਾਈਆਂ ਜਾਂਦੀਆਂ ਵਰਕਸ਼ਾਪਾਂ ਵਿੱਚ ਉਹ ਔਰਤਾਂ ਨੂੰ ਉਨ੍ਹਾਂ ਅਸਲ ਖ਼ਤਰਿਆਂ ਲਈ ਤਿਆਰ ਕਰਦੇ ਹਨ, ਜਿਨ੍ਹਾਂ ਦਾ ਉਹ ਹਰ ਰੋਜ਼ ਸਾਹਮਣਾ ਕਰਦੀਆਂ ਹਨ। ਵਰਕਸ਼ਾਪ ਵਿੱਚ ਹਿੱਸਾ ਲੈਣ ਵਾਲੀਆਂ ਔਰਤਾਂ ਸਿਰਫ਼ ਤਕਨੀਕ ਹੀ ਨਹੀਂ, ਸਗੋਂ ਸੂਝ-ਬੂਝ ਵੀ ਸਿਖਦੀਆਂ ਹਨ; ਇਸ ਵਿੱਚ ਖ਼ਤਰੇ ਨੂੰ ਭਾਂਪਣਾ, ਬਿਨਾਂ ਘਬਰਾਏ ਪ੍ਰਤੀਕਿਰਿਆ ਦੇਣਾ ਅਤੇ ਖ਼ੁਦ 'ਤੇ ਕਾਬੂ ਪਾਉਣਾ ਸ਼ਾਮਲ ਹੈ। ਕਈ ਮੁਟਿਆਰ ਕੁੜੀਆਂ ਇਨ੍ਹਾਂ ਸੈਸ਼ਨਾਂ ਨੂੰ ਮੁਕਤੀ ਤੇ ਖ਼ੁਦ ਨੂੰ ਮਜ਼ਬੂਤ ਬਣਾਉਣ ਵਜੋਂ ਦੇਖਦੀਆਂ ਹਨ। ਹਾਲਾਂਕਿ, ਸੇਨ ਦੇ ਫਲਸਫੇ ਵਿੱਚ ਅਨੁਸ਼ਾਸਨ (ਡਿਸਿਪਲਿਨ), ਦ੍ਰਿੜਤਾ (ਡਿਟਰਮੀਨੇਸ਼ਨ) ਅਤੇ ਲਗਨ (ਡਿਵੋਸ਼ਨ) ਹਨ, ਜਿਸ ਨੂੰ ਉਹ ਤਿੰਨ 'ਡੀ' ਆਖਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਚੀਜ਼ਾਂ ਕਿਸੇ ਵਿਅਕਤੀ ਨੂੰ ਉਸ ਦੇ ਪਹਿਲੇ ਹਮਲੇ ਜਾਂ ਰੁਖ਼ ਤੋਂ ਕਾਫ਼ੀ ਪਹਿਲਾਂ ਹੀ ਆਕਾਰ ਦੇ ਦਿੰਦੀਆਂ ਹਨ। ਉਹ ਅਕਸਰ ਕਹਿੰਦੇ ਹਨ, ''ਅਸਲੀ ਦੁਸ਼ਮਣ ਉਹ ਡਰ ਹੈ, ਜੋ ਸਾਡੇ ਅੰਦਰ ਹੈ।'' ਉਨ੍ਹਾਂ ਦਾ ਕਹਿਣਾ ਹੈ ਕਿ ਕਰਾਟੇ ਡਰ ਦਾ ਸਾਹਮਣਾ ਕਰਨ, ਸ਼ੰਕਾ ਦੂਰ ਕਰਨ ਅਤੇ ਅੰਦਰੂਨੀ ਮਜ਼ਬੂਤੀ ਕਾਇਮ ਰੱਖਣ ਲਈ ਸਹਾਈ ਹਨ ਜਿਸ ਨਾਲ ਜੀਵਨ ਦਾ ਹਰ ਪਹਿਲੂ ਪ੍ਰਭਾਵਿਤ ਹੁੰਦਾ ਹੈ।

# ਨਿਸ਼ਾਨੇਬਾਜ਼ ਗੁਰਪ੍ਰੀਤ ਨੇ ਚਾਂਦੀ ਦਾ ਤਗ਼ਮਾ ਫੁੰਡਿਆ

## ਭਾਰਤ ਵਿਸ਼ਵ ਚੈਂਪੀਅਨਸ਼ਿਪ 'ਚ ਤੀਸਰੇ ਸਥਾਨ 'ਤੇ ਰਿਹਾ



ਓਲੰਪੀਅਨ ਗੁਰਪ੍ਰੀਤ ਸਿੰਘ ਨੇ ਨਿਸ਼ਾਨੇਬਾਜ਼ੀ ਵਿਸ਼ਵ ਚੈਂਪੀਅਨਸ਼ਿਪ ਦੇ ਪੁਰਸ਼ਾਂ ਦੇ 25 ਮੀਟਰ ਸੈਂਟਰ ਫਾਇਰ ਪਿਸਟਲ ਮੁਕਾਬਲੇ ਵਿੱਚ ਚਾਂਦੀ ਦਾ ਤਗ਼ਮਾ ਜਿੱਤਿਆ। ਉਹ ਵਿਸ਼ਵ ਚੈਂਪੀਅਨ ਬਣਨ ਦੇ ਬਹੁਤ ਨੇੜੇ ਸੀ, ਪਰ ਇੱਥੇ ਓਲੰਪਿਕ ਨਿਸ਼ਾਨੇਬਾਜ਼ੀ ਰੇਂਜ ਵਿੱਚ ਯੂਕਰੇਨ ਦੇ ਪਾਵਲੋ ਕੋਰੋਸਟਾਈਲੋਵ ਤੋਂ ਤਕਨੀਕੀ ਅਧਾਰ 'ਤੇ ਹਾਰ ਗਿਆ। ਗੁਰਪ੍ਰੀਤ ਦਾ ਵਿਸ਼ਵ ਚੈਂਪੀਅਨਸ਼ਿਪ ਵਿੱਚ ਇਹ ਦੂਸਰਾ ਵਿਅਕਤੀਗਤ ਤਗ਼ਮਾ ਹੈ। ਉਸ ਨੇ ਇਸ ਤੋਂ ਪਹਿਲਾਂ 2018 ਵਿੱਚ ਚਾਂਗਵੋਨ ਵਿੱਚ 25 ਮੀਟਰ ਸਟੈਂਡਰਡ ਪਿਸਟਲ ਮੁਕਾਬਲੇ ਵਿੱਚ ਚਾਂਦੀ ਦਾ ਤਗ਼ਮਾ ਜਿੱਤਿਆ ਸੀ। ਭਾਰਤ ਤਿੰਨ ਸੋਨੇ, ਛੇ ਚਾਂਦੀ ਅਤੇ ਚਾਰ ਕਾਂਸੀ ਦੇ ਤਗ਼ਮਿਆਂ ਸਮੇਤ ਕੁੱਲ 13 ਤਗ਼ਮਿਆਂ ਨਾਲ ਤੀਜੇ ਸਥਾਨ 'ਤੇ ਰਿਹਾ। ਚੀਨ 12 ਸੋਨੇ, ਸੱਤ ਚਾਂਦੀ ਤੇ ਦੋ ਕਾਂਸੀ ਸਮੇਤ ਕੁੱਲ 21 ਤਗ਼ਮਿਆਂ ਨਾਲ ਪਹਿਲੇ ਅਤੇ ਦੱਖਣੀ ਕੋਰੀਆ ਸੱਤ ਸੋਨੇ, ਤਿੰਨ ਚਾਂਦੀ ਤੇ ਚਾਰ ਕਾਂਸੀ ਦੇ ਤਗ਼ਮਿਆਂ ਨਾਲ ਦੂਜੇ ਸਥਾਨ 'ਤੇ ਰਿਹਾ। ਭਾਰਤ ਲਈ ਸਮਰਾਟ ਰਾਣਾ (10 ਮੀਟਰ ਏਅਰ ਪਿਸਟਲ) ਤੇ ਰਵਿੰਦਰ ਸਿੰਘ (50 ਮੀਟਰ ਸਟੈਂਡਰਡ ਪਿਸਟਲ ਤੇ 10 ਮੀਟਰ ਏਅਰ ਪਿਸਟਲ ਟੀਮ) ਨੇ ਸੋਨ ਤਗ਼ਮੇ ਜਿੱਤੇ। ਐਸ਼ਵਰਿਆ ਪ੍ਰਤਾਪ ਸਿੰਘ ਤੋਮਰ (50 ਮੀਟਰ ਰਾਈਫਲ 3 ਪੁਜ਼ੀਸ਼ਨ ਪੁਰਸ਼), ਅਨੀਸ਼ ਭਾਨਵਾਲਾ (25 ਮੀਟਰ ਰੈਪਿਡ ਫਾਇਰ ਪਿਸਟਲ), ਗੁਰਪ੍ਰੀਤ ਸਿੰਘ (25 ਮੀਟਰ ਸੈਂਟਰ ਫਾਇਰ ਪਿਸਟਲ), ਈਸ਼ਾ ਸਿੰਘ ਅਤੇ ਸਮਰਾਟ ਰਾਣਾ (10 ਮੀਟਰ ਏਅਰ ਪਿਸਟਲ ਮਿਕਸਡ ਟੀਮ, 10 ਮੀਟਰ ਮਹਿਲਾ ਏਅਰ ਪਿਸਟਲ ਟੀਮ ਤੇ 50 ਮੀਟਰ ਪੁਰਸ਼ ਸਟੈਂਡਰਡ ਪਿਸਟਲ ਟੀਮ) ਨੇ ਚਾਂਦੀ ਦੇ ਤਗ਼ਮੇ ਜਿੱਤੇ। ਈਸ਼ਾ, ਇਲਾਵੈਨਿਲ ਵਲਾਰੀਵਨ, ਵਰੁਣ ਤੋਮਰ ਦੀ ਟੀਮ ਨੇ ਭਾਰਤ ਲਈ ਕਾਂਸੀ ਦੇ ਤਗ਼ਮੇ ਜਿੱਤੇ।

# ਭਾਰਤ ਦੀ ਧਰਤੀ 'ਤੇ ਦੱਖਣੀ ਅਫਰੀਕਾ ਨੇ 15 ਸਾਲ ਬਾਅਦ ਜਿੱਤਿਆ ਟੈਸਟ ਮੈਚ



ਕੋਲਕਾਤਾ: ਦੱਖਣੀ ਅਫਰੀਕਾ ਨੇ ਕੋਲਕਾਤਾ 'ਚ ਪਹਿਲੇ ਟੈਸਟ ਕ੍ਰਿਕਟ ਮੈਚ ਵਿੱਚ ਤੀਜੇ ਦਿਨ ਭਾਰਤ ਨੂੰ 30 ਦੌੜਾਂ ਨਾਲ ਹਰਾ ਦਿੱਤਾ। ਭਾਰਤ ਦੀ ਧਰਤੀ 'ਤੇ ਦੱਖਣੀ ਅਫਰੀਕਾ ਨੇ 15 ਸਾਲ ਬਾਅਦ ਟੈਸਟ ਮੈਚ ਵਿੱਚ ਜਿੱਤ ਹਾਸਲ ਕੀਤੀ ਹੈ। ਦੱਖਣੀ ਅਫਰੀਕਾ ਨੇ 2 ਮੈਚਾਂ ਦੀ ਲੜੀ ਵਿੱਚ 1-0 ਦੀ ਬੜ੍ਹਤ ਬਣਾ ਲਈ ਹੈ। 124 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਭਾਰਤ ਦੀ ਟੀਮ 35 ਓਵਰਾਂ ਵਿੱਚ 93 ਦੌੜਾਂ ਬਣਾ ਕੇ ਆਊਟ ਹੋ ਗਈ।

ਕਪਤਾਨ ਸ਼ੁਭਮਨ ਗਿੱਲ ਗਰਦਨ ਦੀ ਸੱਟ ਕਾਰਨ ਬੱਲੇਬਾਜ਼ੀ ਲਈ ਨਹੀਂ ਉਤਰੇ। ਭਾਰਤ ਵੱਲੋਂ ਵਾਸ਼ਿੰਗਟਨ ਸੁੰਦਰ ਨੇ ਸਭ ਤੋਂ ਵੱਧ 31 ਦੌੜਾਂ ਬਣਾਈਆਂ। ਦੱਖਣੀ ਅਫ਼ਰੀਕਾ ਲਈ ਆਫ ਸਪਿਨਰ ਸਾਈਮਨ ਹਾਰਮਰ ਨੇ 4 ਵਿਕਟਾਂ ਹਾਸਲ ਕੀਤੀਆਂ।

ਇਸ ਤੋਂ ਪਹਿਲਾਂ ਦੱਖਣੀ ਅਫ਼ਰੀਕਾ ਦੀ ਟੀਮ ਦੂਜੀ ਪਾਰੀ ਵਿੱਚ 153 ਦੌੜਾਂ ਬਣਾ ਕੇ ਆਊਟ ਹੋ ਗਈ ਅਤੇ 123 ਦੌੜਾਂ ਦੀ ਬੜ੍ਹਤ ਹਾਸਲ ਕੀਤੀ। ਕਪਤਾਨ ਤੇਂਬਾ ਬਾਵੂਮਾ ਨੇ ਨਾਬਾਦ 55 ਦੌੜਾਂ ਬਣਾਈਆਂ। ਭਾਰਤ ਵੱਲੋਂ ਰਵਿੰਦਰ ਜਡੇਜਾ ਨੇ ਚਾਰ ਵਿਕਟਾਂ ਹਾਸਲ ਕੀਤੀਆਂ। ਦੱਖਣੀ ਅਫ਼ਰੀਕਾ ਨੇ ਆਪਣੀ ਪਹਿਲੀ ਪਾਰੀ ਵਿੱਚ 159 ਦੌੜਾਂ ਬਣਾਈਆਂ ਸਨ, ਜਿਸ ਦੇ ਜਵਾਬ ਵਿੱਚ ਭਾਰਤ ਨੇ 189 ਦੌੜਾਂ ਬਣਾ ਕੇ 30 ਦੌੜਾਂ ਦੀ ਬੜ੍ਹਤ ਹਾਸਲ ਕੀਤੀ ਸੀ।

# ਰੋਨਾਲਡੋ ਨੇ ਕੀਤਾ ਸੰਨਿਆਸ ਦਾ ਐਲਾਨ!

## ਜਾਣੋ ਕਦੋਂ ਖੇਡੇਗਾ ਆਖ਼ਰੀ ਮੁਕਾਬਲਾ



ਕ੍ਰਿਸਟੀਆਨੋ ਰੋਨਾਲਡੋ ਨੇ ਐਲਾਨ ਕੀਤਾ ਹੈ ਕਿ 2026 ਫੀਫਾ ਵਰਲਡ ਕੱਪ ਸੰਭਾਵਤ ਤੌਰ 'ਤੇ ਰਿਟਾਇਰਮੈਂਟ ਤੋਂ ਪਹਿਲਾਂ ਉਸਦਾ ਆਖਰੀ ਵੱਡਾ ਟੂਰਨਾਮੈਂਟ ਹੋਵੇਗਾ। ਪੁਰਤਗਾਲੀ ਫਾਰਵਰਡ, ਜਿਸਨੇ ਹਾਲ ਹੀ ਵਿੱਚ ਅਲ-ਨਾਸਰ ਨਾਲ ਆਪਣਾ ਇਕਰਾਰਨਾਮਾ 2027 ਤੱਕ ਵਧਾ ਦਿੱਤਾ ਹੈ, ਕਹਿੰਦਾ ਹੈ ਕਿ ਉਹ ਆਪਣੇ ਪਰਿਵਾਰ ਨਾਲ ਵਧੇਰੇ ਸਮਾਂ ਬਿਤਾਉਣ ਲਈ ਅਗਲੇ "ਇੱਕ ਜਾਂ ਦੋ ਸਾਲਾਂ" ਵਿੱਚ ਸੰਨਿਆਸ ਲੈਣ ਦੀ ਯੋਜਨਾ ਬਣਾ ਰਿਹਾ ਹੈ।40 ਸਾਲ ਦੀ ਉਮਰ ਵਿੱਚ, ਰੋਨਾਲਡੋ ਚੋਟੀ ਦੇ ਪੱਧਰ 'ਤੇ ਪ੍ਰਦਰਸ਼ਨ ਕਰਨਾ ਜਾਰੀ ਰੱਖਦਾ ਹੈ, ਗੋਲ ਕਰਦਾ ਹੈ ਅਤੇ ਮੈਦਾਨ 'ਤੇ ਤੇਜ਼ ਰਹਿੰਦਾ ਹੈ। ਉਸਨੇ 25 ਸਾਲਾਂ ਦੇ ਪੇਸ਼ੇਵਰ ਫੁੱਟਬਾਲ ਤੋਂ ਬਾਅਦ ਵੀ ਖੇਡ ਪ੍ਰਤੀ ਆਪਣੇ ਪਿਆਰ ਨੂੰ ਉਜਾਗਰ ਕਰਦੇ ਹੋਏ ਕਿਹਾ, "ਮੈਂ ਇਸ ਸਮੇਂ ਸੱਚਮੁੱਚ ਇਸ ਪਲ ਦਾ ਆਨੰਦ ਮਾਣ ਰਿਹਾ ਹਾਂ।"

ਰੋਨਾਲਡੋ ਨੇ ਆਪਣੀ ਵਿਰਾਸਤ ਬਾਰੇ ਵੀ ਗੱਲ ਕੀਤੀ ਤੇ ਕਿਹਾ ਕਿ ਉਸਨੇ ਫੁੱਟਬਾਲ ਵਿੱਚ ਲਗਭਗ ਹਰ ਚੀਜ਼ ਪ੍ਰਾਪਤ ਕੀਤੀ ਹੈ, ਜਿਸ ਵਿੱਚ ਪੁਰਤਗਾਲ ਲਈ 950 ਤੋਂ ਵੱਧ ਕਰੀਅਰ ਗੋਲ ਅਤੇ 143 ਅੰਤਰਰਾਸ਼ਟਰੀ ਗੋਲ ਸ਼ਾਮਲ ਹਨ। ਉਸਨੇ ਕਿਹਾ ਕਿ ਉਸਨੂੰ ਆਪਣੀ ਯਾਤਰਾ 'ਤੇ ਮਾਣ ਹੈ ਅਤੇ ਰਿਟਾਇਰਮੈਂਟ ਤੋਂ ਪਹਿਲਾਂ ਹਰ ਪਲ ਦਾ ਆਨੰਦ ਲੈਣਾ ਚਾਹੁੰਦਾ ਹੈ। ਫੁੱਟਬਾਲ ਦੇ ਦਿੱਗਜ ਨੇ ਆਪਣੇ ਪੁੱਤਰ, ਕ੍ਰਿਸਟੀਆਨੋ ਜੂਨੀਅਰ ਬਾਰੇ ਵੀ ਵਿਚਾਰ ਸਾਂਝੇ ਕੀਤੇ, ਜੋ ਪੁਰਤਗਾਲ ਅੰਡਰ-16 ਟੀਮ ਵਿੱਚ ਉਸਦੇ ਨਕਸ਼ੇ ਕਦਮਾਂ 'ਤੇ ਚੱਲ ਰਿਹਾ ਹੈ। ਰੋਨਾਲਡੋ ਨੇ ਉਮੀਦ ਜ਼ਾਹਰ ਕੀਤੀ ਕਿ ਉਸਦਾ ਪੁੱਤਰ ਖੁਸ਼ ਅਤੇ ਬਿਨਾਂ ਕਿਸੇ ਦਬਾਅ ਦੇ ਆਪਣਾ ਰਸਤਾ ਅਪਣਾਉਣ ਲਈ ਆਜ਼ਾਦ ਹੋਵੇਗਾ, ਇਹ ਕਹਿੰਦੇ ਹੋਏ, "ਮੈਂ ਚਾਹੁੰਦਾ ਹਾਂ ਕਿ ਮੇਰੇ ਬੱਚੇ ਮੇਰੇ ਨਾਲੋਂ ਬਿਹਤਰ ਹੋਣ।" ਰੋਨਾਲਡੋ ਦਾ ਸੰਯੁਕਤ ਰਾਜ, ਕੈਨੇਡਾ ਅਤੇ ਮੈਕਸੀਕੋ ਵਿੱਚ 2026 ਵਰਲਡ ਕੱਪ ਵਿੱਚ ਮੌਜੂਦਗੀ ਅੰਤਰਰਾਸ਼ਟਰੀ ਮੰਚ ਤੋਂ ਇੱਕ ਇਤਿਹਾਸਕ ਵਿਦਾਈ ਹੋਣ ਦੀ ਉਮੀਦ ਹੈ, ਜੋ ਫੁੱਟਬਾਲ ਇਤਿਹਾਸ ਦੇ ਇੱਕ ਯੁੱਗ ਦੇ ਅੰਤ ਹੋਵੇਗਾ।

# ਡੈੱਫ ਓਲੰਪਿਕ : ਏਅਰ ਪਿਸਟਲ 'ਚ ਅਨੁਯਾ ਨੇ ਸੋਨ ਤੇ ਪ੍ਰਾਂਜਲੀ ਨੇ ਚਾਂਦੀ ਜਿੱਤੀ



ਨਵੀਂ ਦਿੱਲੀ- ਟੋਕੀਓ ਵਿਚ ਚੱਲ ਰਹੀਆਂ ਡੈੱਫ ਓਲੰਪਿਕ ਖੇਡਾਂ ਵਿਚ ਸੋਮਵਾਰ ਨੂੰ ਨੌਜਵਾਨ ਅਨੁਯਾ ਪ੍ਰਸਾਦ ਅਤੇ ਪ੍ਰਾਂਜਲੀ ਪ੍ਰਸ਼ਾਂਤ ਧੂਮਲ ਨੇ ਮਹਿਲਾਵਾਂ ਦੇ 10 ਮੀਟਰ ਏਅਰ ਪਿਸਟਲ ਮੁਕਾਬਲੇ ਵਿਚ ਕ੍ਰਮਵਾਰ ਸੋਨ ਅਤੇ ਚਾਂਦੀ ਦੇ ਤਗਮੇ ਜਿੱਤੇ। ਅਨੁਯਾ ਨੇ ਆਪਣੇ ਜਨਮ ਦਿਨ 'ਤੇ ਫਾਈਨਲ ਵਿਚ ਵਿਸ਼ਵ ਰਿਕਾਰਡ ਤੋੜ ਕੇ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਪ੍ਰਾਂਜਲੀ ਨੇ ਕੁਆਲੀਫਿਕੇਸ਼ਨ ਵਿਚ ਵਿਸ਼ਵ ਰਿਕਾਰਡ ਤੋੜ ਕੇ ਫਾਈਨਲ ਵਿਚ ਜਗ੍ਹਾ ਬਣਾਈ ਸੀ।

ਅਭਿਨਵ ਦੇਸਵਾਲ ਨੇ ਪੁਰਸ਼ਾਂ ਦੇ 10 ਮੀਟਰ ਏਅਰ ਪਿਸਟਲ ਵਿਚ ਕੁਆਲੀਫਿਕੇਸ਼ਨ ਵਿਸ਼ਵ ਰਿਕਾਰਡ ਦੀ ਬਰਾਬਰੀ ਕੀਤੀ ਅਤੇ ਚਾਂਦੀ ਦਾ ਤਗਮਾ ਜਿੱਤਿਆ। ਭਾਰਤ ਦੇ ਦੂਜੇ ਦਿਨ ਨਿਸ਼ਾਨੇਬਾਜ਼ੀ ਵਿਚ 7 ਤਮਗੇ ਹੋ ਗਏ ਹਨ। ਹੈਦਰਾਬਾਦ ਵਿਚ ਓਲੰਪੀਅਨ ਗਗਨ ਨਾਰੰਗ ਦੀ ਅਕੈਡਮੀ ਵਿਚ ਸਿਖਲਾਈ ਲੈਣ ਵਾਲੇ ਧਨੁਸ਼ ਸ਼੍ਰੀਕਾਂਤ ਨੇ ਐਤਵਾਰ ਨੂੰ 10 ਮੀਟਰ ਏਅਰ ਰਾਈਫਲ ਵਿਚ ਸੋਨ ਤਗਮਾ ਜਿੱਤਿਆ ਸੀ।










